ਗੁਰਮੁਖਾ ਕੇ ਮੁਖ ਉਜਲੇ

ਭਾਈ ਪਿੰਦਰਪਾਲ ਸਿੰਘ 'ਕਥਾ ਵਾਚਕ' ਦੇ ਚੋਣਵੇਂ ਲੈਕਚਰ



੧ੳ ਸਤਿਗੁਰ ਪ੍ਰਸਾਦਿ ॥

ਗੁਰਮੁਖਾ ਕੇ ਮੁਖ ਉਜਲੇ

ਭਾਈ ਪਿੰਦਰਪਾਲ ਸਿੰਘ ਜੀ 'ਕਥਾਵਾਚਕ'

ਦੇ

ਚੋਣਵੇਂ ਲੈਕਚਰ

ਸੰਪਾਦਕ

ਭਾਈ ਪਰਮਜੀਤ ਸਿੰਘ ਖਾਲਸਾ

ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ)

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ISBN : 81-7601-848-1

ਪਹਿਲੀ ਐਡੀਸ਼ਨ — ਜੂਨ 2007

ਭੇਟਾ : 80-00

ਪ੍ਰਕਾਸ਼ਕ:-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ/ਫੈਕਸ : 91-183-2542346, 2547974, 2557973

E.Mail : csjs@vsnl.com, csjsexports@vsnl.com

Web site: www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਦੋ ਸ਼ਬਦ

ਭਾਈ ਪਿੰਦਰਪਾਲ ਸਿੰਘ ਜੀ ਇਕ ਉੱਚ ਕੋਟੀ ਦੇ ਵਿਦਵਾਨ ਅਤੇ ਕਥਾ ਵਾਚਕ ਹਨ। ਉਨ੍ਹਾਂ ਦੀ ਵਿਦਵਤਾ ਉਨ੍ਹਾਂ ਦੇ ਮੁਖ ਵਿਚ ਫੁੱਲਾਂ ਵਾਂਗ ਝੜਦੀ ਹੈ। ਜਦ ਉਹ ਬੋਲਦੇ ਹਨ ਤਾਂ ਉਨ੍ਹਾਂ ਦੀ ਬੋਲਣ ਗਤੀ ਕਦੀ ਵੀ ਧੀਮੀ ਨਹੀਂ ਹੁੰਦੀ। ਅਜਿਹੇ ਵਿਦਵਾਨ ਦੀ ਅਵਾਜ਼ ਨੂੰ ਸੁਣ ਕੇ ਕਲਮਬੰਦ ਕਰਨਾ ਕੋਈ ਮਾਮੂਲੀ ਕੰਮ ਨਹੀਂ ਸੀ। ਮੈਂ ਉਨ੍ਹਾਂ ਦੀਆਂ ਟੇਪਾਂ ਨੂੰ ਬਾਰ-ਬਾਰ ਸੁਣਿਆ ਹੈ ਅਤੇ ਤਸੱਲੀ ਹੋਣ ਉੱਪਰ ਹੀ ਕਲਮਬੰਦ ਕੀਤਾ ਹੈ। ਇਸ ਪੁਸਤਕ ਵਿਚ ਮੈਂ ਉਨ੍ਹਾਂ ਦੇ ਦਸ ਲੈਕਚਰ ਇਕੱਤਰ ਕੀਤੇ ਹਨ। ਉਨ੍ਹਾਂ ਦੇ ਪਹਿਲੇ ਲੈਕਚਰ ਦਾ ਨਾਮ ਹੈ 'ਗੁਰਮੁਖਾ ਕੇ ਮੁਖ ਉਜਲੇ'। ਇਸ ਲਈ ਉਨ੍ਹਾਂ ਦੇ ਸਾਰੇ ਲੈਕਚਰਾਂ ਦੇ ਸਮੂਹ ਦਾ ਨਾਮ ਵੀ 'ਗੁਰਮੁਖਾ ਕੇ ਮੁਖ ਉਜਲੇ' ਰੱਖ ਦਿੱਤਾ ਹੈ। ਗੁਰੂ ਅਮਰਦਾਸ ਜੀ ਦੇ ਇਸ ਸਲੋਕ ਬਾਰੇ ਵਿਦਵਾਨ ਲੇਖਕ ਨੇ ਇਹ ਸਮਝਾਇਆ ਹੈ ਕਿ ਸੰਸਾਰ ਨੂੰ ਆਪਣੇ ਘੇਰੇ ਵਿਚ ਲੈਣ ਵਾਲੀ ਮਾਇਆ ਇਕ ਬਹੁਤ ਵੱਡਾ ਸੱਪ ਹੈ, ਜਿਸ ਕੁੰਡਲੀਦਾਰ ਸੱਪ ਨੇ ਹਰ ਜੀਵ ਨੂੰ ਆਪਣੇ ਘੇਰੇ ਵਿਚ ਸਮਾਇਆ ਹੋਇਆ ਹੈ। ਜੇ ਗੁਰੂ ਕਿਰਪਾ ਕਰੇ ਤਾਂ ਇਸ ਮਾਇਆ ਦੇ ਜ਼ਹਿਰ ਨੂੰ ਉਤਾਰਨ ਲਈ ਕੇਵਲ ਗੁਰੂ ਦਾ ਸ਼ਬਦ ਹੈ। ਉਨ੍ਹਾਂ ਦਾ ਦੂਸਰਾ ਲੈਕਚਰ ਹੈ 'ਲੋਭੀ ਕਾ ਵੇਸਾਹੁ ਨ ਕੀਜੈ' ਇਸ ਬਾਰੇ ਸਤਿਗੁਰੂ ਜੀ ਦੱਸਦੇ ਹਨ ਕਿ ਲੋਭੀ ਲਾਲਚੀ ਅਤੇ ਸੁਆਰਥੀ ਬੰਦੇ ਦਾ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਲੋਕ ਸਦਾ ਵਿਸ਼ਵਾਸਘਾਤ ਕਰਦੇ ਹਨ। ਇਸ ਪ੍ਰਕਾਰ ਹੀ ਉਨ੍ਹਾਂ ਦੇ ਹੋਰ ਲੇਖ ਜਿਨ੍ਹਾਂ ਨੂੰ ਮੈਂ ਕਲਮਬੰਦ ਕੀਤਾ ਹੈ, ਉਨ੍ਹਾਂ ਵਿਚ 'ਜਨ ਨਾਨਕ ਸਦਾ ਕੁਰਬਾਣਾ' ਸ਼ਹਾਦਤ ਭਾਈ ਤਾਰੂ ਸਿੰਘ ਜੀ, ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ, ਨਾਨਕ ਬਿਨ ਨਾਵੈ ਸੁਖੁ ਨਹੀ, ਜੀਵਨ ਧੰਨ ਧੰਨ ਬਾਬਾ ਬੁੱਢਾ ਜੀ, ਵਡਭਾਗੁ ਹੋਵੈ ਸਤਿਗੁਰੁ ਮਿਲੈ, ਮਿਲ ਸੰਗਤਿ ਧੰਨਿ ਧੰਨਿ ਕਰਹੁ।

ਮੈਂ ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਭਾਈ ਪਿੰਦਰਪਾਲ ਸਿੰਘ ਆਪਣੀ ਨਿਜੀ ਰਫ਼ਤਾਰ ਉੱਪਰ ਆਪਣਾ ਲੈਕਚਰ ਬੋਲਦੇ ਹਨ, ਇਸ ਲਈ ਉਨ੍ਹਾਂ ਦੀ ਆਵਾਜ਼ ਨੂੰ ਕਲਮਬੰਦ ਕਰਨ ਲਈ ਕਈ ਪ੍ਰਕਾਰ ਦੀਆਂ ਕਠਿਨਾਈਆਂ ਪੇਸ਼ ਆਉਂਦੀਆਂ ਹਨ। ਹੋ ਸਕਦਾ ਹੈ ਮੇਰੇ ਪਾਸੋਂ ਕਈ ਲਗਾਂ ਮਾਤਰਾਂ ਰਹਿ ਗਈਆਂ ਹੋਣ, ਅਜਿਹੀ ਮੇਰੀ ਕਮਜ਼ੋਰੀ ਨੂੰ ਪਾਠਕ ਜਨ ਆਪ ਸੁਧਾਰਨ ਦੀ ਕੋਸ਼ਿਸ਼ ਕਰਨ। ਮੇਰੇ ਇਸ ਖਰੜੇ ਨੂੰ ਵਿਦਵਾਨ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ ਨੇ ਆਪ ਵੀ ਪੜ੍ਹਿਆ ਹੈ। ਇਸ ਲਈ ਮੈਨੂੰ ਉਮੀਦ ਹੈ ਕਿ ਮੇਰੀਆਂ ਭੁੱਲਾਂ ਨੂੰ ਉਨ੍ਹਾਂ ਦੂਰ ਕਰ ਦਿੱਤਾ ਹੋਵੇਗਾ।

— ਭਾਈ ਪਰਮਜੀਤ ਸਿੰਘ ਖਾਲਸਾ

ਆਮੁਖ

ਭਾਈ ਪਰਮਜੀਤ ਸਿੰਘ ਖਾਲਸਾ ਨੇ ਮੇਰੇ ਕੁਝ ਲੈਕਚਰਾਂ ਨੂੰ ਟੇਪਾਂ ਤੋਂ ਕਲਮਬੰਦ ਕੀਤਾ ਹੈ, ਇਸ ਲਈ ਮੈਂ ਉਨ੍ਹਾਂ ਦਾ ਬਹੁਤ ਅਭਾਰੀ ਹਾਂ। ਇਕ ਟੇਪ ਤੋਂ ਲੈਕਚਰ ਜਿਉਂ ਦਾ ਤਿਉਂ ਲਿਖ ਲੈਣਾ ਕੋਈ ਸੌਖੀ ਗੱਲ ਨਹੀਂ ਹੈ, ਪਰ ਮੈਂ ਉਨ੍ਹਾਂ ਦੇ ਖਰੜੇ ਨੂੰ ਪੜ੍ਹ ਕੇ ਵੇਖਿਆ ਹੈ ਕਿ ਉਹ ਇਸ ਕਾਰਜ ਵਿਚ ਪੂਰੇ ਸਫਲ ਰਹੇ ਹਨ। ਇਸ ਵਿਚ ਸਭ ਤੋਂ ਵੱਡਾ ਤੱਥ ਇਹ ਹੈ ਕਿ ਭਾਈ ਪਰਮਜੀਤ ਸਿੰਘ ਖਾਲਸਾ ਆਪ ਵੀ ਗੁਰਬਾਣੀ ਦੇ ਰੰਗ ਵਿਚ ਰੰਗੇ ਹੋਏ ਹਨ। ਇਸ ਲਈ ਮੇਰੇ ਲੈਕਚਰਾਂ ਨੂੰ ਕਲਮਬੰਦ ਕਰਨ ਵਿਚ ਉਨ੍ਹਾਂ ਨੂੰ ਬਹੁਤੀ ਕਠਿਨਾਈ ਨਹੀਂ ਆਈ ਹੋਵੇਗੀ। ਮੈਂ ਉਨ੍ਹਾਂ ਦੇ ਖਰੜੇ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ ਤੇ ਉਸ ਵਿਚੋਂ ਬਹੁਤ ਘੱਟ ਗ਼ਲਤੀਆਂ ਮਿਲੀਆਂ ਹਨ। ਜਿਹੜਾ ਮਨੁੱਖ ਵੀ ਤਨੋਂ ਮਨੋਂ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਜਾਂਦਾ ਹੈ, ਉਸ ਦੇ ਅੰਦਰ ਦੀ ਹਉਮੈ ਦੂਰ ਹੋ ਜਾਂਦੀ ਹੈ ਤੇ ਉਹ ਗੁਰਬਾਣੀ ਦੇ ਰੰਗ ਵਿਚ ਰੰਗਿਆ ਅਭੁੱਲ ਹੁੰਦਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਦੇ ਵਿਚ ਜਿੱਥੇ ਜਗਿਆਸੂ ਆਪਣੇ ਗੁਰੂ ਤੋਂ ਬਾਰ-ਬਾਰ ਕੁਰਬਾਨ ਜਾਂਦਾ ਹੈ, ਓਥੇ ਸਤਿਗੁਰੂ ਆਪਣੇ ਸਿੱਖ ਤੋਂ ਬਾਰ-ਬਾਰ ਬਲਿਹਾਰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹਜ਼ੂਰ ਗੁਰੂ ਅਰਜਨ ਦੇਵ ਜੀ ਦਾ ਇਕ ਅੰਮ੍ਰਿਤ ਬਚਨ ਹੈ ਕਿ ਆਮ ਤੌਰ ਤੇ ਅਸੀਂ ਰੂਹਾਨੀਅਤ ਦੇ ਮਾਰਗ ਤੇ ਚੱਲਣ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਵਿਚੋਂ ਚਾਰ-ਪੰਜ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਕਿਸੇ ਲਈ ਇਹ ਸ਼ਬਦ ਵਰਤਦੇ ਹਾਂ ਕਿ ਇਹ ਮਹਾਨ ਸੰਤ ਹੈ। ਕਿਸੇ ਲਈ ਸ਼ਬਦ ਵਰਤਦੇ ਹਾਂ ਕਿ ਇਹ ਅਸਲ ਵਿਚ ਰੱਬ ਦਾ ਪਿਆਰਾ ਭਗਤ ਹੈ। ਕਿਸੇ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦ ਪੜ੍ਹਦੇ ਹਾਂ ਕਿ ਇਹ ਪੂਰਨ ਸਾਧ ਹੈ। ਕਿਸੇ ਲਈ ਪੜ੍ਹਦੇ ਹਾਂ ਕਿ ਇਹ ਤਾਂ ਗੁਰਮੁਖ ਹੈ। ਪੰਜਵਾਂ ਸ਼ਬਦ ਅਸੀਂ ਪੜ੍ਹਦੇ ਹਾਂ ਕਿ ਇਹ ਇਕ ਮਹਾਨ ਗੁਰੂ ਦਾ ਸਿੱਖ ਹੈ। ਭਾਈ ਪਰਮਜੀਤ ਸਿੰਘ ਖਾਲਸਾ ਜੀ ਜਿਨ੍ਹਾਂ ਨੇ ਏਨੀ ਲਗਨ ਅਤੇ ਪਿਆਰ ਨਾਲ ਮੇਰੇ ਲੈਕਚਰਾਂ ਨੂੰ ਕਲਮਬੰਦ ਕੀਤਾ ਹੈ, ਉਨ੍ਹਾਂ ਵਾਸਤੇ ਵੀ ਮੇਰਾ ਇਕੋ ਇਕ ਸ਼ਬਦ ਹੈ ਕਿ ਭਾਈ ਪਰਮਜੀਤ ਸਿੰਘ ਜੀ ਖਾਲਸਾ ਇਕ ਮਹਾਨ ਗੁਰੂ ਦਾ ਸਿੱਖ ਹੈ।

— ਭਾਈ ਪਿੰਦਰਪਾਲ ਸਿੰਘ

ੴ ਸਤਿਗੁਰ ਪ੍ਰਸਾਦਿ
॥ ਅਕਾਲ ਸਹਾਇ ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
॥ਰਹਿ ਸਦੀ ਤਖਤ ਰਖਾਇਆ॥

| ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ॥ ਪਟਨਾ ਗੁਰੂ ਕਾ ਘਰ ਹੈ ॥ (ਹੁਕਮਨਾਮਾ ਪਾ:੯) |

ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ
ਜਥੇਦਾਰ, ਤਖ਼ਤ ਸ੍ਰੀ ਹਰਿਮੰਦਰ ਜੀ,ਪਟਨਾ ਸਾਹਿਬ,
ਪਟਨਾ-੮੦੦੦੦੮, ਬਿਹਾਰ (ਭਾਰਤ)

SINGH SAHIB GIANI IQBAL SINGH
Jathedar, Takhat Sri Harimandir Ji, Patna Sahib,
Patna-800008,Bihar (India)

Dated..........

ਸ਼ਲਾਘਾਯੋਗ ਉਪਰਾਲਾ

ਭਾਈ ਪਿੰਦਰਪਾਲ ਸਿੰਘ ਜੀ ਇਸ ਸਮੇਂ ਦੇ ਪ੍ਰਸਿੱਧ ਵਿਦਵਾਨ ਅਤੇ ਕਥਾ ਵਾਚਕ ਹਨ। ਅੱਜ ਹਰ ਵਿਅਕਤੀ ਉਨ੍ਹਾਂ ਦੀ ਕਥਾ ਸੁਣ ਕੇ ਗੁਰੂ ਘਰ ਨਾਲ ਜੁੜਦਾ ਹੈ। ਭਾਈ ਪਰਮਜੀਤ ਸਿੰਘ ਖਾਲਸਾ ਨੇ ਉਨ੍ਹਾਂ ਦੇ ਲੈਕਚਰਾਂ ਨੂੰ ਪੰਜਾਬੀ ਰੂਪ ਦੇ ਕੇ ਬੜਾ ਸ਼ਲਾਘਾਯੋਗ ਕਾਰਜ ਕੀਤਾ ਹੈ। ਸਾਨੂੰ ਪਤਾ ਹੈ ਕਿ ਟੇਪਾਂ ਤੋਂ ਪੰਜਾਬੀ ਉਤਾਰਾ ਕਰਨਾ ਕੋਈ ਸੌਖਾ ਕੰਮ ਨਹੀਂ। ਭਾਈ ਪਰਮਜੀਤ ਸਿੰਘ ਜੀ ਖਾਲਸਾ ਨੇ ਇਸ ਪਾਸੇ ਵੱਡਾ ਉੱਦਮ ਕੀਤਾ ਹੈ। ਇਸ ਤੋਂ ਪਹਿਲਾਂ ਭਾਈ ਚਤਰ ਸਿੰਘ ਜੀਵਨ ਸਿੰਘ ਦੀ ਫਰਮ ਨੇ ਗਿਆਨੀ ਸੰਤ ਸਿੰਘ ਮਸਕੀਨ ਦੀਆਂ ਕਈ ਕੈਸਟਾਂ ਦੇ ਪੰਜਾਬੀ ਉਤਾਰੇ ਕਰਵਾਏ ਹਨ। ਭਾਈ ਪਿੰਦਰਪਾਲ ਸਿੰਘ ਬੜੀ ਚੜ੍ਹਦੀ ਕਲਾ ਵਾਲੇ ਬੁਲਾਰੇ ਹਨ, ਉਨ੍ਹਾਂ ਦੀਆਂ ਕੈਸਟਾਂ ਨੂੰ ਪੰਜਾਬੀ ਰੂਪ ਦੇਣਾ ਵੱਡਾ ਸ਼ਲਾਘਾ ਯੋਗ ਕਾਰਜ ਹੈ। ਭਾਈ ਪਰਮਜੀਤ ਸਿੰਘ ਖਾਲਸਾ ਨੇ ਦਸਾਂ ਲੈਕਚਰਾਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਨ੍ਹਾਂ ਕਥਾਵਾਂ ਵਿਚ ਭਾਈ ਤਾਰੂ ਸਿੰਘ ਸ਼ਹੀਦ ਅਤੇ ਬਾਬਾ ਬੁੱਢਾ ਜੀ ਦੀਆਂ ਮੁਕੰਮਲ ਜੀਵਨੀਆਂ ਵੀ ਦਰਜ ਹਨ। ਅੱਜ ਜਦ ਆਮ ਸਿੱਖ ਕੇਸਾਂ ਦੀ ਬੇਅਦਬੀ ਕਰਨ ਲੱਗ ਗਏ ਹਨ, ਭਾਈ ਤਾਰੂ ਸਿੰਘ ਜੀ ਦੀ ਜੀਵਨੀ ਇਕ ਚਾਨਣ-ਮੁਨਾਰੇ ਦਾ ਕੰਮ ਕਰੇਗੀ। ਸਿੱਖੀ ਨੂੰ ਕਮਾਉਣ ਵਾਸਤੇ, ਸਿੱਖ ਵਾਸਤੇ ਕੇਸ ਸਵਾਸ ਹਨ, ਸਵਾਸ ਹੈ ਤਾਂ ਸਰੀਰ ਹੈ। ਜੇ ਕੇਸ ਹਨ ਤਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦਾ ਸਿੱਖ ਕਹਾਉਂਦਾ ਹੈ। ਬਾਬਾ ਬੁੱਢਾ ਜੀ ਵੀ ਗੁਰੂ ਨਾਨਕ ਦੇਵ ਜੀ ਦੇ ਅਜਿਹੇ ਸਿੱਖ ਹੋਏ ਹਨ, ਜਿਨ੍ਹਾਂ ਨੇ ਸਿੱਖੀ ਜੀਵਨ ਦੀ ਅਸਲ ਕਮਾਈ ਕੀਤੀ ਤੇ ਇਸ ਨੂੰ ਨਿਭਾਇਆ ਵੀ। ਉਹ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਤਕ ਇਕ ਬ੍ਰਹਮ-ਗਿਆਨੀ ਸਿੱਖ ਦੀ ਮਿਸਾਲ ਬਣ ਕੇ ਵਿਚਰਦੇ ਰਹੇ। ਉਨ੍ਹਾਂ ਦਾ ਜੀਵਨ ਵੀ ਅੱਜ ਦੇ ਸਿੱਖਾਂ ਨੂੰ ਬੜੇ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਅਜਿਹੀਆਂ ਮਹਾਨ ਆਤਮਾਵਾਂ ਬਾਰ ਬਾਰ ਪੈਦਾ ਨਹੀਂ ਹੁੰਦੀਆਂ ਹਨ।

ਇਕਬਾਲ ਸਿੰਘ
ਸਿੰਘ ਸਾਹਿਬ
ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ

ਤਤਕਰਾ

☆☆☆

ਗੁਰਮੁਖਾ ਕੇ ਮੁਖ ਉਜਲੇ

ਸਲੋਕ ਮਹਲਾ ੩ ॥ ੧ੴ ਸਤਿਗੁਰ ਪ੍ਰਸਾਦਿ ॥

ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥
ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥
ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ ॥
ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ ॥
ਜਨ ਨਾਨਕੁ ਸਦਾ ਕੁਰਬਾਣੁ ਤਿਨ ਜੋ ਚਾਲਹਿ ਸਤਿਗੁਰ ਭਾਇ ॥ ੨੨ ॥

(ਅੰਗ ੧੪੧੫)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਸ਼ੋਭਿਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ! ਹਜ਼ੂਰ ਦੇ ਪਾਵਨ ਪਵਿੱਤਰ ਅੰਮ੍ਰਿਤ ਬਚਨ ਕੀਰਤਨ ਰਾਹੀਂ ਆਪ ਸੰਗਤ ਨੇ ਸਰਵਨ ਕੀਤਾ ਹੈ। ਇਥੇ ਇਸ ਸਲੋਕ ਦਾ ਭਾਵ ਹੈ ਕਿ ਸੰਸਾਰ ਨੂੰ ਆਪਣੇ ਘੇਰੇ ਵਿਚ ਲੈਣ ਵਾਲੀ ਮਾਇਆ ਇਕ ਬਹੁਤ ਵੱਡਾ ਸੱਪ ਹੈ, ਜਿਸ ਕੁੰਡਲੀਧਾਰ ਸੱਪ ਨੇ ਹਰ ਇਕ ਜੀਵ ਨੂੰ ਆਪਣੀ ਕੁੰਡਲੀ ਵਿਚ, ਆਪਣੇ ਘੇਰੇ ਵਿਚ ਸਮਾਇਆ ਹੋਇਆ ਹੈ। ਜੇ ਗੁਰੂ ਕ੍ਰਿਪਾ ਕਰੇ ਤਾਂ ਇਸ ਮਾਇਆ ਦੇ ਜ਼ਹਿਰ ਨੂੰ ਉਤਾਰਨ ਲਈ ਕੇਵਲ ਗੁਰੂ ਦਾ ਸ਼ਬਦ ਹੈ। ਜਿਸਨੇ ਆਪਣੇ ਅੰਦਰ ਗੁਰੂ ਦਾ ਸ਼ਬਦ ਟਿਕਾਅ ਲਿਆ ਹੈ, ਉਸ ਉੱਪਰ ਇਸ ਜ਼ਹਿਰ ਦਾ ਕੋਈ ਅਸਰ ਨਹੀਂ। ਨਾਲ ਹੀ ਬਖਸ਼ਿਸ਼ ਕੀਤੀ ਉਨ੍ਹਾਂ ਨੇ ਕਿ ਗੁਰੂ ਦੇ ਪਿਆਰੇ ਜੋ ਗੁਰਮੁਖ ਹਨ, ਸਤਿਗੁਰੂ ਨੂੰ ਮਿਲਕੇ ਉਹਨਾਂ ਦੇ ਅੰਦਰ ਦੀ ਮਲੀਨਤਾ ਖ਼ਤਮ ਹੋ ਗਈ। ਹਉਮੈ ਦਾ ਜ਼ਹਿਰ ਉਤਰ ਗਿਆ। ਉਹ ਪ੍ਰਮਾਤਮਾ ਦੀ ਦਰਗਾਹ ਦੇ ਵਿਚ ਕਬੂਲ ਹੋਏ ਤੇ ਧੰਨ ਗੁਰੂ ਅਮਰਦਾਸ ਮੇਹਰ ਕਰਕੇ ਫ਼ੁਰਮਾਂਦੇ ਹਨ ਕਿ ਉਹਨਾਂ ਗੁਰਮੁਖਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ, ਜਿਹੜੇ ਗੁਰਮੁਖ ਗੁਰੂ ਦੇ ਭਾਣੇ ਵਿਚ, ਗੁਰੂ ਦੀ ਰਜ਼ਾ ਵਿਚ ਆਪਣੀ ਸਾਰੀ ਜ਼ਿੰਦਗੀ ਬਤੀਤ ਕਰਦੇ ਹਨ।

ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਨੇ ਇਸ ਅੰਮ੍ਰਿਤ ਬਚਨ ਦੇ ਅੰਦਰ ਇਕ

ਪਾਸੇ ਮਾਇਆ ਦਾ ਅਸਰ ਜੀਵ ਉੱਪਰ ਕਿੰਨਾ ਹੈ, ਉਸਦਾ ਜ਼ਿਕਰ ਕੀਤਾ ਹੈ ਤੇ ਦੂਸਰੇ ਪਾਸੇ ਮਾਇਆ ਤੋਂ ਸੁਚੇਤ ਰਹਿ ਕੇ ਗੁਰੂ ਦੇ ਸ਼ਬਦ ਨੂੰ ਕਮਾਉਣ ਵਾਲੇ ਜੋ ਗੁਰਮੁਖ ਹਨ, ਉਹਨਾਂ ਦੇ ਜੀਵਨ ਨੂੰ ਨਿਰੂਪਨ ਕੀਤਾ ਹੈ। ਹਜ਼ੂਰ ਗੁਰੂ ਅਮਰਦਾਸ ਕ੍ਰਿਪਾਲੂ ਜੀ ਨੇ ਆਪਣੇ ਪਵਿੱਤਰ ਬਚਨਾਂ ਵਿਚ ਮਾਇਆ ਨੂੰ ਇਕ ਸੱਪ ਨਾਲ ਤੁਲਨਾ ਦਿੱਤੀ। ਹਜ਼ੂਰ ਨੇ ਬਾਣੀ ਵਿਚ ਮਾਇਆ ਲਈ ਸ਼ਬਦ ਨਾਗਨੀ ਵੀ ਵਰਤਿਆ ਹੈ। ਧੰਨ ਗੁਰੂ ਅਮਰਦਾਸ ਕਹਿੰਦੇ ਹਨ ਕਿ ਇਹ ਇੰਨਾ ਭਿਅੰਕਰ ਸੱਪ ਹੈ ਕਿ ਸਾਰੇ ਜਗਤ ਨੂੰ ਇਸ ਮਾਇਆ ਨੇ ਆਪਣੀ ਕੁੰਡਲੀ ਦੇ ਵਿਚ, ਆਪਣੇ ਘੇਰੇ ਦੇ ਵਿਚ ਸਮਾਇਆ ਹੋਇਆ ਹੈ। ਕੋਈ ਟਾਵਾਂ ਟਾਵਾਂ ਗੁਰਮੁਖ, ਜਿਸਨੇ ਆਪਣੀ ਰਸਨਾ 'ਤੇ ਗੁਰੂ ਦੇ ਸ਼ਬਦ ਨੂੰ ਟਿਕਾ ਲਿਆ, ਉਹ ਇਸ ਮਾਇਆ ਦੇ ਜ਼ਹਿਰ ਤੋਂ ਨਿਰਲੇਪ ਹੋ ਗਿਆ ਹੈ।

ਸਾਹਿਬ ਗੁਰੂ ਅਮਰਦਾਸ ਜੀ ਦਾ ਅਸੀਂ ਇਕ ਬਚਨ ਰੋਜ਼ਾਨਾ ਪੜ੍ਹਦੇ ਹਾਂ। ਆਨੰਦ ਸਾਹਿਬ ਦੀ ਅਮਰ ਬਾਣੀ ਵਿਚ ਹਜ਼ੂਰ ਨੇ ਇਸ ਮਾਇਆ ਦੇ ਸਬੰਧੀ ਸਾਨੂੰ ਇਹ ਬਚਨ ਚੇਤੇ ਕਰਾਇਆ ਹੈ। ਦਾਤਾਰ ਜੀ ਨੇ ਉਥੇ ਮਾਇਆ ਨੂੰ ਤੁਲਨਾ ਅਗਨ ਨਾਲ ਦਿੱਤੀ ਹੈ। ਹਰ ਮਨੁੱਖ ਦੀ ਜ਼ਬਾਨ 'ਤੇ ਧਰਮ ਦੀ ਦੁਨੀਆਂ ਵਿਚ ਇਹ ਸ਼ਬਦ ਹਮੇਸ਼ਾਂ ਟਿੱਕਿਆ ਰਹਿੰਦਾ ਹੈ ਕਿ ਮਾਇਆ ਪ੍ਰਭਾਵ ਪਾ ਗਈ, ਮਾਇਆ ਬੰਦੇ ਦੇ ਅੰਦਰ ਨੂੰ ਠੱਗ ਗਈ, ਪਰ ਗੁਰੂ ਸਾਹਿਬ ਜੀ ਨੇ ਅੰਮ੍ਰਿਤ ਬਾਣੀ ਵਿਚ ਮਾਇਆ ਦੀ ਪਰਿਭਾਸ਼ਾ, ਮਾਇਆ ਅਸਰ ਕਿਵੇਂ ਕਰਦੀ ਹੈ? ਅੰਮ੍ਰਿਤ ਬਾਣੀ ਵਿਚ ਇਸ ਮਾਇਆ ਦੇ ਸਬੰਧੀ ਬਚਨ ਕੀਤੇ ਹਨ।

ਧੰਨ ਗੁਰੂ ਅਮਰਦਾਸ ਕ੍ਰਿਪਾਲੂ ਜੀ ਨੇ ਮੇਹਰ ਕੀਤੀ, ਕਹਿਣ ਲੱਗੇ ਜਿਵੇਂ ਇਕ ਮਨੁੱਖ ਜਦੋਂ ਜਨਮ ਹੁੰਦਾ ਹੈ ਤਾਂ ਜਨਮ ਤੋਂ ਪਹਿਲਾਂ ਮਾਤਾ ਦੇ ਉਦਰ ਵਿਚ ਉਸਦਾ ਨਿਵਾਸ ਹੈ। ਮਾਤਾ ਦੇ ਉਦਰ ਵਿਚ ਉਸਨੂੰ ਅਗਨ ਵਿਆਪਦੀ ਨਹੀਂ। ਹੈ ਉਹ ਅੱਗ ਦੇ ਵਿਚ ਹੀ, ਪਰ ਮਾਇਆ ਮਾਤਾ ਦੇ ਉਦਰ ਦੀ ਅਗਨ ਉਸ ਮਨੁੱਖ ਦੇ ਉੱਪਰ ਅਸਰ ਨਹੀਂ ਕਰਦੀ। ਮਹਾਰਾਜ ਜੀ ਨੂੰ ਪੁੱਛੀਏ ਕਿ ਇਸਦਾ ਕਾਰਨ ਕੀ ਹੈ? ਕਹਿਣ ਲੱਗੇ ਹਕੀਕਤ ਵਿਚ ਉਸ ਵੇਲੇ ਮਨੁੱਖ ਦੇ ਅੰਦਰ ਇਕ ਪ੍ਰਮਾਤਮਾ ਦੀ ਯਾਦ, ਪ੍ਰਮਾਤਮਾ ਦੀ ਲਿਵ ਚੱਲ ਰਹੀ ਹੈ, ਜਿਸ ਕਰਕੇ ਉਸ ਸਮੇਂ ਮਾਤਾ ਦੇ ਉਦਰ ਵਿਚ ਮਨੁੱਖ ਦੇ ਉੱਪਰ ਅਗਨ ਨੇ ਅਸਰ ਨਹੀਂ ਕੀਤਾ।

ਸਾਹਿਬ ਕਹਿੰਦੇ ਹਨ, ਬਸ ਇਕ ਗੱਲ ਨੂੰ ਸਮਝ ਲੈ ਜੇ ਮਾਤਾ ਦੇ ਉਦਰ ਵਿਚ ਅੱਗ ਵਿਆਪੇ, ਪਰ ਲਿਵ ਲੱਗੀ ਹੋਵੇ ਤੇ ਅੱਗ ਵੀ ਮਨੁੱਖ ਨੂੰ ਸਾੜਦੀ ਨਹੀਂ। ਜੇ ਸੰਸਾਰ ਦੇ ਵਿਚ ਇਸ ਮਾਇਆ ਵੱਲ ਝਾਤੀ ਮਾਰੀਏ ਤਾਂ ਇਹ ਵੀ ਇਕ ਅੱਗ ਦੀ ਤਰ੍ਹਾਂ ਹੈ। ਜੇ ਉਸ ਅਸਥਾਨ 'ਤੇ ਲਿਵ ਤੈਨੂੰ ਅੱਗ ਤੋਂ ਬਚਾਉਂਦੀ ਹੈ ਤਾਂ ਇਸ ਸੰਸਾਰ ਦੀ ਮਾਇਆ ਵੀ ਕਦੀ ਤੈਨੂੰ ਛੱਲ ਨਹੀਂ ਸਕੇਗੀ, ਜੇਕਰ ਤੇਰੇ ਅੰਦਰ ਪ੍ਰਮਾਤਮਾ ਦੀ ਲਿਵ ਲੱਗੀ ਹੋਈ ਹੈ।

ਧੰਨ ਗੁਰੂ ਅਮਰਦਾਸ ਜੀ ਦੇ ਅੰਮ੍ਰਿਤ ਬਚਨ ਹਨ-

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥
(ਅੰਗ ੯੨੧)

ਉਸ ਕਰਤੇ ਨੇ ਆਪ ਇਹ ਖੇਲ ਰਚੀ ਹੈ। ਮਾਇਆ ਵੀ ਉਸ ਕਰਤੇ ਨੇ ਇਸ ਜੀਵ ਨੂੰ ਆਪ ਲਾਈ ਹੈ। ਹਜ਼ੂਰ ਜੀ ਦੀ ਜਦੋਂ ਅਸੀਂ ਇਸ ਪਉੜੀ ਨੂੰ ਪੜ੍ਹਦੇ ਹਾਂ ਕਿ

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
(ਅੰਗ ੯੧੮)

ਚਤੁਰਾਈ ਨਾਲ ਕਿਸੇ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ। ਉਸ ਵਿਚ ਹਜ਼ੂਰ ਨੇ ਇਕ ਤੁੱਕ ਹੋਰ ਕਹੀ ਹੈ। ਕਹਿਣ ਲੱਗੇ ਪਿਆਰਿਆ-

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥
(ਅੰਗ ੯੧੮)

ਇਸਦਾ ਮਤਲਬ ਮਾਇਆ ਦਾ ਮੋਹ ਵੀ ਉਸ ਪ੍ਰਮਾਤਮਾ ਨੇ ਜੀਵ ਨੂੰ ਲਾਇਆ ਹੈ। ਉਸੇ ਨੇ ਮਾਇਆ ਪੈਦਾ ਕੀਤੀ। ਉਸ ਪ੍ਰਮਾਤਮਾ ਦੀ ਮਾਇਆ ਅਸਲ ਵਿਚ ਛਾਇਆ ਹੈ। ਸਤਿਗੁਰੂ ਕਹਿੰਦੇ ਹਨ ਕਿ ਇਹ ਜਿਹੜੀ ਮਹਾਂ-ਮਾਇਆ ਹੈ, ਉਸ ਪ੍ਰਮਾਤਮਾ ਦੀ ਆਪਣੀ ਛਾਂ ਹੈ ਤੇ ਸੱਚ ਜਾਣੋ ਇਸ ਛਾਂ ਦਾ ਸੁੱਖ ਤਾਂ ਮਾਣਿਆ ਜਾ ਸਕਦਾ ਹੈ, ਪਰ ਛਾਂ ਨੂੰ ਕਦੀ ਵੀ ਕਿਸੇ ਨੇ ਆਪਣੀ ਪੋਟਲੀ ਵਿਚ ਬੰਨ੍ਹਿਆ ਨਹੀਂ।

ਇਕ ਮਨੁੱਖ ਧੁੱਪ ਦੇ ਨਾਲ ਤੱਪਦਾ ਹੋਇਆ, ਸਰੀਰ ਉਸਦਾ ਗਰਮੀ ਦੇ ਨਾਲ ਝੁਲਸ ਗਿਆ ਹੈ ਤੇ ਸਾਹਮਣੇ ਦਰੱਖ਼ਤ ਦੀ ਛਾਂ ਉਸਨੂੰ ਪ੍ਰਾਪਤ ਹੋ ਗਈ। ਜੇ ਆਦਮੀ ਨੇ ਧੁੱਪ ਤੋਂ ਬਚਣਾ ਹੈ ਤਾਂ ਆ ਕੇ ਰੁੱਖ ਦੀ ਛਾਂ ਥੱਲੇ ਉਹ ਬੈਠੇਗਾ। ਰੁੱਖ ਦੀ ਛਾਂ ਥੱਲੇ ਬੈਠਾ ਹੋਇਆ ਮਨੁੱਖ ਇਹ ਸੋਚੇ ਕਿ ਮੈਂ ਇਸ ਛਾਂ ਦੀਆਂ ਪੰਡਾਂ ਬੰਨ੍ਹ ਕੇ ਆਪਣੇ ਘਰ ਲੈ ਜਾਵਾਂਗਾ। ਕਦੀ ਵੀ ਕੋਈ ਗਰਮੀ ਵਿਚ ਛਾਂ ਨੂੰ ਪੋਟਲੀ ਵਿਚ ਬੰਨ੍ਹਣ ਦਾ ਯਤਨ ਕਰੇ, ਛਾਂ ਕਦੀ ਪੰਡਾਂ ਵਿਚ ਬੱਝਦੀ ਨਹੀਂ। ਛਾਂ ਨੂੰ ਕੇਵਲ ਮਾਣਿਆ ਜਾ ਸਕਦਾ ਹੈ। ਸੱਚ ਜਾਣੀ ਹੇ ਇਨਸਾਨ! ਮਾਇਆ ਤਾਂ ਉਸ ਪ੍ਰਮਾਤਮਾ ਦੀ ਛਾਇਆ ਹੈ। ਇਹ ਛਾਇਆ ਜੋ ਪ੍ਰਮਾਤਮਾ ਨੇ ਤੈਨੂੰ ਦਿੱਤੀ ਹੈ, ਇਸਦੇ ਵਿਚ ਬੈਠ ਕੇ ਤੂੰ ਸੰਸਾਰ ਦੇ ਸੁੱਖ ਮਾਣ ਸਕਦਾ ਹੈਂ, ਪਰ ਜੇ ਇਹ ਸੋਚੇਂ ਕਿ ਮੈਂ ਇਸ ਮਾਇਆ ਛਾਇਆ ਨੂੰ ਹਮੇਸ਼ਾਂ ਆਪਣੇ ਨਾਲ ਰੱਖਣਾ ਹੈ, ਤਾਂ ਸਾਹਿਬ ਕਹਿੰਦੇ ਹਨ ਕਿ ਛਾਂ ਕਦੀ ਕਿਸੇ ਨਾਲ ਤੁਰਦੀ ਨਹੀਂ। ਛਾਂ ਦੋ ਘੜੀਆਂ ਸੁੱਖ ਤਾਂ ਦੇਵੇਗੀ ਪਰ ਛਾਂ ਕਿਸੇ ਨੂੰ ਆਪਣੇ ਨਾਲ ਚੱਲਣ ਲਈ, ਛਾਂ ਕਦੀ ਕਿਸੇ ਦੀ ਪੋਟਲੀ ਵਿਚ ਬੱਝਦੀ ਨਹੀਂ। ਹਜ਼ੂਰ ਕਹਿੰਦੇ ਹਨ-

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥ (ਅੰਗ ੯੨੧)

ਲਿਵ ਦਾ ਟੁੱਟ ਜਾਣਾ ਹੀ ਮਾਇਆ ਦਾ ਵਿਆਪਣਾ ਹੈ। ਪ੍ਰਮਾਤਮਾ ਦਾ ਭੁੱਲ ਜਾਣਾ ਹੀ ਮਾਇਆ ਦਾ ਵਿਆਪਣਾ ਹੈ।

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥

ਜਿਸ ਚੀਜ਼ ਕਰਕੇ ਸਾਈਂ ਵਿਸਰਦਾ ਹੈ, ਉਹ ਵਸਤੂ ਮਾਇਆ ਹੈ। ਜਿਸ ਸੰਸਾਰ ਵਿਚ ਰਹਿ ਕੇ ਨਿਰੰਕਾਰ ਵਿਸਰੇ ਨਾ ਤੇ ਇਸਦਾ ਮਤਲਬ ਫਿਰ ਉਹ ਸੰਸਾਰ ਦੇ ਪਦਾਰਥ ਮਾਇਆ ਨਹੀਂ। ਜਿਸ ਚੀਜ਼ ਨੂੰ ਤੱਕ ਕੇ ਪ੍ਰਮਾਤਮਾ ਵਿਸਰ ਗਿਆ, ਗੁਰਮੁਖੋ! ਉਹ ਹਰ ਚੀਜ਼ ਮਾਇਆ ਬਣ ਗਈ। ਜਦੋਂ ਮਾਇਆ ਵਿਆਪਦੀ ਹੈ ਫਿਰ ਬੰਦੇ ਦੇ ਅੰਦਰ ਭਰਮ ਪੈਦਾ ਹੁੰਦਾ ਹੈ।

ਭਰਮ ਦਾ ਅੱਖਰੀ ਅਰਥ ਆਪਾਂ ਭੁਲੇਖਾ ਕਰਾਂਗੇ। ਭਰਮ ਕੀ ਹੈ? ਜਿਸ ਬੰਦੇ ਨੂੰ ਮਾਇਆ ਵਿਆਪਦੀ ਹੈ, ਉਸਨੂੰ ਭਰਮ ਨੇ ਆ ਘੇਰਿਆ। ਜਿਸ ਬੰਦੇ ਨੂੰ ਭਰਮ ਨੇ ਘੇਰਿਆ, ਉਹ ਬੰਦਾ ਅਸਲੀਅਤ ਤੋਂ ਜਾਣੂ ਨਹੀਂ ਰਹਿੰਦਾ। ਜਿਸ ਵਸਤੂ ਨੇ ਨਾਲ ਨਹੀਂ ਨਿਭਣਾ, ਉਸਨੂੰ ਸਦੀਵ ਕਾਲ ਲਈ ਜੀਵ ਆਪਣਾ ਸਾਥੀ ਸਮਝ ਕੇ ਹਮੇਸ਼ਾ ਉਸਦੇ ਨਾਲ ਆਪਣੇ ਅੰਦਰ ਨੂੰ ਜੋੜ ਕੇ ਰੱਖਦਾ ਹੈ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਇਕ ਬੰਦਾ ਰਾਜ ਸਿੰਘਾਸਣ 'ਤੇ ਰਾਤ ਨੂੰ ਬਿਸਰਾਮ ਕਰਦਾ ਹੈ। ਅਚਨਚੇਤ ਉਸਦੀ ਅੱਖ ਲੱਗੀ ਤੇ ਉਸ ਰਾਜੇ ਨੂੰ ਸਿੰਘਾਸਣ 'ਤੇ ਬੈਠਦਿਆਂ ਹੋਇਆਂ ਨੀਂਦ ਨੇ ਆ ਘੇਰਿਆ, ਉਹ ਸੌਂ ਗਿਆ। ਉਸਦੇ ਨੌਕਰ, ਚਾਕਰ, ਵਜ਼ੀਰ, ਸਿਪਾਹੀ ਦਰਬਾਰ ਵਿਚ ਬੈਠੇ ਹਨ, ਪਰ ਰਾਜੇ ਨੂੰ ਨੀਂਦ ਆਈ ਤੇ ਨੀਂਦ ਵਿਚ ਸੁਪਨਾ ਆਇਆ ਤੇ ਸੁਪਨੇ ਵਿਚ ਰਾਜਾ ਭਿਖਾਰੀ ਬਣ ਗਿਆ। ਲੋਕਾਂ ਦੇ ਦਰ 'ਤੇ ਜਾ ਕੇ ਮੰਗਣ ਵਾਸਤੇ ਮਜਬੂਰ ਹੋ ਗਿਆ। ਮਾਇਆ ਜਦੋਂ ਵਿਆਪੇ ਉਦੋਂ ਭਰਮ ਖਾਂਦਾ ਹੈ। ਜਿਸ ਬੰਦੇ ਦੇ ਅੰਦਰ ਭਰਮ ਪੈਦਾ ਹੋ ਜਾਏ, ਅਤਿ ਵਸਤੂ ਨੂੰ ਭੁੱਲ ਕੇ ਕੇਵਲ ਮਿਥਿਆ ਵਸਤੂ ਵਿਚ ਖਚਤ ਹੋ ਜਾਏਗਾ। ਰਾਜਾ ਅਸਲ ਵਿਚ ਜਾਗਦਾ ਹੋਇਆ ਆਪਣੇ ਦਰਬਾਰ ਦਾ ਮਾਲਕ ਹੈ ਪਰ ਜਦੋਂ ਨੀਂਦ ਆਈ, ਸੁਪਨੇ ਵਿਚ ਮਾਇਆ ਵਿਆਪੀ, ਉਸ ਮਾਇਆ ਨੇ ਇੰਨਾ ਕੁ ਭਰਮਾ ਦਿੱਤਾ ਕਿ ਭਿਖਾਰੀ ਬਣਿਆ ਪਰ ਜਦੋਂ ਸੁਪਨਾ ਟੁੱਟਿਆ ਤੇ ਇਕੋ ਦਮ ਹੈਰਾਨ ਹੋਇਆ ਕਿ ਸੁੱਤਿਆਂ ਲੋਕਾਂ ਦੇ ਦਰ ਦਾ ਮੈਂ ਭਿਖਾਰੀ ਸਾਂ ਤੇ ਜਾਗਦਿਆਂ ਮੈਂ ਰਾਜ ਦਾ ਮਾਲਕ ਹਾਂ।

ਅਸਲ ਵਿਚ ਜੀਵ ਆਤਮਕ ਸ਼ਹਿਜ਼ਾਦਾ ਹੈ। ਇਹ ਪ੍ਰਮਾਤਮਾ ਦੀ ਅੰਸ਼ ਹੈ। ਵਾਹਿਗੁਰੂ ਨੇ ਮਨੁੱਖ ਨੂੰ ਇਸ ਸੰਸਾਰ ਦਾ ਤਖ਼ਤ ਦਿੱਤਾ। ਪ੍ਰਮਾਤਮਾ ਨੇ ਇਸਦੇ ਵਿਚ ਇੰਨੀ ਸਮਰੱਥਾ ਟਿਕਾਈ ਹੈ ਕਿ ਇਹ ਮਨੁੱਖ ਨਿਰੰਕਾਰ ਦੇ ਸਿੰਘਾਸਣ ਦਾ ਮਾਲਕ ਬਣ ਸਕਦਾ ਹੈ, ਜੇਕਰ ਸੁਚੇਤ ਰਹੇ ਤੇ ਜਾਗਦਾ ਰਹੇ। ਜਦੋਂ ਮਾਇਆ ਦੀ ਨੀਂਦ ਵਿਆਪਦੀ ਹੈ ਤਾਂ ਉਸ ਨੀਂਦ ਵਿਚ ਸੁੱਤਿਆਂ ਦਰ ਦਰ ਦਾ ਮੁਥਾਜ ਹੋ ਜਾਂਦਾ ਹੈ। ਜਿਹੜੇ ਸੁਚੇਤ ਹਨ ਭਾਵੇਂ ਸੰਸਾਰਕ ਪਦਾਰਥ ਉਹਨਾਂ ਕੋਲ ਨਹੀਂ ਪਰ ਉਹ ਦਸਾਂ ਨਹੁੰਆਂ ਦੀ ਕਿਰਤ ਕਰਦਿਆਂ, ਰੁੱਖੀ ਰੋਟੀ ਖਾਂਦਿਆਂ

ਹੋਇਆਂ ਵੀ ਸ਼ਹਿਨਸ਼ਾਹ ਹਨ ਤੇ ਜਿਨ੍ਹਾਂ ਨੂੰ ਮਾਇਆ ਦੀ ਨੀਂਦ ਵਿਆਪ ਗਈ ਉਹ ਸ਼ਹਿਨਸ਼ਾਹ ਹੋਣ ਦੇ ਬਾਵਜੂਦ ਵੀ ਭਿਖਾਰੀ ਹਨ। ਹੇ ਪ੍ਰਭੂ! ਸਾਡੀ ਤਾਂ ਅਵਸਥਾ ਉਸ ਬਾਦਸ਼ਾਹ ਦੀ ਤਰ੍ਹਾਂ ਹੈ, ਜੋ ਸਿੰਘਾਸਣ 'ਤੇ ਬੈਠ ਕੇ ਭਿਖਾਰੀ ਬਣ ਗਿਆ। ਤੁਸੀਂ ਤਾਂ ਚੌਰਾਸੀ ਦਾ ਸਰਦਾਰ ਬਣਾਇਆ, ਪਰ ਮਾਇਆ ਦੀ ਨੀਂਦ ਨੇ ਮੇਰੇ ਮਾਲਕ ਜੀ, ਦਰ ਦਰ ਦਾ ਮੁਥਾਜ ਬਣਾ ਦਿੱਤਾ।

ਦੂਸਰੀ ਬੇਨਤੀ, ਜਾਗਦਾ ਹੋਇਆ ਮਨੁੱਖ ਚਾਨਣ ਵਿਚ ਚੱਲੇ ਤਾਂ ਚਾਨਣ ਵਿਚ ਪਈ ਹੋਈ ਰੱਸੀ ਉਸਨੂੰ ਰੱਸੀ ਪ੍ਰਤੀਤ ਹੋਵੇਗੀ। ਜੇਕਰ ਉਹੀ ਰੱਸੀ ਹਨੇਰੇ ਵਿਚ ਪਈ ਹੋਵੇ ਤਾਂ ਮਨੁੱਖ ਉਸ ਰੱਸੀ ਨੂੰ ਦੇਖਕੇ ਇਕ ਦਮ ਕੰਬ ਜਾਏਗਾ। ਉਹ ਰੱਸੀ ਉਸਨੂੰ ਹਨੇਰੇ ਵਿਚ ਸੱਪ ਜਾਪਦੀ ਪਈ ਹੈ। ਹਕੀਕਤ ਵਿਚ ਜਦੋਂ ਮਾਇਆ ਵਿਆਪਦੀ ਹੈ, ਤੱਤ ਵਸਤੂ ਤੋਂ ਮਨੁੱਖ ਦੂਰ ਚਲਾ ਜਾਂਦਾ ਹੈ। ਕੇਵਲ ਇਸਨੂੰ ਸੰਸਾਰ ਦੇ ਪਦਾਰਥ ਹੀ, ਜੋ ਮਿੱਥਿਆ ਹਨ, ਇਹ ਅਸਲੀਅਤ ਲੱਗਣ ਲੱਗ ਪੈਂਦੇ ਹਨ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਹੇ ਪ੍ਰਭੂ! ਸਭ ਕੁਝ ਵਿਸਰ ਜਾਏ ਪਰ ਕ੍ਰਿਪਾ ਕਰੀਂ ਤੇਰਾ ਨਾਮ ਕਦੀ ਮੇਰੇ ਹਿਰਦੇ ਵਿਚੋਂ ਨਾ ਵਿਸਰੇ। ਇਕ ਖਿਨ ਵੀ ਪ੍ਰਮਾਤਮਾ ਨਾ ਵਿਸਰੇ। ਜਿਹੜਾ ਗ੍ਰਿਹਸਤ ਵਿਚ ਉਦਾਸ ਹੈ, ਮਾਇਆ ਵਿਚ ਰਹਿ ਕੇ ਵੀ ਜਿਹੜਾ ਨਿਰਲੇਪ ਹੈ, ਪਿਆਰਿਉ, ਉਹ ਮਹਿਲਾਂ ਵਿਚ ਰਹੇ ਅਤੇ ਜੇ ਸਾਈਂ ਨਾ ਭੁੱਲੇ ਤਾਂ ਮਹਿਲ ਵਿਚ ਵੀ ਉਸਨੂੰ ਮਾਇਆ ਨਹੀਂ ਵਿਆਪਦੀ।

ਜੇਕਰ ਇਨਸਾਨ ਦੇ ਕੋਲ ਸਾਧਨਾ ਕਰ ਕਰ ਕੇ ਅੰਦਰ ਦੀ ਇਕਾਗਰਤਾ ਹੈ, ਅੰਦਰ ਦੀ ਸਮਰੱਥਾ ਹੈ ਤੇ ਇੰਨੀਆਂ ਰਿੱਧੀਆਂ ਸਿੱਧੀਆਂ ਹਨ ਤਾਂ ਉਹ ਪ੍ਰਮਾਤਮਾ ਦੀ ਯਾਦ ਇਹ ਤਾਕਤਾਂ ਲੈ ਕੇ ਵੀ ਨਾ ਭੁੱਲੇ, ਮੰਜ਼ਿਲ ਰੱਬ ਨੂੰ ਮਿੱਥ ਕੇ ਚੱਲੇ ਤੇ ਰਿੱਧੀਆਂ ਸਿੱਧੀਆਂ ਉਸਦੇ ਲਈ ਮਾਇਆ ਨਹੀਂ, ਪ੍ਰਮਾਤਮਾ ਦੀ ਦਾਤ ਹੈ। ਤੂੰ ਇੰਨਾ ਕੁਝ ਮੈਨੂੰ ਦੇ ਰਿਹਾ ਹੈਂ ਪਰ ਮੇਹਰ ਕਰੀਂ ਤੂੰ ਮੈਨੂੰ ਵਿਸਰੀਂ ਨਾ। ਤੇਰੀ ਯਾਦ ਆਉਣੀ ਮੇਰੀ ਜ਼ਿੰਦਗੀ ਹੈ। ਪ੍ਰਮਾਤਮਾ ਦਾ ਭੁੱਲਣਾ ਅੰਦਰ ਦਾ ਸੜਨਾ ਹੈ। ਹੁਣ ਜਿਸ ਬੰਦੇ ਦੇ ਆਪਣੇ ਅੰਦਰ ਅੱਗ ਲੱਗੀ ਹੋਵੇ, ਕਦੀ ਆਸ ਕਰ ਸਕਦੇ ਹਾਂ ਕਿ ਉਸਦੀ ਜ਼ਬਾਨ ਦੇ ਵਿਚੋਂ ਕਿਤੇ ਠੰਢ ਸਾਨੂੰ ਮਿਲ ਜਾਏਗੀ। ਉਸ ਦੀਆਂ ਅੱਖਾਂ ਵਿਚੋਂ ਕਿਤੇ ਨਾਮ ਦੀ ਖ਼ੁਮਾਰੀ ਹੋਵੇਗੀ। ਜੇ ਘਰ ਨੂੰ ਅੱਗ ਲੱਗ ਜਾਏ ਤਾਂ ਬਾਰੀਆਂ ਦੇ ਵਿਚੋਂ ਵੀ ਅੱਗ ਦੀਆਂ ਲਾਟਾਂ ਬਾਹਰ ਨਿਕਲਦੀਆਂ ਹਨ। ਜੇ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਮਨ ਨੂੰ ਅੱਗ ਲੱਗੀ ਹੈ ਤਾਂ ਸਰੀਰ ਦੇ ਇੰਦਰਿਆਂ ਵਿਚੋਂ ਵੀ ਅੱਗ ਹੀ ਪ੍ਰਗਟ ਹੋਵੇਗੀ। ਅੰਦਰ ਦੀ ਲੱਗੀ ਹੋਈ ਅੱਗ ਨੂੰ ਬੰਦਾ ਕਦੀ ਰੋਕ ਨਹੀਂ ਸਕਦਾ। ਪ੍ਰਗਟ ਜ਼ਰੂਰ ਹੁੰਦੀ ਹੈ। ਹਰ ਕੋਈ ਸੋਚਦਾ ਹੈ ਕਿ ਇੰਨਾ ਸੁੱਖ ਮੇਰੇ ਕੋਲ ਹੋ ਜਾਏ ਤੇ ਸ਼ਾਇਦ ਮੇਰੇ ਅੰਦਰ ਦੀ ਤ੍ਰਿਪਤੀ ਹੋ ਜਾਏਗੀ। ਪਰ ਜਿਹੜਾ ਮਨੋਰਥ ਅਸਲ ਵਿਚ ਜ਼ਿੰਦਗੀ ਦਾ ਹੈ, ਪਿਆਰਿਉ! ਇਸ ਮਾਇਆ ਦੀ ਬਹੁਤਾਤ ਵਿਚੋਂ ਕਦੀ ਵੀ ਅੰਦਰ ਦੀ ਤ੍ਰਿਪਤੀ ਨਹੀਂ। ਜੇ ਪ੍ਰਮਾਤਮਾ ਰਹਿਮਤ ਕਰੇ, ਮਾਇਆ ਵਿਚ ਰਹਿ ਕੇ ਸਾਈਂ ਦੀ ਯਾਦ ਦੇ ਦੇਵੇ ਤੇ ਇਕ ਗੱਲ ਸਮਝ ਕੇ ਚੱਲੀਏ ਕਿ ਇਹ ਛਾਂ ਹੈ। ਛਾਂ ਨੂੰ ਕੇਵਲ ਮਾਣਿਆ ਜਾਂਦਾ

ਹੈ, ਛਾਂ ਦੀਆਂ ਪੰਡਾਂ ਨੂੰ ਬੰਨ੍ਹ ਕੇ ਨਾਲ ਨਹੀਂ ਲਿਜਾਇਆ ਜਾਂਦਾ।

ਸਾਰੇ ਸਵਰਗਾਂ ਦੀ ਗੱਲ ਕਰਦੇ ਹਨ, ਪਰ ਕਦੀ ਕੋਈ ਜੀਊਂਦਾ ਬੰਦਾ ਸਵਰਗ ਵਿਚ ਸੁੱਖ ਮਾਣ ਕੇ ਵਾਪਿਸ ਆ ਕੇ ਦੱਸਦਾ ਨਹੀਂ ਕਿ ਸਵਰਗ ਵਿਚ ਮੈਂ ਇਹੋ ਜਿਹਾ ਸੁੱਖ ਮਾਣਿਆ ਹੈ। ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਜੇਕਰ ਇਕ ਬੰਦੇ ਕੋਲ ਸਵਰਗ ਦਾ ਸੁੱਖ ਹੋਵੇ, ਸਵਰਗ ਦੀ ਉਸਨੂੰ ਪ੍ਰਾਪਤੀ ਹੋ ਜਾਵੇ ਤਾਂ ਨਾਮ ਜੱਪਣ ਵਾਲੇ ਦਾ, ਕੋਈ ਮਤਲਬ ਨਹੀਂ ਸਵਰਗ ਦੇ ਸੁੱਖਾਂ ਨਾਲ। ਸੱਚ ਜਾਣੋ, ਇਹ ਵੀ ਇਕ ਇੰਦਰਿਆਂ ਦਾ ਸੁੱਖ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਾਲਾ ਇਹਨਾਂ ਇੰਦਰਿਆਂ ਦੇ ਦੁਨਿਆਵੀ ਸੁੱਖਾਂ ਤੋਂ ਉੱਪਰ ਉੱਠ ਕੇ ਕੇਵਲ ਪ੍ਰਮਾਤਮਾ ਦੇ ਨਾਮ ਵਿਚ ਆਤਮਕ ਸੁੱਖ ਦੀ ਖੋਜ ਵਿਚ ਤੁਰਦਾ ਹੈ। ਜਦੋਂ ਅੰਦਰ ਦਾ ਟਿਕਾਅ ਆ ਜਾਏ। ਅੰਦਰ ਨਾਮ ਦਾ ਰਸ ਆ ਜਾਏ। ਫਿਰ ਗੁਰਮੁਖੋ! ਇਸ ਸਰੀਰ ਦਿਆਂ ਇੰਦਰਿਆਂ ਦੇ ਵਿਚੋਂ ਵੀ ਅੰਦਰ ਦਾ ਸੁੱਖ ਮਿਲੇਗਾ। ਫੇਰ ਨੇਤਰਾਂ ਦੇ ਵਿਚ ਵੀ ਨਾਮ ਝਰਦਾ ਹੈ। ਕੰਨਾਂ ਵਿਚ ਵੀ ਨਾਮ ਦੀ ਸਰੋਤ ਹੈ। ਰਸਨਾ ਵਿਚ ਵੀ ਪ੍ਰਮਾਤਮਾ ਦੀ ਯਾਦ ਹੈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਿਹਰ ਪਏ ਕਰਦੇ ਹਨ। ਸਿਰਫ਼ ਵਿਚਾਰ ਦਾ ਵਿਸ਼ਾ ਹੈ ਮਾਇਆ ਤੇ ਅੱਗ। ਦੋਨੋਂ ਇਕੋ ਜਿਹੇ ਹਨ। ਹਜ਼ੂਰ ਫ਼ਰਮਾਂਦੇ ਹਨ- ਬਸੰਤਿ ਸੁਰਗ ਲੋਕਹ ਜੇਕਰ ਕੋਈ ਇਨਸਾਨ ਸਵਰਗ ਲੋਕ ਦੇ ਵਿਚ ਵੱਸਦਾ ਹੋਵੇ। ਕੋਈ ਆਦਮੀ ਆਪਣਾ ਟਿਕਾਣਾ ਉਥੇ ਕਰੇ ਜਿਥੇ ਸਾਰੇ ਸੁੱਖਾਂ ਦੀ ਪ੍ਰਾਪਤੀ ਹੈ। *ਬਸੰਤਿ ਸੁਰਗ ਲੋਕਹ* ਤੇ ਫਿਰ ਇਕੱਲਾ ਸਵਰਗ ਲੋਕ ਹੀ ਨਹੀਂ, ਇਸ ਧਰਤੀ ਦੇ ਹਰ ਬੰਦੇ ਨੂੰ ਉਸ ਬੰਦੇ ਨੇ ਜਿੱਤਿਆ ਹੋਵੇ। ਹਰ ਬੰਦਾ ਉਹਨੇ ਆਪਣਾ ਗ਼ੁਲਾਮ ਬਣਾਇਆ ਹੋਵੇ।

ਬਸੰਤਿ ਸੁਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ॥

ਪਰ ਪਿਆਰਿਓ! ਮਾਇਆ ਵਿਆਪਕ ਗਈ।

ਬਿਸਰੰਤ ਹਰਿ ਗੋਪਾਲਹ

ਬੇਨਤੀ ਮੈਂ ਕਰ ਰਿਹਾ ਹਾਂ ਕਿ ਰੱਬ ਦਾ ਵਿਸਰਨਾ ਮਾਇਆ ਹੈ। ਵਿਸਰ ਜਾਣਾ ਮਾਇਆ ਅਗਨ ਵਿਆਪਦੀ ਹੈ। ਸਾਈਂ ਦੀ ਯਾਦ ਆ ਜਾਏ ਤਾਂ ਅੱਗ ਦੇ ਵਿਚ ਵੀ ਸਕੂਨ ਹੈ। ਸਾਹਿਬ ਕਹਿੰਦੇ ਹਨ-

ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ॥ ੧॥
ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ॥

ਕਿਉਂਕਿ-

ਹਰਿ ਬਿਨੁ ਜੀਉ ਜਲ ਬਲਿ ਜਾਉ॥

(ਅੰਗ ੧੪)

ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ॥
ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ॥ ੨॥

ਹਜ਼ੂਰ ਨੇ ਫਿਰ ਦੇਖੋ ਅੱਗੇ ਵਿਆਖਿਆ ਕੀਤੀ ਹੈ। ਮਾਇਆ ਜਿਸ ਨੂੰ ਆਪਾਂ ਸਮਝਦੇ ਹਾਂ, ਛਾਇਆ ਮੇਰੇ ਨਾਲ ਨਿੱਭਣ ਵਾਲੀ ਹੈ। ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ-

ਪਉੜੀ॥ ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥

ਹੈ ਇਹ ਖ਼ਤਰਨਾਕ ਜੰਗਲ ਸੀ। ਇਹਨੂੰ ਤੂੰ ਇਕ ਸ਼ਹਿਰ, ਇਕ ਨਗਰ ਸਮਝ ਕੇ ਟਿਕਾਣਾ ਕਰੀ ਬੈਠਾ ਹੈਂ।

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥
ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥
ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ॥

ਜਿਸ ਛਾਂ ਨੂੰ ਤੂੰ ਆਪਣੀ ਸਮਝਦਾ ਸੀ-

ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ॥
ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ॥

ਪੂਰੇ ਗੁਰੂ ਤੋਂ ਬਿਨਾਂ ਨਾਮ ਤੋਂ ਬਿਨਾਂ ਸਵਰਗ ਦਾ ਸੁੱਖ ਵੀ ਸੱਚ ਜਾਣੋ, ਅੱਗ ਦਾ ਰੂਪ ਧਾਰਨ ਕਰੀ ਬੈਠਾ ਹੈ। ਉਹ ਟਿਕਾਅ ਨਹੀਂ ਆਉਣ ਦੇਂਦਾ। ਸਾਹਿਬ ਕਹਿੰਦੇ ਹਨ-

ਹਰਿ ਬਿਨੁ ਜੀਉ ਜਲਿ ਬਲਿ ਜਾਉ॥

(ਅੰਗ ੧੪)

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥

(ਅੰਗ ੯੨੧)

ਮਾਇਆ ਤੇ ਅਗਨ ਸਭ ਇਕੋ ਜਿਹੀ ਹੈ। ਮਾਇਆ ਤੇ ਅੱਗ ਦੋਵਾਂ ਦਾ ਸੇਕ ਇਕੋ ਜਿਹਾ ਹੈ। ਦੋਵਾਂ ਦੇ ਅੰਦਰੋਂ ਤਪਸ਼ ਇਕੋ ਜਿਹੀ ਬਾਹਰ ਨਿਕਲਦੀ ਹੈ। ਸਾਹਿਬ ਕਿਰਪਾਲੂ ਦੇ ਬਚਨ ਆਪ ਨਾਲ ਸਾਂਝੇ ਕਰ ਰਿਹਾ ਹਾਂ। ਧੰਨ ਗੁਰੂ ਨਾਨਕ ਸਾਹਿਬ ਕਹਿੰਦੇ ਹਨ। ਹੇ ਪ੍ਰਭੂ! ਜੇ ਇੰਨਾ ਸੁੱਖ ਦੇਂਦਾ ਹੈਂ ਤਾਂ ਤੂੰ ਕਿਰਪਾ ਕਰੀਂ ਕਿ ਕਦੀ ਤੇਰੀ ਯਾਦ ਮੇਰੇ ਹਿਰਦੇ ਦੇ ਵਿਚੋਂ ਵਿਸਰ ਨਾ ਜਾਏ। ਤੇਰਾ ਨਾਮ, ਤੇਰੀ ਅੰਦਰ ਦੀ ਰਹਿਮਤ ਮੇਰੇ ਅੰਦਰੋਂ ਵਿਸਰ ਨਾ ਜਾਏ। ਜਿੰਨ੍ਹਾਂ ਨੇ ਦਿਨ ਰਾਤ ਪ੍ਰਮਾਤਮਾ ਨੂੰ ਚੇਤੇ ਕੀਤਾ ਹੈ, ਉਹਨਾਂ ਨੂੰ ਸਭ ਕੁਛ ਚੇਤੇ ਰਹਿੰਦਾ ਹੈ। ਸੱਚ ਜਾਣੋ ਇਹੀ ਚੇਤੇ ਨਹੀਂ ਰਹਿੰਦਾ। ਕੇਵਲ ਇਕ ਸਵਾਸ ਦੇ ਵਿਚ ਸ਼ਬਦ ਪੂਰਾ ਹੋ ਜਾਂਦਾ ਹੈ। ਵਾਹਿਗੁਰੂ ਸ਼ਬਦ ਕਹਿੰਦੇ ਨੂੰ ਕਿੰਨੀ ਕੁ ਦੇਰ ਲੱਗਦੀ ਹੈ। ਜਿਹੜੀਆਂ ਗੱਲਾਂ ਕਈ ਕਈ ਸਾਲ ਘੰਟਿਆਂ ਬੱਧੀ ਅਸੀਂ ਕੀਤੀਆਂ, ਉਹ ਤਾਂ ਚੇਤੇ ਦਿਨ ਰਾਤ ਰਹਿੰਦੀਆਂ ਹਨ, ਪਰ ਇਸ

ਪਾਪੀ ਮਨ ਦਾ ਸੁਭਾਅ ਹੈ, ਜਿਹੜਾ ਔਖੇ ਸੁਵਾਸ ਵਿਚ, ਇਕ ਸਵਾਸ ਦੇ ਵਿਚ ਵਾਹਿਗੁਰੂ ਕਿਹਾ ਜਾਂਦਾ ਹੈ, ਉਸ ਇਕ ਸਆਸ ਨੂੰ, ਉਸ ਇਕ ਵਾਹਿਗੁਰੂ ਨੂੰ ਚਿਤ ਵਿਚ ਚੇਤੇ ਰੱਖਣਾ ਬੜਾ ਮੁਸ਼ਕਿਲ ਲੱਗਦਾ ਹੈ। ਜਦੋਂ ਇਸਨੂੰ ਚੇਤੇ ਕਰਦੇ ਹਾਂ ਤਾਂ ਵੀ ਇਹ ਚੇਤੇ ਨਹੀਂ ਆਉਂਦਾ। ਇਸਦੇ ਚੇਤੇ ਵਿਚ ਵੀ ਉਹ ਚੇਤਾ ਆਉਂਦਾ ਹੈ ਜਿਸਨੂੰ ਅਸੀਂ ਚੇਤੇ ਨਹੀਂ ਕਰਨਾ ਚਾਹੁੰਦੇ।

ਜਦੋਂ ਕੋਈ ਇਨਸਾਨ ਕਿਸੇ ਸੰਸਾਰ ਦੇ ਰੱਸ ਵਿਚ ਪੂਰਨ ਤੌਰ 'ਤੇ ਭਿੱਜਦਾ ਹੈ, ਤਾਂ ਅਤਿ ਦਾ ਰੱਸ ਮਾਨਣ ਲਈ ਆਪਣੀਆਂ ਅੱਖਾਂ ਦੀਆਂ ਦੋਨੋਂ ਪੁਤਲੀਆਂ ਨੂੰ ਬੰਦ ਕਰਦਾ ਹੈ। ਜਦੋਂ ਕੋਈ ਨਾਮ ਦੇ ਰੱਸ ਵਿਚ ਅਤਿ ਦਾ ਭਿੱਜਦਾ ਹੈ, ਉਦੋਂ ਬਦੋ-ਬਦੀ ਉਸਦੇ ਨੇਤਰਾਂ ਦੇ ਦੋਨੋਂ ਕੋਪਟੇ ਆਪਣੇ ਆਪ ਹੀ ਬੰਦ ਹੋ ਜਾਂਦੇ ਹਨ। ਕਿਉਂਕਿ ਉਹ ਕਿਸੇ ਆਨੰਦ ਵਿਚ ਟਿੱਕਿਆ ਹੈ। ਕਬੀਰ ਸਾਹਿਬ ਦਾ ਅਸੀਂ ਇਕ ਬਚਨ ਪੜ੍ਹਦੇ ਹਾਂ-

ਨੈਂਹ ਲੋਇਨ ਕਰਿ ਰਹਉ ਲੇ ਸਾਜਨ ਘਟਿ ਮਾਹਿ॥
ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥

(ਅੰਗ ੧੩੭੭)

ਮੈਂ ਆਪਣੇ ਨੇਤਰ ਬੰਦ ਕਰ ਆਪਣੇ ਪਿਆਰੇ ਨੂੰ ਆਪਣੇ ਅੰਦਰ ਦਿਨ ਰਾਤ ਦੇਖਦੀ ਪਈ ਹਾਂ। ਹਜ਼ੂਰ ਬਚਨ ਕਰਦੇ ਹਨ ਕਿ ਪਹਿਲੀ ਗੱਲ ਇਹਨਾਂ ਅੱਖਾਂ ਨਾਲ ਪਿਆਰੇ ਦੀ ਝਲਕ, ਪਿਆਰੇ ਦੇ ਦੀਦਾਰ ਹੋਣ। ਉਹ ਇਕ ਹੈ ਪਰ ਅਨੇਕਾਂ ਵਿਚੋਂ ਵੀ ਕੇਵਲ ਇਕ ਦੀ ਤਸਵੀਰ ਭਾਸੇ। ਬਾਬੇ ਨਾਨਕ ਨੇ ਉਸਨੂੰ ਅਨੇਕਾਂ ਵਿਚੋਂ ਇਕ ਨੂੰ ਦੇਖਿਆ। ਅਸੀਂ ਰੋਜ਼ ਬਚਨ ਪੜ੍ਹਦੇ ਹਾਂ ਕਿ-

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥

(ਅੰਗ ੧੩)

ਕਹਿੰਦੇ ਹਨ ਘੱਟੋ ਘੱਟ ਉਸਦੀ ਸੁਰਤ ਨੂੰ ਆਪਣੇ ਹਿਰਦੇ ਦੇ ਵਿਚ ਤੂੰ ਟਿਕਾਅ ਕੇ ਰੱਖੀਂ ਤੇ ਜੇ ਪਿਆਰਿਉ, ਇਹੋ ਜਿਹਾ ਸਮਾਂ ਆਵੇ ਕਿ ਹਿਰਦੇ ਵਿਚੋਂ ਉਸਦੀ ਸੁਰਤ ਵੀ ਚਲੀ ਜਾਏ ਤਾਂ ਫਿਰ ਕਹਿੰਦੇ ਹਨ ਕਿ ਅਰਦਾਸ ਕਰ ਕਿ ਤੇਰੀ ਰਸਨਾ ਤੋਂ ਉਸ ਪਿਆਰੇ ਦਾ ਨਾਮ ਕਦੀ ਨਾ ਵਿਸਰੇ ਤੇ ਜੇ ਰਸਨਾ ਤੋਂ ਨਾਮ ਵਿਸਰ ਗਿਆ, ਸੱਚ ਜਾਣੀ, ਫਿਰ ਅੱਗ ਮਾਇਆ ਵਿਆਪ ਗਈ। ਕਹਿਣ ਲੱਗੇ ਸਰੀਰ ਵਿਚੋਂ ਜਿੰਦ ਚਲੀ ਜਾਏ, ਇਹ ਪ੍ਰਵਾਨ ਹੈ, ਉਸਦਾ ਭੁੱਲ ਜਾਣਾ ਮੇਰੇ ਅੰਦਰ ਨੂੰ ਦੁੱਖ ਦੇਵੇਗਾ। ਕਬੀਰ ਸਾਹਿਬ ਕਹਿੰਦੇ ਹਨ ਕਿ ਜਿਵੇਂ ਵਾਜੇ ਵੱਜਦੇ ਦੇਖਦੇ ਹਾਂ ਤਾਂ ਦੂਜੇ ਦੀ ਆਵਾਜ਼ ਨਹੀਂ ਸੁਣਾਈ ਦਿੰਦੀ। ਬੰਦਾ ਬੋਲੇ ਤਾਂ ਆਪਣੀ ਆਵਾਜ਼ ਵੀ ਕਈ ਵਾਰੀ ਕੰਨਾਂ ਨਾਲ ਸੁਣਾਈ ਨਹੀਂ ਦਿੰਦੀ। ਕਬੀਰ ਸਾਹਿਬ ਕਹਿੰਦੇ ਹਨ ਕਿ ਜਦੋਂ ਮਾਇਆ ਅੰਦਰ ਵਿਆਪਦੀ ਹੈ ਤਾਂ ਪਿਆਰਿਉ, ਇੰਨਾ ਵੱਡਾ ਢੋਲ ਨਗਾਰਾ ਲੈ

ਕੇ ਆਉਂਦੀ ਹੈ ਕਿ ਉਸਦੇ ਨਗਾਰੇ ਦੀ ਆਵਾਜ਼ ਵਿਚ ਬੰਦੇ ਨੂੰ ਆਪਣੇ ਜ਼ਮੀਰ ਦੀ ਆਵਾਜ਼ ਵੀ ਸੁਣਾਈ ਨਹੀਂ ਦਿੰਦੀ। ਇਹੀ ਕਾਰਨ ਹੈ ਕਿ ਜਦੋਂ ਮਾਇਆ ਕਿਸੇ ਦੇ ਅੰਦਰ ਵਿਆਪ ਜਾਏ ਉਸਦੀ ਜ਼ਮੀਰ ਵੀ ਸੜ ਕੇ ਰਾਖ ਹੋ ਜਾਂਦੀ ਹੈ।

ਜਿਸ ਬੰਦੇ ਕੋਲ ਦੋ ਚੀਜ਼ਾਂ ਹਨ, ਅਸਲ ਵਿਚ ਉਹ ਉਸਦੀ ਤਬਾਹੀ ਦਾ ਕਾਰਨ ਬਣ ਜਾਂਦੀਆਂ ਹਨ। ਮਹਾਰਾਜ ਕਿਹੜੀਆਂ? ਕਹਿਣ ਲੱਗੇ ਇਕ ਜਿਸ ਬੰਦੇ ਕੋਲ ਦੌਲਤ ਬਹੁਤ ਹੈ ਤੇ ਦੂਸਰੀ ਦੌਲਤ ਦੇ ਨਾਲ ਉਸ ਕੋਲ ਜਵਾਨੀ ਵੀ ਹੈ। ਅਜਿਹੇ ਬੰਦੇ ਨੂੰ ਕਾਮੀ ਬਣਾਉਣ ਦੀ ਲੋੜ ਨਹੀਂ। ਰੱਬ ਭੁੱਲ ਜਾਏ ਤਾਂ ਮਾਇਆ ਅਗਨ ਉਸਦੇ ਵਿਚ ਕਾਮ ਦਾ ਰੂਪ ਧਾਰਨ ਕਰ ਜਾਂਦੀ ਹੈ। ਉਸ ਬੰਦੇ ਨੂੰ ਕ੍ਰੋਧੀ ਬਣਾਉਣ ਦੀ, ਹੰਕਾਰੀ ਬਣਾਉਣ ਦੀ ਲੋੜ ਨਹੀਂ, ਰੱਬ ਭੁੱਲ ਜਾਏ ਤਾਂ ਇਹ ਦੋ ਚੀਜ਼ਾਂ ਬੰਦੇ ਨੂੰ ਕਾਮੀ ਵੀ, ਕ੍ਰੋਧੀ ਵੀ, ਹੰਕਾਰੀ ਵੀ ਬਣਾ ਦਿੰਦੀਆਂ ਹਨ। ਜੇ ਬੰਦੇ ਨੇ ਸੇਵਾ ਸਿਮਰਨ ਕੀਤਾ ਹੋਵੇ ਤੇ ਜੇ ਇਸਦੇ ਅੰਦਰ ਸ਼ੱਕੇ ਦੀਆਂ ਦੋ ਬੂੰਦਾਂ ਕਾਂਜੀ ਦੀਆਂ ਆ ਜਾਣ, ਤਾਂ ਕਈ ਵਾਰੀ ਕਈ ਸਾਲਾਂ ਦੀ ਕਮਾਈ ਕੀਤੀ ਹੋਈ ਵੀ ਅਜਾਈਂ ਚਲੀ ਜਾਂਦੀ ਹੈ। ਜੇ ਇਕ ਚਿੰਗਾਰੀ ਰੂੰ ਨੂੰ ਸਾੜ ਕੇ ਰਾਖ ਕਰ ਸਕਦੀ ਹੈ, ਜਿਸ ਬੰਦੇ ਦੇ ਅੰਦਰ ਭਾਵਨਾ ਹੈ, ਰੱਬ ਨਾ ਕਰੇ ਜੇ ਉਸਦੇ ਅੰਦਰ ਦੁਬਿਧਾ ਦੇ ਫੁਰਨੇ ਉੱਠਣ, ਇਕ ਫੁਰਨਾ ਵੀ ਕਈ ਦਿਨਾਂ ਦੀ ਇਕਾਗਰਤਾ ਨੂੰ ਤੋੜ ਸਕਦਾ ਹੈ। ਜ਼ਿੰਦਗੀ ਤਾਂ ਨਾਮ ਰੱਸ ਨੂੰ ਮਾਨਣ ਲਈ ਮਿਲੀ ਹੈ। ਜਿਨ੍ਹਾਂ ਨੇ ਪ੍ਰਮਾਤਮਾ ਪਾਉਣਾ ਹੈ, ਉਹ ਹਰ ਕਰਮ ਵਿਚ ਯਤਨ ਕਰਦੇ ਹਨ ਕਿ ਮਾਇਆ ਦੇ ਛੱਲ ਛਿੱਦਰ ਤੋਂ ਬੱਚ ਜਾਈਏ। ਲੋੜਵੰਦ ਦੀ ਸੇਵਾ ਵਿਚੋਂ ਮਾਇਆ ਦੀ ਖਿੱਚ ਨਾ ਰਖੀਂ, ਲੋੜਵੰਦ ਦੀ ਸੇਵਾ ਵਿਚੋਂ ਤੂੰ ਰੱਬ ਨੂੰ ਝਾਤੀ ਮਾਰ ਕੇ ਦੇਖੀਂ।

ਅੱਜ ਮੇਰੇ ਧੰਨ ਗੁਰੂ ਅਮਰਦਾਸ ਜੀ ਨੇ ਕ੍ਰਿਪਾਲਤਾ ਕੀਤੀ ਤੇ ਪਹਿਲਾ ਬਚਨ ਕੀਤਾ-

ਮਾਇਆ ਭੁਇਅੰਗਮੁ ਸਰਪੁ ਹੈ

ਭੁਇਅੰਗਮੁ ਦਾ ਅੱਖਰੀ ਅਰਥ ਸੱਪ ਹੈ। ਕਹਿਣ ਲੱਗੇ ਪਿਆਰਿਉ, ਮਾਇਆ ਇਕ ਖ਼ਤਰਨਾਕ ਸੱਪ ਦੀ ਤਰ੍ਹਾਂ ਹੈ। ਜਗੁ ਘੇਰਿਆ- ਇਸ ਮਾਇਆ ਸੱਪ ਨੇ ਸਾਰੀ ਦੁਨੀਆਂ ਨੂੰ ਆਪਣੇ ਵਿਚ ਘੇਰਿਆ ਹੈ।

ਜਗੁ ਘੇਰਿਆ ਬਿਖੁ ਮਾਇ॥

ਕਹਿੰਦੇ ਹਨ ਸਾਰੀ ਦੁਨੀਆਂ 'ਤੇ ਮਾਇਆ ਸੱਪ ਆਪਣਾ ਜ਼ਹਿਰ ਚਾਰ ਚੁਫੇਰੇ ਫੈਲਾ ਕੇ ਹਰ ਇਕ ਬੰਦੇ ਨੂੰ ਇਸ ਨੇ ਡੰਗਿਆ ਹੈ।

ਬਿਖੁ ਕਾ ਮਾਰਣੁ ਹਰਿ ਨਾਮੁ ਹੈ

ਪ੍ਰਮਾਤਮਾ ਨੇ ਜੇ ਸੱਪ ਪੈਦਾ ਕੀਤਾ ਹੈ ਤਾਂ ਸੱਪ ਨੂੰ ਮਾਰਨ ਵਾਲਾ ਮੰਤਰ ਵੀ ਪੈਦਾ ਕਰ ਦਿੱਤਾ ਹੈ। ਜੇ ਮਾਇਆ ਜ਼ਹਿਰ ਉਸਨੇ ਪੈਦਾ ਕੀਤਾ ਹੈ ਤੇ ਉਸਨੇ ਇਸ ਬਿਖ ਨੂੰ ਮਾਰਨ ਵਾਸਤੇ ਇਕ ਮਸਾਲਾ ਵੀ ਬਣਾਇਆ ਹੈ। ਬਿਖ ਨੂੰ ਮਾਰਨ ਵਾਲਾ ਜਿਹੜਾ ਮਸਾਲਾ ਹੈ, ਉਹ

ਹਰਿ ਨਾਮ ਹੈ।

ਗੁਰ ਗਰੁੜ ਸਬਦੁ ਮੁਖਿ ਪਾਇ॥

ਜਿਹੜਾ ਮੂੰਹ ਵਿਚ ਗਰੜ ਮੰਤਰ ਨੂੰ ਜੱਪਦਾ ਹੈ, ਉਹ ਜ਼ਹਿਰੀਲੇ ਤੋਂ ਜ਼ਹਿਰੀਲੇ ਸੱਪ ਨੂੰ ਵੀ ਆਪਣੇ ਵੱਸ ਵਿਚ ਕਰ ਲੈਂਦਾ ਹੈ। ਸੱਪ ਡੰਗ ਮਾਰੇ, ਗਰੜ ਮੰਤਰ ਕਰਨ ਵਾਲੇ ਦੇ ਉਤੇ ਅਸਰ ਨਹੀਂ। ਨਾਮ ਕੌਣ ਜੱਪੇਗਾ? ਸਾਹਿਬ ਕਹਿਣ ਲੱਗੇ-

ਜਿਨ ਕਉ ਪੂਰਬਿ ਲਿਖਿਆ

ਜਿਨ੍ਹਾਂ ਦੇ ਪੂਰਬਲੇ ਭਾਗ ਲਿਖੇ,

ਤਿਨ ਸਤਿਗੁਰ ਮਿਲਿਆ ਆਇ॥

ਉਹਨਾਂ ਨੂੰ ਸ਼ਬਦ ਦੀ ਦਾਤ ਦੇਣ ਵਾਲਾ ਪੂਰਾ ਸਤਿਗੁਰੂ ਆ ਮਿਲਿਆ। ਸਤਿਗੁਰੂ ਦੀ ਪ੍ਰਾਪਤੀ ਉਹਨਾਂ ਨੂੰ ਹੋਈ। ਜਦੋਂ ਸਤਿਗੁਰ ਮਿਲੇ।

ਮਿਲਿ ਸਤਿਗੁਰ ਨਿਰਮਲੁ ਹੋਇਆ

ਸਤਿਗੁਰ ਨੂੰ ਮਿਲਦਿਆਂ ਸਾਰ ਅੰਦਰ ਦੀ ਨਿਰਮਲਤਾਈ ਮਿਲੀ।

ਬਿਖੁ ਹਉਮੈ ਗਇਆ ਬਿਲਾਇ॥

ਜਿਹੜੀ ਵਿਕਾਰਾਂ ਦੀ ਜ਼ਹਿਰ ਸੀ, ਉਹ ਆਪਣੇ ਆਪ ਨਿਕਲ ਗਈ। ਸਾਹਿਬ ਕਹਿੰਦੇ ਹਨ-

ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ॥

ਗੁਰੂ ਦੇ ਸਨਮੁਖ ਰਹਿਣ ਵਾਲੇ, ਉਹਨਾਂ ਦੇ ਮੂੰਹ ਕਲੰਕੀ ਨਹੀਂ। ਉਹਨਾਂ ਦੇ ਮੂੰਹ ਉਜਲੇ ਹਨ ਅਤੇ ਉਨ੍ਹਾਂ ਨੂੰ ਗੁਰੂ ਦੇ ਦਰ ਤੋਂ ਸੋਭਾ ਮਿਲਦੀ ਹੈ। ਸਤਿਗੁਰੂ ਜੀ! ਮੁੱਖ ਕਿੰਨਾ ਦੇ ਉਜਲੇ ਹਨ?

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

(ਅੰਗ ੮)

ਜਿਨ੍ਹਾਂ ਗੁਰਮੁਖਾਂ ਨੇ ਨਾਮ ਜੱਪਿਆ, ਸਾਹਿਬ ਕਹਿੰਦੇ ਹਨ-

ਜਨ ਨਾਨਕੁ ਸਦਾ ਕੁਰਬਾਣੁ

ਧੰਨ ਗੁਰੂ ਅਮਰਦਾਸ ਕਹਿੰਦੇ ਹਨ ਕਿ ਪਿਆਰਿਓ! ਮੈਂ ਉਹਨਾਂ ਤੋਂ ਵਾਰਨੇ ਜਾਂਦਾ ਹਾਂ,

ਜਨ ਨਾਨਕ ਸਦਾ ਕੁਰਬਾਣੁ ਤਿਨ ਜੋ ਚਾਲਹਿ ਸਤਿਗੁਰ ਭਾਇ॥ ੨੨ ॥

ਜਿਹੜੇ ਗੁਰੂ ਦੇ ਭਾਣੇ ਵਿਚ ਚੱਲਦੇ ਹਨ, ਉਹਨਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ। ਸਭਨਾਂ ਉੱਤੇ ਮਾਇਆ ਨੇ ਪ੍ਰਭਾਵ ਪਾਇਆ ਹੈ, ਪਰ ਕੋਈ ਟਾਵਾਂ ਟਾਵਾਂ ਗੁਰਮੁਖ ਜਿਨ੍ਹਾਂ ਦੀ ਰਸਨਾ 'ਤੇ ਗੁਰੂ ਨੇ ਆਪਣੇ ਨਾਮ ਦਾ ਵਾਸਾ ਕਰਾ ਦਿੱਤਾ, ਉਹ ਫਿਰ ਬੈਰਾਗੀ ਬਣ ਗਏ। ਜਿਨ੍ਹਾਂ 'ਤੇ ਰੱਬ ਨੇ ਮੇਹਰ ਕਰ ਦਿੱਤੀ, ਉਹ ਮਾਇਆ ਦੀ ਮਮਤਾ ਤੋਂ ਉੱਪਰ ਉੱਠ ਗਏ। ਉਹਨਾਂ ਦਾ ਸੰਸਾਰ ਵਿਚ ਆਉਣਾ ਵੀ ਸਫਲ, ਪ੍ਰਮਾਤਮਾ ਦੇ ਘਰ ਵਿਚ ਜਾਣਾ ਵੀ ਉਹਨਾਂ ਦਾ ਸਫਲ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਲੋਭੀ ਕਾ ਵੇਸਾਹੁ ਨ ਕੀਜੈ

ਸਲੋਕ ਮਹਲਾ ੩ ੧ੴ ਸਤਿਗੁਰ ਪ੍ਰਸਾਦਿ॥

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥
ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ॥
ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ॥
ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ॥
ਜਨਮ ਮਰਨ ਕੀ ਮਲੁ ਉਤਰੈ ਜਨ ਨਾਨਕ ਹਰਿ ਗੁਨ ਗਾਇ॥ ੪੦॥

(ਅੰਗ ੧੪੧੭)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਤਿਕਾਰ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ! ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦਾ ਵਾਰਾਂ ਦੇ ਵਧੀਕ ਵਿਚੋਂ 40 ਨੰਬਰ ਜੋ ਸਲੋਕ ਹੈ, ਇਸਦਾ ਪਾਠ ਆਪ ਜੀ ਨੇ ਸਰਵਨ ਕੀਤਾ ਹੈ। ਇਥੇ ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਨੇ ਦੋ ਬਚਨ ਸਾਡੀ ਜ਼ਿੰਦਗੀ ਦੀ ਰੂਹਾਨੀ ਤਰੱਕੀ ਵਾਸਤੇ ਬਖ਼ਸ਼ਿਸ਼ ਕੀਤੇ। ਪਹਿਲਾ ਬਚਨ ਧੰਨ ਗੁਰੂ ਅਮਰਦਾਸ ਜੀ ਕ੍ਰਿਪਾਲੂ ਜੀ ਦਾ ਹੈ ਕਿ ਜਿਹੜਾ ਬੰਦਾ ਲੋਭੀ, ਲਾਲਚੀ ਤੇ ਸੁਆਰਥੀ ਹੈ, ਜਿਥੋਂ ਤੱਕ ਵਾਹ ਲੱਗੇ ਉਸ ਲਾਲਚੀ ਬੰਦੇ ਦਾ ਕਦੀ ਵੀ ਭਰੋਸਾ ਨਾ ਕਰਨਾ। ਮਹਾਰਾਜ ਕਿਉਂ? ਕਹਿਣ ਲੱਗੇ ਇਹ ਲੋਕ ਵਿਸ਼ਵਾਸ-ਘਾਤ ਕਰਦੇ ਹਨ। ਕਈ ਵਾਰੀ ਲਾਲਚੀ ਬੰਦਾ ਆਪਣੇ ਸੁਆਰਥ ਨੂੰ ਮੁੱਖ ਰੱਖਕੇ ਬੰਦੇ ਨੂੰ ਇਹੋ ਜਿਹੀ ਖੁੱਡ ਵਿਚ ਸੁੱਟਦਾ ਹੈ ਕਿ ਇਨਸਾਨ ਕਦੀ ਸੋਚਦਾ ਹੀ ਨਹੀਂ ਜ਼ਿੰਦਗੀ ਵਿਚ। ਲਾਲਚੀ ਆਪਣਾ ਸੁਆਰਥ ਕਰਕੇ ਨਿਕਲ ਗਿਆ ਤੇ ਜਿਸਦੇ ਨਾਲ ਧੋਖਾ ਕੀਤਾ, ਉਹ ਸਾਰੀ ਜ਼ਿੰਦਗੀ ਰੋਂਦਾ ਰਹਿ ਗਿਆ। ਸਤਿਗੁਰੂ ਕਹਿੰਦੇ ਹਨ ਕਿ ਉਸ ਉੱਤੇ ਭਰੋਸਾ ਨਾ ਕਰ। ਮਨਮੁਖ ਅਤੇ ਲਾਲਚੀ ਬੰਦੇ ਦੀ ਸੰਗਤ ਕਰੋਗੇ ਤਾਂ ਸਾਹਿਬ ਕਹਿੰਦੇ ਹਨ ਕਿ ਉਹ ਆਪ ਕਲੰਕੀ ਹੈ ਤੇ ਚੇਤੇ ਰਖੋ ਉਸ ਕਲੰਕੀ ਬੰਦੇ ਦੀ ਸੰਗਤ

ਕਰਨ ਵਾਲੇ ਨੂੰ ਵੀ ਕਈ ਵਾਰੀ ਕਲੰਕ ਲੱਗ ਜਾਂਦਾ ਹੈ। ਸਤਿਗੁਰ ਕਹਿੰਦੇ ਹਨ ਕਿ ਇਹਨਾਂ ਲਾਲਚੀਆਂ ਦੇ ਮੂੰਹ ਕਾਲੇ ਹਨ, ਆਪਣੇ ਜੀਵਨ ਨੂੰ, ਆਪਣੇ ਜਨਮ ਨੂੰ ਵਿਅਰਥ ਗਵਾ ਕੇ ਚਲੇ ਗਏ।

ਦੂਸਰਾ ਬਚਨ ਇਹ ਕੀਤਾ ਕਿ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰ, ਹੇ ਪ੍ਰਭੂ! ਤੁਸੀਂ ਕ੍ਰਿਪਾ ਕਰੋ, ਮੈਨੂੰ ਸਤਿਸੰਗ ਦਾ ਮਿਲਾਪ ਬਖ਼ਸ਼ੋ। ਮੈਨੂੰ ਅੰਦਰੋਂ ਤੇ ਬਾਹਰੋਂ ਨਿਰਮਲੇ ਗੁਰਮੁਖਾਂ ਦੀ ਸੰਗਤ ਬਖ਼ਸ਼ ਦਿਉ। ਫਿਰ ਅਰਦਾਸ ਕਰ ਕਿ ਨਾਮ ਮੇਰੇ ਹਿਰਦੇ ਵਿਚ ਵੱਸ ਜਾਏ ਤੇ ਜੇ ਤੇਰੇ ਹਿਰਦੇ ਵਿਚ ਨਾਮ ਵੱਸ ਜਾਏ, ਸਤਿਸੰਗਤ ਵਿਚ ਤੂੰ ਜੁੜ ਗਿਆ ਤਾਂ ਗੁਰੂ ਅਮਰਦਾਸ ਕਹਿੰਦੇ ਹਨ, ਹਕੀਕਤ ਹੈ ਕਿ ਤੇਰੇ ਅੰਦਰ ਦੀ ਮੈਲ ਉਤਰ ਜਾਏਗੀ ਤੇ ਸਦਾ ਪ੍ਰਮੇਸ਼ਰ ਦੇ ਗੁਣ ਗਾਏਂਗਾ। ਲਾਲਚੀ ਬੰਦੇ ਦਾ ਭਰੋਸਾ ਕੋਈ ਨਹੀਂ ਤੇ ਅਰਦਾਸ ਕਰ ਤੈਨੂੰ ਗੁਰਮੁਖਾਂ ਦੀ ਸਤਿਸੰਗ ਮਿਲ ਜਾਏ।

ਮਨੁੱਖ ਦਾ ਸਰੀਰ ਪ੍ਰਮੇਸ਼ਰ ਨੇ ਪੰਜਾਂ ਤੱਤਾਂ ਦਾ ਬਣਾਇਆ ਹੈ। ਇਸ ਪੰਜਾਂ ਤੱਤਾਂ ਦੇ ਸਰੀਰ ਦੇ ਵਿਚ ਉਸ ਮਾਲਕ ਨੇ ਪੰਜ ਧਾਤੂ ਵੀ ਟਿਕਾਅ ਦਿੱਤੇ ਹਨ। ਇਹਨਾਂ ਪੰਜਾਂ ਤੱਤਾਂ ਦੇ ਨਾਲ ਮਨੁੱਖ ਦੇ ਅੰਦਰ ਪੰਜ ਗੁਣ ਵੀ ਹਨ ਤੇ ਇਹਨਾਂ ਦੀ ਦੁਰਵਰਤੋਂ ਕਰਨ ਦੇ ਨਾਲ ਇਹ ਗੁਣ ਦੋਸ਼ ਬਣ ਜਾਂਦੇ ਹਨ। ਜਿੱਥੇ ਪੰਜ ਤੱਤ ਹਨ ਉਥੇ ਪੰਜ ਵਿਸ਼ੇ ਵੀ ਹਨ ਮਨੁੱਖ ਦੇ ਅੰਦਰ।

ਇਕ ਦਿਨ ਅਰਜ਼ ਕੀਤੀ ਸੀ ਕਿ ਇਹਨਾਂ ਨੂੰ ਵਿਸ਼ ਸ਼ਬਦ ਵਰਤਿਆ ਹੈ। ਇਥੇ ਵਿਸ਼ ਦਾ ਅਰਥ ਹੈ ਜ਼ਹਿਰ। ਪੰਜ ਤੱਤਾਂ ਦੇ ਪੰਜ ਗੁਣ ਹਨ - ਸ਼ਬਦ, ਸਪਰਸ਼, ਰੱਸ, ਰੂਪ ਤੇ ਗੰਧ। ਇਸੇ ਨਾਲ ਪ੍ਰਮਾਤਮਾ ਨੇ ਪੰਜ ਵਿਸ਼ੇ ਪਾ ਦਿੱਤੇ। ਇਹਨਾਂ ਪੰਜ ਵਿਸ਼ਿਆਂ ਨੂੰ ਜ਼ਹਿਰ ਕਿਉਂ ਕਹਿੰਦੇ ਹਨ? ਆਮ ਤੌਰ 'ਤੇ ਕਿਸੇ ਭਾਂਡੇ ਵਿਚ ਜ਼ਹਿਰ ਪਿਆ ਹੋਵੇ ਤਾਂ ਉਹ ਭਾਂਡੇ 'ਤੇ ਅਸਰ ਨਹੀਂ ਕਰਦਾ। ਜੇ ਕਿਸੇ ਨੇ ਸੱਪ ਦਾ ਜ਼ਹਿਰ ਕੱਢ ਕੇ ਕਿਸੇ ਕੱਚ ਦੇ ਨਿੱਕੇ ਜਿਹੇ ਭਾਂਡੇ ਵਿਚ ਰੱਖ ਦਿੱਤਾ ਹੈ ਤਾਂ ਉਸ ਭਾਂਡੇ 'ਤੇ ਕੋਈ ਅਸਰ ਨਹੀਂ, ਭਾਵੇਂ ਜਿੰਨੇ ਸਾਲ ਮਰਜ਼ੀ ਪਿਆ ਰਹੇ। ਹਾਂ, ਉਸ ਭਾਂਡੇ ਵਿਚੋਂ ਕੱਢ ਕੇ ਜੇ ਕਿਸੇ ਨੂੰ ਦੋ ਚਾਰ ਬੂੰਦਾਂ ਜ਼ਹਿਰ ਦਿੱਤਾ ਜਾਏ ਤਾਂ ਉਸ ਬੰਦੇ ਉੱਤੇ ਅਸਰ ਕਰੇਗਾ, ਉਸਦੀ ਮੌਤ ਹੋ ਸਕਦੀ ਹੈ।

ਚੇਤੇ ਰੱਖੋ, ਸਰੀਰ ਇਕ ਭਾਂਡਾ ਹੈ। ਇਸਦੇ ਵਿਚ ਪੰਜ ਵਿਸ਼ੇ ਹਨ। ਜ਼ਹਿਰ ਪਏ ਹਨ। ਕਿਸੇ ਨੂੰ ਕਹਿਣ ਦੀ ਲੋੜ ਨਹੀਂ ਕਿ ਬੰਦੇ ਦੇ ਸਰੀਰ ਦੇ ਭਾਂਡੇ ਵਿਚ ਪਏ ਹੋਏ ਵਿਸ਼ੇ ਹੀ ਇਸਨੂੰ ਖ਼ਤਮ ਕਰ ਦਿੰਦੇ ਹਨ। ਇਸ ਭਾਂਡੇ ਵਿਚ ਪਿਆ ਜ਼ਹਿਰ ਇਸ ਬੰਦੇ ਦੇ ਅੰਦਰ ਨੂੰ ਖ਼ਤਮ ਕਰ ਦਿੰਦਾ ਹੈ।

ਸਤਿਗੁਰ ਨੇ ਇਹਨਾਂ ਪੰਜਾਂ ਦੀ ਮਾਰ ਦੀ ਗੱਲ ਕਰਦਿਆਂ ਇਕ ਬਚਨ ਕਿਹਾ ਹੈ-

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ

ਚੋਰ ਵੀ ਕਹਿ ਦਿੱਤਾ ਤੇ ਚੋਰ ਦਾ ਅੱਖਰੀ ਅਰਥ ਆਪਾਂ ਕਹਿੰਦੇ ਹਾਂ ਕਿ ਜਿਹੜਾ ਕੋਈ ਕੀਮਤੀ ਚੀਜ਼ ਨੂੰ ਚੁਰਾ ਲਏ। ਇਹ ਪੰਜ ਚੋਰ ਹਨ। ਮਹਾਰਾਜ ਚੋਰ ਕਿਵੇਂ? ਕ੍ਰਿਪਾਲੂ ਦਾਤਾ ਜੀ ਕਹਿਣ ਲੱਗੇ ਕਿ ਇਸ ਕਰਕੇ ਕਿਉਂਕਿ ਪੰਜ ਤੇਰੇ ਅੰਦਰ ਬੈਠੇ ਤੇਰੇ ਗੁਣਾਂ ਨੂੰ ਚੁਰਾ ਕੇ ਲਈ ਜਾਂਦੇ ਹਨ ਤੇ ਔਗੁਣਾਂ ਦੀ ਤੇਰੇ ਅੰਦਰ ਭਰਮਾਰ ਕਰੀ ਜਾ ਰਹੇ ਹਨ।

ਇਸ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥

(ਅੰਗ ੬੦੦)

ਮਨਮੁਖ ਬੰਦੇ ਨੂੰ ਸਮਝ ਨਹੀਂ ਕਿ ਇਹ ਪੰਜ ਇਸਨੂੰ ਦਿਨ ਰਾਤ ਠੱਗਦੇ ਪਏ ਹਨ। ਹਜ਼ੂਰ ਦੇ ਇਹ ਅੰਮ੍ਰਿਤ ਬਚਨ ਬੰਦੇ ਉੱਤੇ ਲਾਗੂ ਹੁੰਦੇ ਹਨ। ਇਸ ਜੀਵ ਦੇ ਅੰਦਰ ਦੀ ਬੇਬਸੀ ਕਿਵੇਂ ਹੈ, ਹਜ਼ੂਰ ਦਾ ਇਕ ਹੋਰ ਪ੍ਰਮਾਣ ਹੈ-

ਅਵਰਿ ਪੰਚ ਹਮ ਏਕ ਜਨਾ॥

ਇਹ ਪੰਜ ਹਨ ਤੇ ਮੈਂ ਇੱਕਲਾ ਹਾਂ।

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥

(ਅੰਗ ੧੫੫)

ਰੋਜ਼ ਮਾਰਦੇ ਹਨ। ਕਿਸਦੇ ਕੋਲ ਜਾ ਕੇ ਮੈਂ ਆਪਣੇ ਅੰਦਰ ਦੀ ਵੇਦਨਾ, ਦੁੱਖ ਨੂੰ ਪ੍ਰਗਟ ਕਰਾਂ, ਕਿਉਂਕਿ ਇਹ ਪੰਜੇ ਮੈਨੂੰ ਟਿਕਣ ਨਹੀਂ ਦਿੰਦੇ। ਅੱਜ ਦਾ ਵਿਸ਼ਾ ਹੈ ਕਿ ਲਾਲਚੀ ਬੰਦੇ 'ਤੇ ਕਦੀ ਭਰੋਸਾ ਨਾ ਕਰੀਂ। ਲਾਲਚ ਕਿਸਨੂੰ ਕਹਿੰਦੇ ਹਨ? ਲਾਲਚੀ ਬੰਦੇ 'ਤੇ ਕਿਉਂ ਨਹੀਂ ਭਰੋਸਾ ਕਰਨਾ? ਲਾਲਚੀ ਬੰਦੇ ਦੀ ਬਿਰਤੀ ਕਿਵੇਂ ਦੀ ਹੈ? ਲਾਲਚੀ ਬੰਦਾ ਜਿੰਨਾ ਮਰਜ਼ੀ ਧਨ ਇੱਕਠਾ ਕਰ ਲਏ, ਚੇਤੇ ਰੱਖੋ ਉਹ ਆਪਣੀ ਜ਼ਿੰਦਗੀ ਵਿਚ ਇਕ ਕੌਡੀ ਦਾ ਵੀ ਕਦੀ ਲਾਭ ਨਹੀਂ ਲੈ ਸਕਦਾ। ਸਤਿਗੁਰੂ ਨੇ ਲਾਲਚ ਦੇ ਸਬੰਧੀ ਇਕ ਪ੍ਰਮਾਣ ਦਿੱਤਾ ਹੈ। ਕਹਿੰਦੇ ਹਨ ਕਿ ਲਾਲਚ ਇਕ ਉਹ ਅੰਦਰ ਦੀ ਬਿਰਤੀ ਹੈ ਜਿਹੜੀ ਬੰਦੇ ਦੇ ਅੰਦਰ ਤ੍ਰਿਸ਼ਨਾ ਨੂੰ ਵੀ ਜਨਮ ਦਿੰਦੀ ਹੈ। ਬੰਦਾ ਲਾਲਚ ਵਿਚ ਪਿਆ ਪਾਪਾਂ ਨੂੰ ਜਨਮ ਦਿੰਦਾ ਹੈ। ਲਾਲਚੀ ਬੰਦਾ ਹਮੇਸ਼ਾ ਪਾਪ ਕਰੇਗਾ ਕਿਉਂਕਿ ਲਾਲਚੀ ਬੰਦੇ ਦੇ ਸਾਹਮਣੇ ਕੇਵਲ ਪੈਸਾ ਹੈ, ਉਸਨੂੰ ਭਾਵੇਂ ਉਹ ਜਾਇਜ਼ ਤਰੀਕੇ ਨਾਲ ਹਾਸਿਲ ਕਰੇ, ਚਾਹੇ ਨਾਜਾਇਜ਼ ਤਰੀਕੇ ਨਾਲ ਹਾਸਲ ਕਰੇ, ਚਾਹੇ ਉਸਨੂੰ ਪਾਖੰਡ ਕਰਕੇ ਪ੍ਰਾਪਤ ਕਰੇ, ਲਾਲਚੀ ਬੰਦਾ ਆਪਣੇ ਘਰ ਪੈਸਿਆਂ ਨੂੰ ਇਕੱਠਿਆਂ ਕਰਨ ਦਾ ਯਤਨ ਕਰਦਾ ਹੈ, ਧਰਮ ਦੀ ਕਿਰਤ ਨਹੀਂ ਕਰਦਾ।

ਹਜ਼ੂਰ ਨੇ ਲਾਲਚ ਦੀ ਪ੍ਰੀਭਾਸ਼ਾ ਦਿੰਦਿਆਂ ਬਹੁਤ ਸੋਹਣਾ ਇਕ ਸਲੋਕ ਕਿਹਾ ਹੈ। ਹਜ਼ੂਰ ਕਹਿੰਦੇ ਹਨ-

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ॥
ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤ ਬਹੁ ਡੋਲਤੇ॥
ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ॥
ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ ਅਸਾਜ੍ਯੰ ਸਾਜਿ ਸਮਜਯਾ॥

(ਅੰਗ ੧੩੫੮)

ਸਾਹਿਬ ਕਹਿੰਦੇ ਹਨ - ਲੋਭਾ ਦਾ ਅਰਥ ਹੁੰਦਾ ਹੈ ਲਾਲਚ ਤੇ ਲੰਪਟ ਦਾ ਅਰਥ ਹੁੰਦਾ ਹੈ ਚੰਮੜਨਾ। ਸਿਰਮੋਰਹ ਦਾ ਅੱਖਰੀ ਅਰਥ ਹੈ ਜਿਹੜੇ ਸ਼੍ਰੋਮਣੀ ਹਨ। ਹੇ ਲਾਲਚ! ਜਿਹੜੇ ਬੰਦੇ ਆਪਣੇ ਆਪ ਨੂੰ ਬੜੇ ਸਿਆਣੇ ਤੇ ਸ਼੍ਰੋਮਣੀ ਕਹਾਉਂਦੇ ਹਨ, ਤੂੰ ਉਹਨਾਂ ਸ਼੍ਰੋਮਣੀ ਬੰਦਿਆਂ ਉੱਤੇ ਵੀ ਆਪਣੀ ਗਰਿਫ਼ਤ ਪਾ ਕੇ ਬੈਠਾ ਹੈਂ। ਉਹ ਵੱਡੇ ਵੱਡੇ ਆਪਣੇ ਆਪ ਨੂੰ ਧਰਮੀ ਗਿਆਨੀ ਕਹਿਣ ਵਾਲੇ ਬੰਦਿਆਂ ਉੱਤੇ ਵੀ ਆਪਣਾ ਅਸਰ ਤੂੰ ਪਾਈ ਬੈਠਾ ਹੈਂ। ਤੇਰੀ ਇਕ ਲਹਿਰ ਨਹੀਂ, ਅਨੇਕਾਂ ਲਹਿਰਾਂ ਲਾਲਚ ਪੈਦਾ ਕਰਦੀਆਂ ਹਨ। ਜਿਹੜੇ ਜੀਵ ਹਨ ਉਸ ਲਾਲਚ ਦੀਆਂ ਲਹਿਰਾਂ ਵਿਚ ਕਲੋਲ ਪਏ ਕਰਦੇ ਹਨ। ਧਾਵੰਤ ਦਾ ਅੱਖਰੀ ਅਰਥ ਹੈ ਭਟਕਣਾ। ਭੱਟਕਦੇ ਪਏ ਹਨ ਜੀਵ। ਜਿਨ੍ਹਾਂ ਦੇ ਅੰਦਰ ਤੇਰਾ ਬੋਲ-ਬਾਲਾ ਹੋ ਗਿਆ, ਉਹਨਾਂ ਜੀਵਾਂ ਦੇ ਅੰਦਰ ਨੂੰ ਟਿਕਾਅ ਦੇਈਂ। ਉਹਨਾਂ ਬੰਦਿਆਂ ਦੇ ਅੰਦਰ ਤੂੰ ਅਨੇਕਾਂ ਤਰ੍ਹਾਂ ਨਾਲ ਡੁਲਾ ਦਿੱਤੇ ਹਨ।

ਅਗਲਾ ਬਚਨ ਹੈ ਮਹਾਰਾਜ ਜਿਸ ਬੰਦੇ ਉੱਤੇ ਲਾਲਚ ਅਸਰ ਕਰ ਜਾਏ ਤੇ ਆਮ ਇਨਸਾਨ ਨੂੰ ਕਿਵੇਂ ਪਤਾ ਚੱਲੇ ਕਿ ਇਸ ਬੰਦੇ ਉੱਤੇ ਲਾਲਚ ਨੇ ਅਸਰ ਕਰ ਦਿੱਤਾ ਹੈ? ਮੇਰੇ ਧੰਨ ਗੁਰੂ ਅਰਜਨ ਦੇਵ ਜੀ ਸਾਹਿਬ ਕਹਿਣ ਲੱਗੇ ਕਿ ਉਸ ਦਾ ਲੱਛਣ ਇਹ ਹੈ ਕਿ ਲਾਲਚੀ ਬੰਦਾ ਕਦੀ ਵੀ ਆਪਣੇ ਮਿੱਤਰਾਂ ਨਾਲ ਸੱਚੀ ਮਿੱਤਰਤਾ ਨਹੀਂ ਪਾਲਦਾ। ਚੇਤੇ ਰੱਖੋ, ਗੁਰੂ ਗ੍ਰੰਥ ਸਾਹਿਬ ਵਿਚ ਹਜ਼ੂਰ ਨੇ ਇਥੋਂ ਤੱਕ ਬਚਨ ਕਿਹਾ ਹੈ ਕਿ ਜਿਹੜਾ ਲਾਲਚੀ ਬੰਦਾ ਹੈ ਉਹ ਸੰਸਾਰ ਦੀ ਮਿੱਤਰਤਾ ਨਹੀਂ ਪਾਲ ਸਕਦਾ ਤੇ ਲਾਲਚੀ ਬੰਦਾ ਰੱਬ ਦੀ ਮਿੱਤਰਤਾ ਵੀ ਨਹੀਂ ਪਾਲ ਸਕਦਾ। ਬਾਬਾ ਫ਼ਰੀਦ ਜੀ ਦਾ ਇਕ ਅੰਮ੍ਰਿਤ ਬਚਨ ਪੜ੍ਹਦੇ ਹਾਂ-

ਫਰੀਦਾ ਜਾ ਲਬੁ ਤਾ ਨੇਹੁ ਕਿਆ॥

(ਅੰਗ ੧੩੭੮)

ਜਿਸ ਬੰਦੇ ਦੇ ਅੰਦਰ ਲਾਲਚ ਹੈ ਉਥੇ ਪ੍ਰੇਮ ਕਦੀ ਨਹੀਂ ਟਿੱਕ ਸਕਦਾ। ਲਾਲਚੀ ਬੰਦਾ ਆਪਣੇ ਇਸ਼ਟ 'ਤੇ ਭਰੋਸਾ ਨਹੀਂ ਬਣਾਉਂਦਾ ਤੇ ਲਾਲਚੀ ਬੰਦਾ ਆਪਣੇ ਗੁਰੂ ਦੇ ਘਰ ਵਿਚ ਪਏ ਹੋਏ ਟਕੇ ਨੂੰ ਵੀ ਖਾਣ ਤੋਂ ਗੁਰੇਜ਼ ਨਹੀਂ ਕਰਦਾ। ਜਿਸਨੇ ਮਿੱਤਰਾਂ ਨੂੰ ਨਹੀਂ ਬਖ਼ਸ਼ਿਆ, ਜਿਸਨੇ ਆਪਣੇ ਇਸ਼ਟ ਨੂੰ ਨਹੀਂ ਬਖ਼ਸ਼ਿਆ, ਸਾਹਿਬ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਉਸਦਾ ਕੋਈ ਭਰੋਸਾ ਨਹੀਂ। ਉਹ ਆਪਣੇ ਸਖਾ, ਬੰਧਪ, ਰਿਸ਼ਤੇਦਾਰ ਨੂੰ ਵੀ ਦਾਅ 'ਤੇ

ਲੱਗਾ ਦਿੰਦਾ ਹੈ। ਲਜਿਆ ਦਾ ਅੱਖਰੀ ਅਰਥ ਹੈ ਸ਼ਰਮ। ਕਹਿੰਦੇ ਹਨ ਜਿਸ ਮਾਂ ਨੇ ਬੱਚੇ ਨੂੰ ਜਨਮ ਦਿੱਤਾ, ਆਪਣਾ ਸਰੀਰ ਦਿੱਤਾ, ਦੁੱਧ ਚੁੰਘਾਇਆ, ਜਿਸ ਪਿਤਾ ਨੇ ਜਫਰ ਜਾਲ ਕੇ, ਘਾਲਣਾ ਘਾਲ ਘਾਲ ਕੇ ਬੱਚੇ ਨੂੰ ਪਾਲਿਆ, ਕਹਿੰਦੇ ਹਨ ਦੇਖੋ ਕਿਵੇਂ ਦਾ ਲਾਲਚ ਬਲਵਾਨ ਹੈ ਕਿ ਜਨਮ ਦੇਣ ਵਾਲੀ ਮਾਂ ਤੇ ਪ੍ਰਵਰਿਸ਼ ਕਰਨ ਵਾਲੇ ਪਿਤਾ ਦਾ ਵੀ ਲਾਲਚੀ ਬੰਦਾ ਕਦੀ ਲਿਹਾਜ਼ ਨਹੀਂ ਕਰਦਾ। ਸਾਹਿਬ ਕਹਿੰਦੇ ਹਨ ਕਿ ਅਸਲ ਵਿਚ ਇਹ ਲਾਲਚੀ ਬੰਦੇ ਦੇ ਲੱਛਣ ਹਨ। ਹਜ਼ੂਰ ਕਹਿੰਦੇ ਹਨ ਕਿ ਉਸ ਤੋਂ ਅੱਗੇ ਉਹ ਬੰਦਾ ਉਹ ਭੈੜੇ ਕਰਮ ਕਰ ਜਾਂਦਾ ਹੈ ਜਿਸਨੂੰ ਦੇਖਕੇ ਦੁਨੀਆਂ ਕੰਬ ਜਾਂਦੀ ਹੈ। ਲਾਲਚੀ ਬੰਦਾ ਉਹ ਕੁਝ ਕਰ ਜਾਂਦਾ ਹੈ, ਜਿਸਦਾ ਇਸ ਕੋਲੋਂ ਕਰਨ ਦੀ ਆਸ ਨਹੀਂ ਹੁੰਦੀ।

ਦੇਖੋ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬੱਚੇ ਬਾਬਾ ਫਤਹਿ ਸਿੰਘ, ਬਾਬਾ ਜੋਰਾਵਰ ਸਿੰਘ ਕਿੰਨੀ ਕੁ ਆਰਬਲਾ ਹੈ ਉਹਨਾਂ ਦੀ। ਜੇ ਸੰਸਾਰੀ ਦ੍ਰਿਸ਼ਟੀ ਨਾਲ ਦੇਖਿਆ ਜਾਏ ਤਾਂ ਅਜੇ ਉਹਨਾਂ ਦੇ ਤਾਲੀਮ ਹਾਸਿਲ ਕਰਨ ਦੇ ਦਿਨ ਹਨ। ਅਜੇ ਉਹਨਾਂ ਨੇ ਜਵਾਨੀ ਵਿਚ ਪ੍ਰਵੇਸ਼ ਕਰਨਾ ਹੈ, ਅਜੇ ਉਹਨਾਂ ਨੇ ਸੰਸਾਰ ਦਾ ਬਹੁਤ ਕੁਝ ਦੇਖਣਾ ਹੈ, ਪਰ ਇਹ ਗੱਲ ਵੱਖਰੀ ਹੈ ਕਿ ਭਾਵੇਂ ਉਹ ਸਰੀਰਕ ਤੌਰ 'ਤੇ ਬਾਲ ਰੂਪ ਦਿੱਸਦੇ ਹਨ, ਪਰ ਗੁਰੂ ਨੇ ਕ੍ਰਿਪਾ ਕਰਕੇ ਆਪਣੇ ਬੱਚਿਆਂ 'ਤੇ ਇੰਨੀ ਕੁ ਮੇਹਰ ਵਰਸਾਈ ਕਿ ਧੁਰੋਂ ਨਵਾਜ਼ੇ ਹੋਏ ਬੱਚਿਆਂ ਦਾ ਅੰਦਰ ਬਜ਼ੁਰਗਾਂ ਨਾਲੋਂ ਵੱਧ ਲਿਆਕਤ ਵਾਲਾ ਹੈ। ਉਹਨਾਂ ਸਾਹਿਬ ਦੇ ਲਾਲਾਂ ਨੂੰ ਦੇਖਕੇ ਪੱਥਰ ਦਿਲ ਵੀ ਪਿਘਲ ਜਾਏਗਾ। ਪਰ ਦੇਖੋ ਇਸ ਲਾਲਚ ਦੀ ਕਰਾਮਾਤ ਕਿ ਉਹੀ ਰਸੋਈਆ, ਜਿਸ ਬੰਦੇ ਨੇ ਕਈ ਸਾਲ ਆਪਣੇ ਇਸ ਘਰ ਦੇ ਵਿਚੋਂ ਰੋਟੀ ਖਾਧੀ, ਪਰ ਜਿਸ ਦਿਨ ਗੰਗੂ ਦੇ ਅੰਦਰ ਲਾਲਚ ਦਾ ਕੁੱਤਾ ਭੌਂਕਿਆ ਤਾਂ ਸੱਚ ਜਾਣੋਂ, ਉਸਨੇ ਜਿਹੜੇ ਕੰਮ ਨਹੀਂ ਕਰਨ ਯੋਗ ਸਨ, ਉਹ ਵੀ ਕਰ ਦਿੱਤੇ। ਉਸਨੇ ਨਾ ਪ੍ਰਵਾਹ ਕੀਤੀ ਆਪਣੇ ਇਸ਼ਟ ਦੀ, ਨਾ ਪ੍ਰਵਾਹ ਕੀਤੀ ਆਪਣੇ ਗੁਰੂ ਦੀ, ਨਾ ਪ੍ਰਵਾਹ ਕੀਤੀ ਇਸ ਘਰ ਦੇ ਨਮਕ ਦੀ। ਸਾਹਿਬ ਕਹਿੰਦੇ ਹਨ ਕਿ ਜਿਹੜੀਆਂ ਚੀਜ਼ਾਂ ਨਹੀਂ ਖਾਣ ਯੋਗ, ਲਾਲਚੀ ਬੰਦਾ ਨਾ ਖਾਣ ਯੋਗ ਚੀਜ਼ਾਂ ਵੀ ਖਾ ਜਾਂਦਾ ਹੈ। ਕਹਿਣ ਲੱਗੇ ਜਿਹੜੀ ਚੀਜ਼ ਨਹੀਂ ਬਣਾਉਣੀ ਚਾਹੀਦੀ, ਲਾਲਚੀ ਬੰਦੇ ਸਮਾਜ ਵਿਚ ਉਹ ਕੁਝ ਵੀ ਸਿਰਜ ਦਿੰਦੇ ਹਨ, ਜਿਸ ਤੋਂ ਲੋਕ ਤ੍ਰਾਸ ਤ੍ਰਾਸ ਕਰ ਉੱਠਦੇ ਹਨ।

ਧੰਨ ਗੁਰੂ ਅਰਜਨ ਸਾਹਿਬ ਦੇ ਅੰਮ੍ਰਿਤ ਬਚਨਾਂ ਅਨੁਸਾਰ ਲਾਲਚੀ ਉਹ ਹੈ ਜਿਹੜਾ ਸਿਰਫ਼ ਮਾਇਆ ਨੂੰ ਮੁੱਖ ਰੱਖ ਕੇ ਚਲਿਆ ਹੈ। ਉਸ ਬੰਦੇ ਨੇ ਨਾ ਇਸ਼ਟ ਦੀ, ਨਾ ਮਿੱਤਰ ਦੀ, ਨਾ ਭੈਣ ਦੀ, ਨਾ ਭਰਾ ਦੀ, ਨਾ ਪੁੱਤਰ ਦੀ, ਨਾ ਸੰਸਾਰ ਦੀ, ਕਿਸੇ ਦੀ ਵੀ ਪ੍ਰਵਾਹ ਨਹੀਂ ਕੀਤੀ। ਹਜ਼ੂਰ ਕਹਿੰਦੇ ਹਨ ਕਿ ਜਦੋਂ ਹਲਕ ਜਾਏ ਕੁੱਤਾ ਤਾਂ ਉਸਦੇ ਵੱਲ ਝਾਤੀ ਮਾਰ ਕੇ ਦੇਖੋ, ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਲਾਲਚ ਦੀ ਤੁਲਨਾ ਹਲਕੇ ਹੋਏ ਕੁੱਤੇ ਨਾਲ ਕੀਤੀ ਗਈ ਹੈ। ਇਕ ਕੁੱਤਾ ਜਿਸ ਦੇ ਅੰਦਰ ਤ੍ਰਿਸ਼ਨਾ ਹੈ, ਉਸ ਕੂਕਰ ਦਾ ਸੁਭਾਅ ਦੇਖੋ। ਇਹ ਬੰਦਾ ਜਦੋਂ ਲਾਲਚ ਨੂੰ ਮੁੱਖ ਰੱਖ ਕਿਸੇ ਦੇ ਨੇੜੇ ਲੱਗਦਾ ਹੈ, ਉਦੋਂ ਉਸ ਦੀਆਂ ਗੱਲਾਂ ਨੂੰ ਸੁਣੋ ਤਾਂ

ਤੁਸੀਂ ਪ੍ਰਭਾਵਿਤ ਬਹੁਤ ਹੋਵੋਗੇ। ਉਸ ਦੀਆਂ ਚਿਕਨੀਆਂ-ਚੋਪੜੀਆਂ ਗੱਲਾਂ ਵਿਚ ਆ ਜਾਂਦੇ ਹਾਂ ਤੇ ਪਤਾ ਹੀ ਉਦੋਂ ਲੱਗਦਾ ਹੈ ਜਦੋਂ ਉਹ ਸਾਡੇ ਘਰ ਦਾ ਸਭ ਕੁਝ ਲੈ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਨੇ ਇਥੇ ਦੋ ਪ੍ਰਮਾਣ ਦਿੱਤੇ ਹਨ। ਇਕ ਤਾਂ ਬਚਨ ਅਸੀਂ ਪੜ੍ਹਦੇ ਹਾਂ ਜੋ ਗੁਰੂ ਗ੍ਰੰਥ ਸਾਹਿਬ ਦੇ ਬਸੰਤ ਰਾਗ ਦਾ ਅੰਤਲਾ ਸ਼ਬਦ ਹੈ ਤੇ ਇਸ ਸ਼ਬਦ ਦੇ ਉਚਾਰਨ ਕਰਤਾ ਹਨ ਭਗਤ ਕਬੀਰ ਜੀ। ਇਹ ਸ਼ਬਦ ਪ੍ਰਾਰੰਭ ਹੁੰਦਾ ਹੈ-

ਸੁਰਹ ਕੀ ਜੈਸੀ ਤੇਰੀ ਚਾਲ॥
ਤੇਰੀ ਪੂੰਛਟ ਊਪਰਿ ਝਮਕ ਬਾਲ॥ ੧॥
ਇਸ ਘਰ ਮਹਿ ਹੈ ਸੁ ਤੂ ਢੂੰਢਿ ਖਾਹਿ॥
ਅਉਰ ਕਿਸ ਹੀ ਕੇ ਤੂ ਮਤਿ ਹੀ ਜਾਹਿ॥

(ਅੰਗ ੧੧੯੬)

ਸੁਰਹ ਦਾ ਅੱਖਰੀ ਅਰਥ ਹੈ ਸੁਰਬੀ ਗਾਂ। ਕਹਿੰਦੇ ਹਨ ਕਦੀ ਤੁਸੀਂ ਤ੍ਰਿਸ਼ਨਾਲੂ ਕੁੱਤੇ ਵੱਲ ਦੇਖੋ। ਤ੍ਰਿਸ਼ਨਾਲੂ ਕੁੱਤਾ ਜਦੋਂ ਵੀ ਕਿਸੇ ਦੇ ਘਰ ਆਉਂਦਾ ਹੈ ਤੇ ਉਸਦੀ ਚਾਲ ਦੇਖਕੇ ਇੰਝ ਲੱਗਦਾ ਹੈ ਕਿ ਇਹ ਇੰਨਾ ਭੋਲਾ ਤੇ ਸਿਆਣਾ ਹੈ। ਇਸ ਕੁੱਤੇ ਨੂੰ ਦੇਖਕੇ ਲੱਗਦਾ ਹੈ ਕਿ ਕਦੀ ਵੀ ਇਹ ਵੱਢੇਗਾ ਨਹੀਂ। ਕਬੀਰ ਕਹਿੰਦੇ ਹਨ, ਹੇ ਲਾਲਚੀ ਬੰਦੇ! ਤੇਰੀ ਚਾਲ ਤਾਂ ਇਕ ਗਾਂ ਦੀ ਤਰ੍ਹਾਂ ਹੈ, ਜਿਵੇਂ ਸ਼ਰੀਫ਼ ਗਾਂ ਤੁਰਦੀ ਪਈ ਹੈ। ਤੇ ਕੁੱਤੇ ਦੀ ਪੂਛ ਜਦੋਂ ਉਹ ਤੁਰਦਾ ਹੈ ਤਾਂ ਉਸਦੇ ਵਾਲ ਚਮਕਦੇ ਹਨ। ਕਹਿੰਦੇ ਹਨ ਤੇਰੀ ਪੂਛ ਨੂੰ, ਤੇਰੇ ਚਿਹਰੇ ਨੂੰ, ਤੇਰੇ ਆਉਣ ਦੇ ਢੰਗ ਨੂੰ ਦੇਖ ਕੇ ਲੱਗਦਾ ਹੈ ਕਿ ਨਾਮ ਤੇਰਾ ਕੁੱਤਾ ਹੈ ਪਰ ਹਕੀਕਤ ਵਿਚ ਤੂੰ ਗਾਂ ਹੈਂ। ਸਾਹਿਬ ਕਹਿੰਦੇ ਹਨ, ਚੇਤੇ ਰੱਖੋ ਲਾਲਚੀ ਬੰਦਾ ਵੀ ਗਾਂ ਦਾ ਰੂਪ ਬਣਕੇ ਆਇਆ ਹੈ। ਹੌਲੀ-ਹੌਲੀ ਬੋਲੇਗਾ, ਮਿੱਠੀਆਂ ਮਿੱਠੀਆਂ ਗੱਲਾਂ ਕਰੇਗਾ। ਹੇ ਬੰਦੇ! ਜਿਹੜਾ ਪ੍ਰਮਾਤਮਾ ਨੇ ਤੈਨੂੰ ਆਪਣਾ ਘਰ ਦਿੱਤਾ ਹੈ, ਤੂੰ ਆਪਣੇ ਘਰ ਵਿਚੋਂ ਹੀ ਉਸਨੂੰ ਢੂੰਡ ਕੇ ਖਾ, ਹੋਰ ਕਿਸੇ ਦੇ ਘਰ ਵੱਲ ਨਾ ਜਾਈਂ।

ਕਹਿੰਦੇ ਹਨ, ਉਹ ਕੁੱਤਾ ਗਾਂ ਦੀ ਚਾਲ ਦੀ ਤਰ੍ਹਾਂ ਸ਼ਰੀਫ਼ ਬਣ ਕੇ ਆਇਆ। ਪਹਿਲਾਂ ਦਰਵਾਜ਼ੇ ਵਿਚ ਬੈਠਾ ਰਿਹਾ ਤੇ ਜਦੋਂ ਘਰ ਦੇ ਲੋਕ ਇਕ ਪਾਸੇ ਹੋਏ ਤਾਂ ਇਸ ਕੁੱਤੇ ਨੇ ਉਠ ਕੇ ਪਹਿਲਾਂ ਬਰਤਨ ਵਿਚ ਆਪਣਾ ਮੂੰਹ ਮਾਰਿਆ। ਫਿਰ ਸੁਆਣੀ ਨੇ ਰਾਤ ਚੱਕੀ ਵਿਚ ਆਟਾ ਪੀਸਿਆ ਸੀ ਤੇ ਉਸਨੂੰ ਚੇਤਾ ਭੁੱਲ ਗਿਆ ਰਾਤ ਦੇਰ ਤੱਕ ਉਹ ਚੱਕੀ ਪੀਂਹਦੀ ਰਹੀ, ਚਿੱਤ ਵਿਚ ਆਇਆ ਚਲੋ ਸਵੇਰੇ ਦਿਨ ਚੜ੍ਹੇਗਾ, ਥੱਕ ਗਈ ਹਾਂ, ਚੱਕੀ ਦੇ ਪੁੜ ਝਾੜਾਂਗੀ, ਇਸਦੇ ਚਾਰ ਚੁਫੇਰਿਉਂ ਆਟੇ ਨੂੰ ਸਾਫ਼ ਕਰਾਂਗੀ। ਸਾਹਿਬ ਕਹਿੰਦੇ ਹਨ ਉਸ ਕੁੱਤੇ ਨੇ ਅੰਦਰ ਪ੍ਰਵੇਸ਼ ਕੀਤਾ। ਪਹਿਲਾਂ ਬਰਤਨਾਂ ਵਿਚ ਮੂੰਹ ਮਾਰਿਆ। ਪਰਤ ਕੇ ਜਿਸ ਥਾਂ 'ਤੇ ਦਾਣੇ ਪੀਹ ਕੇ ਆਟਾ ਤਿਆਰ ਕੀਤਾ ਸੀ, ਕੁੱਤੇ ਨੇ ਚੱਕੀ ਦੇ ਪੁੜਾਂ ਨੂੰ ਚੱਟਣਾ ਸ਼ੁਰੂ ਕਰ ਦਿੱਤਾ। ਇਥੇ ਵੀ ਸਬਰ

ਨਹੀਂ ਆਇਆ। ਇਸੇ ਕੁੱਤੇ ਨੇ ਜਿਸ ਕੱਪੜੇ ਨਾਲ ਸੁਆਣੀ ਨੇ ਚੱਕੀ ਦੇ ਪੁੜ ਸਾਫ਼ ਕਰਨੇ ਸਨ, ਉਸ ਕੱਪੜੇ ਨੂੰ ਕੁਝ ਆਟਾ ਲੱਗਾ ਸੀ। ਇਹ ਕੁੱਤਾ ਜਾਣ ਲੱਗਿਆ ਉਸ ਕੱਪੜੇ ਨੂੰ ਵੀ ਮੂੰਹ ਵਿਚ ਪਾ ਕੇ ਬਾਹਰ ਚਲਾ ਗਿਆ। ਮਹਾਰਾਜ ਕਹਿਣ ਲੱਗੇ - ਇਹ ਲਾਲਚੀ ਬੰਦੇ ਦੀ ਬਿਰਤੀ ਹੈ।

ਸਾਹਿਬ ਅੱਗੇ ਬਚਨ ਕਰਦੇ ਹਨ-

ਚਾਕੀ ਚਾਟਹਿ ਚੂਨੁ ਖਾਹਿ ॥ ਚਾਕੀ ਕਾ ਚੀਥਰਾ ਕਹਾਂ ਲੈ ਜਾਹਿ ॥

(ਅੰਗ ੧੧੯੬)

ਚੱਕੀ ਦਾ ਜਿਹੜਾ ਕੱਪੜਾ ਪਿਆ ਹੈ ਇਸਨੂੰ ਮੂੰਹ ਵਿਚ ਪਾ ਕੇ ਤੂੰ ਤੁਰ ਪਿਆ। ਕੀ ਇਸਦੇ ਨਾਲ ਤੇਰਾ ਅੰਦਰ ਭਰ ਜਾਏਗਾ? ਜਦੋਂ ਕੁੱਤੇ ਨੂੰ ਹਲਕ ਪੈ ਜਾਂਦਾ ਹੈ, ਉਸਦੇ ਮੂੰਹ ਵਿਚੋਂ ਝੱਗ ਨਿਕਲਣੀ ਸ਼ੁਰੂ ਹੋ ਜਾਂਦੀ ਹੈ। ਉਹੀ ਕੁੱਤਾ ਜਿਹੜਾ ਇਕ ਘਰ ਦੇ ਵਿਚ ਟਿੱਕ ਕੇ ਬੈਠਾ ਰਹਿੰਦਾ ਹੈ, ਜਦੋਂ ਉਸਨੂੰ ਹਲਕ ਪੈਂਦਾ ਹੈ ਉਦੋਂ ਉਹੀ ਕੁੱਤਾ ਮਾਲਕ ਦੇ ਘਰ ਨੂੰ ਛੱਡ ਕੇ ਪਿੰਡ ਦੀਆਂ ਗਲੀਆਂ ਵਿਚ ਦੌੜਨਾ ਸ਼ੁਰੂ ਕਰ ਦਿੰਦਾ ਹੈ। ਜਦੋਂ ਉਸ ਕੁੱਤੇ ਦੇ ਸਾਹਮਣੇ ਕਿਤੇ ਮਾਲਕ ਵੀ ਆ ਜਾਏ ਤਾਂ ਹਲਕਿਆ ਹੋਇਆ ਕੁੱਤਾ ਆਪਣੇ ਮਾਲਕ ਨੂੰ ਵੀ ਕੱਟਣ ਤੋਂ ਗੁਰੇਜ਼ ਨਹੀਂ ਕਰਦਾ। ਲਾਲਚੀ ਬੰਦਾ ਕਦੀ ਆਪਣੀ ਹਮਦਰਦੀ ਕਰਨ ਵਾਲਿਆਂ ਨੂੰ ਵੀ ਨਹੀਂ ਬਖ਼ਸ਼ਦਾ। ਲਾਲਚੀ ਬੰਦੇ ਨੂੰ ਇਕ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਜਿਨ੍ਹਾਂ ਦੀ ਖ਼ਾਤਰ ਉਹ ਇਕੱਠਾ ਕਰਦਾ ਹੈ, ਉਹਨਾਂ ਇਸ ਨੂੰ ਪੁੱਛਣਾ ਨਹੀਂ। ਲਾਲਚੀ ਬੰਦਾ ਪਾਪ ਜ਼ਰੂਰ ਕਰੇਗਾ। ਸਾਹਿਬ ਕਹਿੰਦੇ ਹਨ-

ਲਬੁ ਪਾਪੁ ਦੁਇ ਰਾਜਾ ਮਹਤਾ

ਗੁਰੂ ਨਾਨਕ ਸਾਹਿਬ ਨੇ ਪਹਿਲਾਂ ਦੋ ਲਫ਼ਜ਼ ਕਹੇ ਹਨ ਲਬ ਤੇ ਪਾਪ। ਜਿਥੇ ਲਾਲਚ ਹੈ ਉਥੇ ਪਾਪ ਨੇ ਆਪਣਾ ਵਸੇਬਾ ਜ਼ਰੂਰ ਕਰਨਾ ਹੈ।

ਕੂੜੁ ਹੋਆ ਸਿਕਦਾਰੁ ॥

(ਅੰਗ ੪੬੮)

ਕਹਿੰਦੇ ਹਨ ਕਿ ਆਪ ਲਾਲਚ ਰਾਜਾ ਬਣ ਗਿਆ ਤੇ ਪਾਪ ਨੂੰ ਆਪਣਾ ਚੌਧਰੀ ਬਣਾ ਲਿਆ। ਅਸੀਂ ਕਹੀਏ ਜੀ ਲਾਲਚੀ ਬੰਦਾ ਸੱਚ ਦਾ ਪੁੱਤਲਾ ਹੈ, ਮੇਰੇ ਬਾਬਾ ਨਾਨਕ ਕਹਿੰਦੇ ਹਨ ਕਿ ਜਿਥੇ ਲਾਲਚ ਤੇ ਪਾਪ ਹੈ, ਉਥੇ ਗੁਰਮੁਖੋ, ਸੱਚ ਜਾਣੋ ਝੂਠ ਆਪਣੇ ਆਪ ਹੀ ਆ ਜਾਂਦਾ ਹੈ, ਕਿਉਂਕਿ ਝੂਠ ਤੋਂ ਬਿਨਾਂ ਪਾਪ ਨਹੀਂ ਕਮਾਇਆ ਜਾਂਦਾ ਤੇ ਪਾਪ ਤੋਂ ਬਿਨਾਂ ਲਾਲਚ ਪੂਰਾ ਨਹੀਂ ਹੁੰਦਾ। ਜਦੋਂ ਝੂਠ ਆ ਗਿਆ, ਪਾਪ ਆ ਗਿਆ, ਲਾਲਚ ਆ ਗਿਆ ਫਿਰ ਲਾਲਚੀ ਬੰਦੇ ਨੇ ਕਾਮ ਨੂੰ ਸੱਦਾ ਦੇ ਦਿੱਤਾ। ਤੂੰ ਮੇਰਾ ਅਹਿਲਕਾਰ ਬਣ ਕੇ ਮੈਨੂੰ ਸਲਾਹ ਦੇ। ਮੇਰੇ ਬਾਬਾ ਨਾਨਕ ਕਹਿੰਦੇ ਹਨ ਕਿ ਇਸ ਲਾਲਚ ਦੇ ਬੀਜ ਵੱਲ ਝਾਤੀ ਮਾਰੋ। ਇਹ

ਲਾਲਚ ਹਰ ਬੰਦੇ ਦੇ ਅੰਦਰ ਟਿੱਕਿਆ ਹੈ। ਸਾਹਿਬ ਕਹਿੰਦੇ ਹਨ ਕਿ ਲਾਲਚ ਨੇ ਪਹਿਲਾਂ ਪਾਪ ਨੂੰ ਆਪਣਾ ਕਾਰਦਾਰ ਬਣਾਇਆ, ਕੂੜ ਨੂੰ ਆਪਣਾ ਸਿਰਦਾਰ ਬਣਾ ਦਿੱਤਾ, ਕਾਮ ਨੂੰ ਆਪਣਾ ਸਲਾਹਕਾਰ ਬਣਾ ਦਿੱਤਾ। ਜਿਥੇ ਲਾਲਚ ਰਾਜਾ ਹੋਵੇਗਾ ਉਥੋਂ ਦੀ ਪਰਜਾ ਨੂੰ ਕਦੀ ਵੀ ਸੁਖੀ ਨਾ ਜਾਣਿਓ। ਕਹਿਣ ਲੱਗੇ ਉਥੋਂ ਦੀ ਪਰਜਾ ਵੀ ਅੰਨ੍ਹੀ ਹੋਵੇਗੀ ਤੇ ਉਹ ਪਰਜਾ ਦਿਨ ਰਾਤ ਅੱਗ ਨਾਲ ਭਰੀ ਹੋਈ ਝੂਠ ਹੀ ਬੋਲੀ ਜਾਏਗੀ। ਕੀ ਲਾਲਚ ਦੀ ਪਰਜਾ ਅੱਗੇ ਗਿਆਨਵਾਨ ਹੋਵੇਗੀ? ਕੀ ਕਾਮ ਦੀ ਪਰਜਾ, ਇਥੇ ਪਰਜਾ ਦਾ ਅਰਥ ਲੋਕ ਨਹੀਂ, ਇਥੇ ਪਰਜਾ ਦਾ ਅਰਥ ਹੈ ਅੰਦਰ ਦੀਆਂ ਬਿਰਤੀਆਂ, ਸਾਡੇ ਇੰਦਰੇ। ਜਿਸ ਘਰ ਦੇ ਵਿਚ, ਜਿਸ ਸਰੀਰ ਦੇ ਵਿਚ ਲਾਲਚ ਰਾਜਾ ਹੈ ਉਸ ਦੀਆਂ ਅੱਖਾਂ ਕਦੀ ਪ੍ਰਭੂ ਦੇ ਰੂਪ ਨੂੰ, ਬ੍ਰਹਮ ਦੇ ਦਰਸ਼ਨ ਨਹੀਂ ਕਰਨਗੀਆਂ। ਉਸਦੇ ਕੰਨ ਕਦੀ ਰੱਬ ਦੇ ਗੀਤ ਨਹੀਂ ਸੁਣਨਗੇ। ਉਸ ਦੇ ਹੱਥ ਕਦੀ ਦੱਸਾਂ ਨਹੁੰਆਂ ਦੀ ਕਿਰਤ ਨਹੀਂ ਕਰਨਗੇ। ਉਹ ਕੂੜ ਵਾਲੇ ਪਾਸੇ ਹੀ ਚੱਲਣਗੇ। ਜਿਨ੍ਹਾਂ ਨੂੰ ਤੁਸੀਂ ਗਿਆਨੀ ਕਹਿੰਦੇ ਹੋ, ਸੱਚੇ ਪਾਤਿਸ਼ਾਹ ਕਹਿੰਦੇ ਹਨ ਉਹ ਖ਼ੁਦ ਨੱਚਦੇ ਪਏ ਹਨ। ਉਹ ਲੋਕਾਂ ਦੇ ਇਸ਼ਾਰਿਆਂ 'ਤੇ ਨੱਚਣਗੇ।

ਅਨੇਕਾਂ ਤਰ੍ਹਾਂ ਦਾ ਗਿਆਨਵਾਨ ਬੰਦੇ ਰੂਪ ਧਾਰਨ ਕਰੀ ਬੈਠੇ ਹਨ। ਮੰਦਿਰ ਦਾ ਪੁਜਾਰੀ ਪੂਜਾ ਕਰਨ ਦੀ ਵਿਧੀ ਸਿੱਖਦਾ ਹੈ। ਪਰ ਪੂਜਾ ਸਿੱਖਣ ਤੋਂ ਬਾਅਦ ਉਹ ਭਗਵਾਨ ਦੀ ਖ਼ੋਜ ਵਿਚ ਨਹੀਂ ਚੱਲਦਾ। ਉਹ ਮੰਦਿਰ ਦੀ ਖ਼ੋਜ ਵਿਚ ਇਸ ਲਈ ਜਾਂਦਾ ਹੈ ਤਾਂਕਿ ਕਿਸ ਮੰਦਿਰ ਦਾ ਪੁਜਾਰੀ ਬਣਾਂ, ਉਥੋਂ ਮੇਰੀ ਰੋਟੀ ਚੱਲ ਜਾਏ। ਗੁਰਦੁਆਰੇ ਨੂੰ ਖੋਜਣ ਦੀ ਥਾਂ ਗੁਰਦੁਆਰੇ ਵਿਚ ਬੈਠੇ ਗੁਰੂ ਨੂੰ ਖੋਜਣ ਵੱਲ ਚੱਲੀਏ। ਤੂੰ ਕਿਰਤ ਵੀ ਕਰ, ਤੂੰ ਧਰਮ ਦੀ ਵੀ ਗੱਲ ਕਰ, ਪਰ ਘੱਟੋ ਘੱਟ ਮੰਦਿਰ ਵਿਚ ਬੈਠੇ ਹੋਏ ਭਗਵਾਨ ਨੂੰ ਖੋਜਣ ਦਾ ਯਤਨ ਕਰ। ਸਾਹਿਬ ਕਹਿੰਦੇ ਹਨ ਕਿ ਉੱਚੀ ਸਾਰੀ ਆਵਾਜ਼ ਲਗਾਉਂਦੇ ਪਏ ਹਨ ਦਾੜੀ ਸਿੱਖ, ਵੱਡੇ ਵੱਡੇ ਯੋਧਿਆਂ ਦੇ ਜੀਵਨ ਦੀ ਵਿਚਾਰ ਕਰਦੇ ਹਨ। ਚਾਹੇ ਪ੍ਰਬੰਧਕ ਹੈ, ਚਾਹੇ ਦੁਨੀਆਦਾਰ ਕੋਈ ਬੰਦਾ ਹੈ, ਇਕ ਗੱਲ ਚੇਤੇ ਰੱਖਿਓ, ਰੱਬ ਦੇ ਚਰਨਾਂ ਵਿਚ ਅਰਦਾਸ ਕਰੋ ਕਿ ਗੁਰੂ ਦੇ ਨਾਮ 'ਤੇ ਕਦੀ ਵੀ ਕਿਸੇ ਬੰਦੇ ਅੱਗੇ ਤਲੀ ਨਾ ਅੱਡੀ ਜਾਏ, ਕਿਉਂਕਿ ਮੁਥਾਜ ਹੋ ਜਾਵਾਂਗੇ। ਅੱਜ ਅੱਧੀ ਖਾ ਲਊਗੇ, ਕੱਲ ਨੂੰ ਰੱਬ ਸਾਰੀ ਵੀ ਦੇਵੇਗਾ। ਭਰੋਸਾ ਕਰਿਉ ਕਿ ਜੇ ਇਕ ਥਾਂ 'ਤੇ 100 ਨਹੀਂ ਮਿਲਿਆ ਤਾਂ ਰੱਬ ਮੇਹਰ ਕਰੇ ਦੂਜੀ ਥਾਂ 'ਤੇ ਦੱਸ ਹਜ਼ਾਰ ਵੀ ਦੇ ਸਕਦਾ ਹੈ। ਬਸ ਅੰਦਰ ਨੂੰ ਬੰਦਾ ਟਿਕਾਅ ਸਕੇ।

ਸਾਹਿਬ ਕਹਿੰਦੇ ਹਨ ਕਿ ਵਿਦਵਾਨ ਮੂਰਖ ਬਣ ਗਿਆ, ਲੋਕਾਂ ਨੂੰ ਕਥਾ ਸੁਣਾਉਂਦਾ ਹੈ, ਚਲਾਕੀਆਂ ਸਾਰਿਆਂ ਨਾਲ ਵਰਤਦਾ ਹੈ, ਉਹ ਇਕੱਠੀ ਕੀਤੀ ਹੋਈ ਦੌਲਤ ਨੂੰ ਪਿਆਰ ਕਰੀ ਜਾ ਰਿਹਾ ਹੈ ਤੇ ਬਾਬਾ ਨਾਨਕ ਕਹਿੰਦੇ ਹਨ ਕਿ ਇਸਦੇ ਅੰਦਰ ਲਾਲਚ ਦਾ ਬੀਜ ਨਹੀਂ। ਲਾਲਚ ਦੇ ਕਈ ਰੂਪ ਹਨ। ਲਾਲਚ ਦਾ ਸੰਬੰਧ ਇਕੱਲਾ ਦੌਲਤ ਨਾਲ ਨਹੀਂ। ਜਿਹੜੇ ਬੰਦੇ ਕਹਿੰਦੇ ਹਨ ਕਿ ਮੈਂ ਧਰਮ ਕਮਾਉਣ ਚੱਲਿਆ ਹਾਂ। ਮੈਂ ਖੂਹ ਲਵਾ ਦਿੱਤੇ, ਮੈਂ ਗੁਰਦੁਆਰੇ

ਦੇ ਲੈਂਟਰ ਲਈ ਪੈਸਾ ਦੇ ਦਿੱਤਾ, ਮੇਰੇ ਗੁਰੂ ਸਾਹਿਬ ਕਹਿੰਦੇ ਹਨ, ਤੇਰੇ ਵਿਚ ਵੀ ਤਾਂ ਲਾਲਚ ਹੈ। ਤੂੰ ਕਹਿੰਦਾ ਹੈਂ ਮੈਂ ਧਰਮੀ ਹਾਂ ਤੇ ਸਟੇਜ ਲਵਾ ਕੇ ਆਪਣੀਆਂ ਸਿਫ਼ਤਾਂ ਕਰਾਈ ਜਾਂਦਾ ਹੈਂ। ਆਪਣੀ ਸਿਫ਼ਤ ਕਰਾਉਣਾ ਵੀ ਇਕ ਲਾਲਚ ਹੈ। ਹੰਕਾਰੀ ਹੋ ਕੇ ਕਿਸੇ ਦੀ ਬੇਇਜ਼ਤੀ ਨਾ ਕਰੀਏ, ਪਰ ਇੰਨਾ ਵੀ ਨਾ ਝੁਕ ਜਾਈਏ ਕਿ ਪੱਗ ਹੀ ਉਸਦੇ ਪੈਰਾਂ ਵਿਚ ਰੁੱਲ ਜਾਏ।

ਹਜ਼ੂਰ ਕਹਿੰਦੇ ਹਨ ਕਿ ਜਿਸ ਬੰਦੇ ਦੇ ਅੰਦਰ ਲਾਲਚ ਹੈ, ਉਸਦੀ ਮਿੱਤਰਤਾ ਦਾ ਕਦੀ ਭਰੋਸਾ ਨਾ ਕਰਿਉ। ਉਹ ਕਿਸੇ ਪਾਸੇ ਵੀ ਨਹੀਂ ਲੱਗ ਸਕਦਾ। ਕ੍ਰਿਪਾਲੂ ਦਾਤਾ ਜੀ ਨੇ ਅੱਜ ਅੰਮ੍ਰਿਤ ਬਚਨ ਕਹੇ ਹਨ-

ਲੋਭੀ ਕਾ ਵੇਸਾਹੁ ਨ ਕੀਜੈ

ਲਾਲਚੀ ਬੰਦੇ ਦਾ ਕਦੀ ਵੀ ਭਰੋਸਾ ਨਾ ਕਰਿਉ, ਭਾਵੇਂ ਖ਼ੂਨ ਦਾ ਵੀ ਰਿਸ਼ਤਾ ਹੋਵੇ। ਉਸਦਾ ਕੋਈ ਭਰੋਸਾ ਨਹੀਂ ਕਿ ਉਸਨੇ ਕਦੋਂ ਦਗ਼ਾ ਕਮਾ ਜਾਣਾ ਹੈ।

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥

ਜਿਥੋਂ ਤੱਕ ਹੋ ਸਕੇ ਗੁਰੇਜ਼ ਹੀ ਕਰੋ। ਮਹਾਰਾਜ ਕਿਉਂ? ਕਹਿਣ ਲੱਗੇ ਜਿਸ ਦਿਨ ਉਸਦੇ ਹੱਥ ਮੋਟੀ ਰਕਮ ਕਿਤੇ ਲੱਗ ਗਈ,

ਅੰਤਿ ਕਾਲਿ ਤਿਥੈ ਧੁਹੈ

ਅੰਤਲੇ ਸਮੇਂ ਉਸ ਖੱਡ ਵਿਚ ਸੁੱਟੇਗਾ

ਜਿਥੈ ਹਥੁ ਨ ਪਾਇ॥

ਜਿਥੇ ਤੇਰੇ ਹੱਥ ਪੱਲੇ ਕੁਝ ਰਹੇਗਾ ਨਹੀਂ। ਜਿਥੇ ਤੇਰਾ ਹੱਥ ਪਹੁੰਚਣਾ ਹੀ ਨਹੀਂ। ਕਿਹੜੀ ਥਾਂ 'ਤੇ ਉਸਨੇ ਜਾ ਕੇ ਧੋਖਾ ਦੇ ਦੇਣਾ ਹੈ, ਉਸਦਾ ਕੋਈ ਭਰੋਸਾ ਨਹੀਂ। ਸਾਹਿਬ ਕਹਿਣ ਲੱਗੇ-

ਮਨਮੁਖ ਸੇਤੀ ਸੰਗੁ ਕਰੇ

ਲਾਲਚੀ ਬੰਦਾ ਮਨਮੁਖ ਹੈ। ਉਸ ਬੰਦੇ ਦਾ ਸੰਗ ਕਰਦਿਆਂ

ਮੁਹਿ ਕਾਲਗ ਦਾਗੁ ਲਗਾਇ॥

ਕਹਿੰਦੇ ਹਨ, ਉਹ ਤਾਂ ਦਾਗ਼ੀ ਹੈ। ਜੇ ਤੂੰ ਉਸਦੀ ਸੰਗਤ ਕਰਦਾ ਰਿਹਾ ਤਾਂ ਤੂੰ ਬ੍ਰਹਮ ਗਿਆਨੀ ਥੋੜਾ ਰਹੇਂਗਾ, ਤੇਰੇ ਮਸਤਕ 'ਤੇ ਵੀ ਉਸ ਕਾਲਖ ਦੇ ਧੱਬੇ ਲੱਗ ਜਾਣਗੇ। ਕਾਲੇ ਦਾ ਅੱਖਰੀ ਅਰਥ ਹੈ ਦਾਗ਼ੀ।

ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ॥

ਆਪਣੇ ਪੂਰੇ ਦੇ ਪੂਰੇ ਜਨਮ ਨੂੰ ਗਵਾ ਕੇ ਚੱਲੇ ਗਏ, ਤਬਾਹ ਕਰਕੇ ਚਲੇ ਗਏ। ਗੁਰੂ ਨੂੰ ਵੀ ਦਾਅ 'ਤੇ ਲਾਲਚੀ ਲਗਾ ਦਿੰਦੇ ਹਨ। ਅਗਲਾ ਬਚਨ ਹਜ਼ੂਰ ਨੇ ਕਿਹਾ, ਕਹਿਣ ਲੱਗੇ ਕਿ ਇਕ ਕੰਮ ਕਰ, ਜੇ ਜ਼ਿੰਦਗੀ ਦਾ ਸੁੱਖ ਚਾਹੁੰਦਾ ਹੈਂ ਤਾਂ-

ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ॥

(ਅੰਗ ੧੪੧੭)

ਹੇ ਪ੍ਰਭੂ! ਹੇ ਨਿਰੰਕਾਰ! ਤੁਸੀਂ ਕ੍ਰਿਪਾ ਕਰੋ ਇਹਨਾਂ ਲਾਲਚੀਆਂ ਦੇ ਕਾਫ਼ਲੇ ਤੋਂ ਬਚਾ ਕੇ ਮੈਨੂੰ ਸਤਿਸੰਗਤ ਦਾ ਮੇਲ ਬਖ਼ਸ਼ੋ। ਮੈਨੂੰ ਉਹ ਸੰਗਤ ਦਿਉ।

ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ॥
ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ॥

ਉਹਨਾਂ ਬੰਦਿਆਂ ਦੀ ਸੰਗਤ ਨਾ ਕਰ ਜਿਹੜੇ ਕੇਵਲ ਸੁਆਰਥੀ ਹਨ। ਕਹਿੰਦੇ ਹਨ ਕਿ ਸਤਿਸੰਗਤ ਲਈ ਅਰਦਾਸ ਕਰ, ਹੇ ਸੱਚੇ ਪਾਤਿਸ਼ਾਹ! ਤੁਸੀਂ ਕ੍ਰਿਪਾ ਕਰੋ। ਲਾਲਚੀਆਂ ਤੋਂ ਪਿੱਛਾ ਛੁਡਾ ਦਿਉ।

ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ॥

ਲਾਲਚੀ ਨਹੀਂ, ਕਮਾਈ ਵਾਲਾ ਆਵੇ।

ਭਲਕੇ ਉਠਿ ਪਰਾਹੁਣਾ ਮੇਰੈ ਘਰ ਆਵਉ॥
ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ॥

(ਅੰਗ ੩੧੮)

ਅਰਦਾਸ ਕਰ-

ਸਾਜਨਾ ਸੰਤ ਆਉ ਮੇਰੈ॥੧॥ ਰਹਾਉ॥
ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ॥

(ਅੰਗ ੧੩੦੧)

ਅਰਦਾਸ ਕਰ-

ਓਇ ਸਾਜਨ ਓਇ ਮੀਤ ਪਿਆਰੇ॥
ਜੋ ਹਮ ਕਉ ਹਰਿ ਨਾਮੁ ਚਿਤਾਰੇ॥

(ਅੰਗ ੭੩੯)

ਅਰਦਾਸ ਕਰ-

ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥

(ਅੰਗ ੫੨੦)

ਅਰਦਾਸ ਕਰ ਹੇ ਪ੍ਰਭੂ! ਸਾਨੂੰ ਸਤਿਸੰਗ ਦਾ ਮਿਲਾਪ ਬਖ਼ਸ਼। ਬਖ਼ਸ਼ਿਆਂ ਹੋਇਆਂ ਦੀ

ਸੰਗਤ ਬਖ਼ਸ਼। ਕਹਿਣ ਲੱਗੇ ਕਿ ਸੰਗਤ ਕਰਦਿਆਂ, ਲਾਲਚੀ ਬੰਦੇ ਦੀ ਸੰਗਤ ਕਰਦਿਆਂ ਅੰਦਰ ਲਾਲਚੀ ਹੋਵੇਗਾ ਪਰ ਸਤਿਸੰਗਤ ਵਿਚ ਆਇਆਂ ਅੰਦਰ ਸੰਤੋਖ ਮਿਲੇਗਾ ਤੇ ਸੰਤੋਖ ਇਕ ਅਜਿਹੀ ਖ਼ੁਰਾਕ ਹੈ, ਜਿਸਦੇ ਨਾਲ ਬੰਦੇ ਦਾ ਅੰਦਰ ਰੱਜ ਜਾਂਦਾ ਹੈ।

ਇਕ ਦਿਨ ਮੈਂ ਅਰਜ਼ ਕੀਤੀ ਸੀ ਕਿ ਅੰਮ੍ਰਿਤਸਰ ਸਰੋਵਰ ਦੀ ਤਹਿ ਦੇ ਥੱਲੇ ਸੰਤੋਖਸਰ ਦੀ ਮਿੱਟੀ ਹੈ। ਜਿਸ ਦਿਨ ਅੰਮ੍ਰਿਤ ਸਰੋਵਰ ਬਣਾਇਆ ਸੀ, ਉਸ ਦਿਨ ਜਲ ਛੱਡਿਆ। ਜਲ ਪਾਇਆ ਤੇ ਜਲ ਪਹਿਲੀ ਵਾਰ ਰੁੱਕਿਆ ਨਹੀਂ ਸੀ। ਖ਼ੁਸ਼ਕ ਹੋ ਗਿਆ ਸਰੋਵਰ। ਸਿੱਖਾਂ ਨੇ ਗੁਰੂ ਅਰਜਨ ਸਾਹਿਬ ਨੂੰ ਪੁੱਛਿਆ, ਸੱਚੇ ਪਾਤਿਸ਼ਾਹ! ਇਹ ਸਰੋਵਰ ਨਿਰਮਲ ਜਲ ਰਹਿਣਾ ਸੀ, ਇਹ ਕਿਉਂ ਖ਼ੁਸ਼ਕ ਹੋਇਆ ? ਉੱਤਰ ਦਿੱਤੇ ਨੇ ਕਿ ਸੰਤੋਖਸਰ ਦੀ ਮਿੱਟੀ ਜਿਹੜੀ ਪੁੱਟੀ ਹੈ, ਗੱਡੇ ਭਰ ਕੇ ਲਿਆ ਕੇ ਇਸ ਅੰਮ੍ਰਿਤ ਸਰੋਵਰ ਦੀ ਤਹਿ ਥੱਲੇ ਵਿਛਾਉ ਤੇ ਜੱਲ ਰੁੱਕੇਗਾ। ਸੰਤੋਖਸਰ ਦੀ ਮਿੱਟੀ ਲਿਆ ਕੇ ਤਹਿ ਥੱਲੇ ਵਿਛਾਈ ਗਈ ਤੇ ਜੱਲ ਰੁੱਕਿਆ। ਇਸਦਾ ਕਾਰਨ ਕੀ ਸੀ? ਇਸਦਾ ਭਾਵ ਇਹ ਸੀ ਕਿ ਅੰਦਰ ਦੇ ਅੰਮ੍ਰਿਤ ਜੱਲ ਰੋਕਣੇ ਚਾਹੁੰਦਾ ਹੈਂ, ਤ੍ਰਿਸ਼ਨਾ ਦੀ ਲਾਲਚ ਦੀ ਹਵਸ ਅੰਦਰ ਦੀ ਕਦੀ ਵੀ ਹਰਿਆ ਨਹੀਂ ਹੋਣ ਦੇਵੇਗੀ, ਅੰਦਰ ਖ਼ੁਸ਼ਕ ਹੀ ਰਹੇਗਾ। ਜੇ ਸੰਤੋਖ ਵਾਲੀ ਬਿਰਤੀ ਆ ਗਈ ਤਾਂ ਸੱਚ ਜਾਣੀ, ਅੰਮ੍ਰਿਤ ਜਲ ਆਪਣੇ ਆਪ ਹੀ ਰੁੱਕ ਜਾਏਗਾ। ਸੰਤੋਖ ਦਾ ਮਤਲਬ ਜੋ ਪ੍ਰਮਾਤਮਾ ਨੇ ਦੇ ਦਿੱਤਾ, ਉਸਦਾ ਸ਼ੁਕਰਾਨਾ ਕਰ। ਜੋ ਕੁਝ ਉਸਨੇ ਬਖ਼ਸ਼ ਦਿੱਤਾ, ਉਸ ਉਤੇ ਤਰਕ ਨਹੀਂ, ਸੰਤੋਖ ਕਰ।

ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥

(ਅੰਗ ੫)

ਸੰਤੋਖ ਦਾ ਅਰਥ ਹੈ-

ਨਾਨਕ ਗਰੀਬ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥

(ਅੰਗ ੭੫੭)

ਹਜ਼ੂਰ ਕ੍ਰਿਪਾਲੂ ਜੀ ਨੇ ਕਿਹਾ ਜਿਨ੍ਹਾਂ ਨੇ ਰੱਬ ਦਾ ਘਰ ਲੱਭਣਾ ਹੈ, ਉਹਨਾਂ ਨੂੰ ਕੁਝ ਗੱਲਾਂ ਧਾਰਨ ਕਰਨੀਆਂ ਪੈਣਗੀਆਂ। ਪਹਿਲੀ ਗੱਲ-

ਫਰੀਦਾ ਦੁਖੁ ਸੁਖੁ ਇਕੁ ਕਰਿ

ਦੂਸਰੀ ਗੱਲ-

ਦਿਲ ਤੇ ਲਾਹਿ ਵਿਕਾਰੁ॥

ਅੰਦਰੋਂ ਵਿਕਾਰਾਂ ਵਾਲੀ ਮੈਲ ਲਾਹ। ਤੀਜੀ ਗੱਲ-

ਅਲਹ ਭਾਵੈ ਸੋ ਭਲਾ

ਸੰਤੋਖ। ਜੋ ਰੱਬ ਕਰੇ ਉਸਨੂੰ ਭਲਾ ਕਰਕੇ ਮੰਨ ਲੈ। ਜੇ ਆਪਾਂ ਕਲਪਦੇ ਵੀ ਰਹਾਂਗੇ,

ਫਿਰ ਕੀ ਬਣ ਜਾਵਾਂਗੇ? ਜੇ ਆਪਣੀ ਥਾਲੀ ਵੱਲ ਧਿਆਨ ਰੱਖੀਏ ਤਾਂ ਸੁੱਖ ਹੈ। ਬਾਬਾ ਫਰੀਦ ਕਹਿੰਦੇ ਹਨ-

ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ॥
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ॥

(ਅੰਗ ੧੩੮੩)

ਤਿੰਨ ਗੱਲਾਂ ਅਖ਼ਤਿਆਰ ਕਰ ਲੈ, ਰੱਬ ਦਾ ਘਰ ਲੱਭ ਜਾਏਗਾ। ਅਰਦਾਸ ਕਰ-

ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ॥

ਸੰਗਤ ਵਿਚ ਬੈਠਿਆਂ ਅੰਦਰ ਨਾਮ ਵੱਸੇਗਾ।

ਜਨਮ ਮਰਨ ਕੀ ਮਲੁ ਉਤਰੈ

ਜਨਮ ਤੇ ਮਰਨ ਦੀ ਜਿਹੜੀ ਜਨਮਾਂ ਜਨਮਾਂਤਰਾਂ ਦੀ ਮੈਲ ਹੈ, ਉਹ ਉਤਰ ਗਈ।

ਜਨ ਨਾਨਕ ਹਰਿ ਗੁਨ ਗਾਇ॥ ੪੦॥

ਧੰਨ ਗੁਰੂ ਅਮਰਦਾਸ ਕਹਿੰਦੇ ਹਨ ਕਿ ਜਿਹੜੇ ਸੰਤੋਖੀਆਂ ਦੀ ਸੰਗਤ ਵਿਚ ਟਿੱਕ ਗਏ, ਉਹ ਫਿਰ ਪ੍ਰਮਾਤਮਾ ਦੀ ਕੀਰਤੀ ਕਰਦੇ ਹਨ, ਗੁਣ ਗਾਉਂਦੇ ਹਨ। ਵਾਹਿਗੁਰੂ ਮੇਹਰ ਕਰੇ ਸਾਨੂੰ ਕਹਿਣ ਵਾਲਿਆਂ ਦੇ ਅੰਦਰ ਨੂੰ ਸਬਰ, ਸੰਤੋਖ, ਅੰਦਰ ਦੀ ਤ੍ਰਿਪਤੀ ਦਾਤਾ ਬਖ਼ਸ਼ੇ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ

ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ
ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥
ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ
ਤੁਮ ਮਲੀਆਗਰ ਪ੍ਰਗਟ ਸੁਬਾਸੁ ॥
ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜ੍ਯੌ ਜੁ ਪ੍ਰਗਾਸੁ ॥
ਜਿਹ ਪਿਖਤ ਅਤਿ ਹੋਇ ਰਹਸੁ ਮਨਿ
ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥ ੨ ॥

(ਅੰਗ ੧੪੦੬)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਨਮਾਨ ਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਸ਼ੋਭਿਤ ਗੁਰੂ ਸਵਾਰੇ ਸਤਿਸੰਗੀ ਜਨੋ! ਭੱਟ ਕੀਰਤ ਸਾਹਿਬ ਜੀ ਦੀ ਰਸਨਾ ਤੋਂ ਧੰਨ ਗੁਰੂ ਰਾਮਦਾਸ ਜੀ ਦੀ ਉਸਤਤੀ ਵਿਚ ਉਚਾਰਨ ਕੀਤੇ ਹੋਏ ਸਵੱਯੇ ਦਾ ਆਪ ਜੀ ਨੇ ਪਾਠ ਸਰਵਨ ਕੀਤਾ ਹੈ। ਇਸ ਸਵੱਯੇ ਦਾ ਸੰਖੇਪ ਭਾਵ ਹੈ ਕਿ ਸਤਿਗੁਰੂ ਗੁਰੂ ਅਮਰਦਾਸ ਜੀ ਨੂੰ ਸਿਮਰ ਕੇ ਧੰਨ ਗੁਰੂ ਰਾਮਦਾਸ ਜੀ ਨੇ ਨਾਮ ਦਾ ਪਦਾਰਥ ਪ੍ਰਾਪਤ ਕੀਤਾ ਹੈ ਅਤੇ ਦਿਨ ਰਾਤ ਹਰੀ ਚਰਨਾਂ ਵਿਚ ਗੁਰੂ ਰਾਮਦਾਸ ਜੀ ਨੇ ਆਪਣਾ ਟਿਕਾਣਾ ਬਣਾ ਲਿਆ ਤੇ ਉਸ ਨਾਮ ਪਦਾਰਥ ਦੀ ਬਦੌਲਤ ਅਨੇਕਾਂ ਸਿੱਖ ਸੰਗਤਾਂ ਧੰਨ ਗੁਰੂ ਰਾਮਦਾਸ ਜੀ ਦਾ ਭਉ - ਇਥੇ ਭਉ ਦਾ ਅਰਥ ਕਰਾਂਗੇ ਅਦਬ ਅਤੇ ਭਏ, ਨਿਰਮਲ ਭਉ ਵਿਚ ਰਹਿ ਕੇ ਪ੍ਰੇਮ ਨਾਲ ਉਹਨਾਂ ਨੂੰ ਸਵੀਕਾਰ ਕਰਦੀਆਂ ਹਨ ਤੇ ਸਿੱਖ ਸੰਗਤ ਕਹਿ ਰਹੀ ਹੈ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ! ਆਪ ਜੀ ਦੀ ਸੁਗੰਧੀ ਇੰਨੀ ਠੰਢੀ ਤੇ ਮਿੱਠੀ ਹੈ ਜਿਵੇਂ ਹਿਮਾਲਿਆ ਪਰਬਤ ਦੇ ਉੱਪਰ ਚੰਦਨ ਦੀ ਮਹਿਕ ਹੋਵੇ। ਜਿਸ ਪ੍ਰਭੂ ਦਾ ਨਾਮ ਜੱਪ ਕੇ ਧਰੂ, ਪ੍ਰਹਿਲਾਦ, ਕਬੀਰ ਅਤੇ ਤ੍ਰਿਲੋਚਨ ਜੀ ਦੇ ਅੰਦਰ ਪ੍ਰਗਾਸ ਹੋਇਆ ਹੈ, ਉਸੇ ਹੀ ਪ੍ਰਭੂ ਦਾ ਰੂਪ ਹਨ ਗੁਰੂ ਰਾਮਦਾਸ ਜੋ ਸੰਤਾਂ ਨੂੰ ਸਹਾਰਾ ਦੇਣ ਵਾਲੇ ਹਨ ਤੇ ਜਿਸ ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤਿਆਂ ਅੰਦਰ ਪੂਰਨ ਤੌਰ 'ਤੇ ਆਨੰਦ ਖੇੜਾ ਬਣ ਜਾਂਦਾ ਹੈ।

ਗੁਰੂ ਰਾਮਦਾਸ ਜੀ ਦੇ ਸਬੰਧੀ ਹਰ ਰੋਜ਼ ਭੱਟ ਸਾਹਿਬਾਨ ਜੀ ਦੀ ਰਸਨਾਂ ਤੋਂ ਕ੍ਰਿਪਾਲੂ ਦਾਤਾ ਜੀ ਦੇ ਗੁਣ ਅਤੇ ਉਹਨਾਂ ਦੇ ਆਤਮਿਕ ਜੀਵਨ, ਜੋ ਗੁਰੂ ਜੀ ਨੇ ਕ੍ਰਿਪਾ ਕਰਕੇ ਭੱਟਾਂ ਨੂੰ ਜਣਾਇਆ, ਉਸ ਅਨੁਸਾਰ ਉਹ ਦਿਨ ਰਾਤ ਗੁਰੂ ਦੀ ਸਿਫ਼ਤ ਕਰਦੇ ਹਨ। ਧੰਨ ਗੁਰੂ ਰਾਮਦਾਸ ਜੀ ਦੇ ਸਬੰਧੀ ਅੱਜ ਭੱਟ ਜੀ ਕਹਿ ਰਹੇ ਹਨ ਕਿ ਆਪ ਜੀ ਨੇ ਗੁਰੂ ਨੂੰ ਸੇਵ ਕੇ ਪਦਾਰਥ ਪ੍ਰਾਪਤ ਕੀਤਾ ਹੈ। ਇਥੇ ਸ਼ਬਦ ਕੇਵਲ ਉਹਨਾਂ ਨੇ ਪਦਾਰਥ ਵਰਤਿਆ ਹੈ। ਹੁਣ ਪਦਾਰਥ ਦਾ ਅੱਖਰੀ ਅਰਥ ਇਹ ਸੰਸਾਰਕ ਪਦਾਰਥ ਨਹੀਂ। ਕੇਵਲ ਜ਼ਮੀਨ, ਪੈਸਾ, ਮਹਿਲ-ਮਾੜੀਆਂ, ਸੰਸਾਰ ਦੇ ਸੁੱਖ, ਇਹ ਪਦਾਰਥ ਕੇਵਲ ਨਹੀਂ, ਅਸਲ ਵਿਚ ਸਹੀ ਪਦਾਰਥ ਹੈ ਪ੍ਰਮੇਸ਼ਰ ਜੀ ਦਾ ਨਾਮ।

ਧੰਨ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ ਨਾਮ ਦੇ ਪਦਾਰਥ ਦੀ ਪ੍ਰਾਪਤੀ ਕੀਤੀ ਹੈ। ਵੈਸੇ ਚਾਰ ਪਦਾਰਥਾਂ ਦੀ ਗਿਣਤੀ ਕੀਤੀ ਗਈ ਹੈ। ਬਾਣੀ ਵਿਚ ਆਪ ਜੀ ਇਹਨਾਂ ਚਾਰ ਪਦਾਰਥਾਂ ਦੇ ਸਬੰਧੀ ਸਰਵਨ ਵੀ ਕਰਦੇ ਹੋ। ਧੰਨ ਗੁਰੂ ਅਰਜਨ ਸਾਹਿਬ ਜੀ ਨੇ ਸੁਖਮਨੀ ਸਾਹਿਬ ਵਿਚ ਇਹਨਾਂ ਪਦਾਰਥਾਂ ਦੀ ਪ੍ਰਾਪਤੀ ਦਾ ਵਸੀਲਾ ਬਾਹਰ ਦੀਆਂ ਕਿਰਿਆਵਾਂ ਨੂੰ ਛੱਡ ਕੇ ਕੇਵਲ ਗੁਰੂ ਦੀ ਸੰਗਤ ਵਿਚ ਸੇਵਾ ਕਰਨ ਨੂੰ ਮੰਨਿਆ ਹੈ। ਆਪਾਂ ਦਾਤਾ ਜੀ ਦੇ ਬਚਨ ਪੜ੍ਹਦੇ ਹਾਂ-

ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥

(ਅੰਗ ੨੬੬)

ਜਿਨ੍ਹਾਂ ਨੂੰ ਚਾਰ ਪਦਾਰਥਾਂ ਦੀ ਲੋੜ ਹੈ, ਉਹ ਪ੍ਰਭੂ ਦੇ ਪਿਆਰੇ ਸਾਧ ਜਨਾਂ ਦੀ ਸੇਵਾ ਵਿਚ ਲੱਗ ਜਾਣ। ਉਹਨਾਂ ਦੇ ਕੋਲ ਇਹ ਪਦਾਰਥਾਂ ਦੀ ਪ੍ਰਾਪਤੀ ਹੈ। ਹੁਣ ਚਾਰ ਪਦਾਰਥ ਕਿਹੜੇ ਹਨ? ਉਹ ਚਾਰ ਪਦਾਰਥ ਹਨ - ਧਰਮ, ਅਰਥ, ਕਾਮ ਅਤੇ ਮੋਖ। ਧਰਮ ਦਾ ਅਰਥ ਕੀ ਹੈ? ਅਰਥ ਦਾ ਭਾਵ ਕੀ ਹੈ? ਕਾਮ ਦਾ ਅਰਥ ਕੀ ਹੈ? ਮੋਖ਼ਸ਼ ਦਾ ਅਰਥ ਕੀ ਹੈ? ਸਿਆਣੇ ਇਸਦੇ ਅਰਥ ਕਰਦੇ ਹਨ, ਇਹਨਾਂ ਦੇ ਅਰਥ ਚਾਰ ਆਸ਼ਰਮਾਂ ਨਾਲ ਵੀ ਢੁਕਾਏ ਜਾਂਦੇ ਹਨ। ਧਰਮ ਦਾ ਅੱਖਰੀ ਅਰਥ ਇਥੇ ਕੀਤਾ ਜਾਂਦਾ ਹੈ ਕਰਤੱਬ। ਧਰਮ ਦਾ ਅਰਥ ਹੈ ਕਿ ਬੰਦੇ ਨੂੰ ਆਪਣੀ ਜ਼ਿੰਦਗੀ ਦੇ ਫ਼ਰਜ ਨਿਭਾਉਣ ਦੀ ਜਾਚ ਆ ਜਾਏ। ਆਪਣੇ ਫ਼ਰਜ ਨੂੰ ਪਹਿਚਾਣ ਲਏ। ਇਹ ਪਹਿਲਾ ਪਦਾਰਥ ਹੈ ਧਰਮ। ਅਰਥ ਦਾ ਸੰਬੰਧ ਸਾਡੀਆਂ ਮਾਇਕੀ ਜ਼ਰੂਰਤਾਂ ਦੇ ਨਾਲ ਹੈ। ਕਹਿੰਦੇ ਹਨ ਜਿਥੇ ਇਹ ਸੰਸਾਰ ਵਿਚ ਰਹਿ ਕੇ ਆਪਣੇ ਜ਼ਿੰਦਗੀ ਦੇ ਕਰਤੱਬ ਨੂੰ ਪਹਿਚਾਣੇ, ਉਥੇ ਇਸਨੂੰ ਧਨ ਪਦਾਰਥ ਦੀ ਕਦੀ ਥੁੜ ਨਾ ਰਹੇ। ਕਾਮ ਦੇ ਅੱਖਰੀ ਅਰਥ ਇਥੇ ਕਾਮ ਵਾਸ਼ਨਾ ਨਹੀਂ, ਇਥੇ ਕਾਮ ਦਾ ਅਰਥ ਹੈ ਕਾਮਨਾਵਾਂ। ਕਹਿਣ ਲੱਗੇ ਜਿਸਨੂੰ ਜ਼ਿੰਦਗੀ ਦਾ ਕਰਤੱਬ ਪਹਿਚਾਨਣ ਦੀ ਜਾਚ ਆ ਜਾਏ, ਜਿਸਦੇ ਕੋਲ ਮਾਇਕੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਧਨ ਆ ਜਾਏ ਤੇ ਜਿਸ ਦੀਆਂ ਕਾਮਨਾਵਾਂ ਪੂਰੀਆਂ ਹੋ ਜਾਣ ਤੇ ਕੇਵਲ ਧਰਮ, ਅਰਥ, ਕਾਮ ਹੀ ਨਹੀਂ, ਮੋਖ਼ਸ਼ ਦਾ ਅਰਥ ਹੈ ਜਿਹੜਾ ਜੀਉਂਦੇ ਜੀਅ ਇਹਨਾਂ ਵਿਚ

ਰਹਿ ਕੇ ਇਹਨਾਂ ਬੰਧਨਾਂ ਤੋਂ ਮੁਕਤ ਹੋ ਜਾਏ। ਇਸਨੂੰ ਚਾਰ ਪਦਾਰਥ ਮੰਨਿਆ। ਹਜ਼ੂਰ ਨੇ ਅੰਮ੍ਰਿਤ ਬਾਣੀ ਵਿਚ ਇਹ ਕ੍ਰਿਪਾਲਤਾ ਕੀਤੀ ਹੈ। ਅੱਜ ਗੁਰੂ ਰਾਮਦਾਸ ਲਈ ਕੇਵਲ ਸ਼ਬਦ ਵਰਤਿਆ ਹੈ ਪਦਾਰਥ। ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦਾ ਅਸੀਂ ਇਕ ਬਚਨ ਪੜ੍ਹਦੇ ਹਾਂ। ਸਤਿਗੁਰੂ ਨੇ ਪਦਾਰਥ ਨਾਲ ਚਾਰ ਵੀ ਸ਼ਬਦ ਵਰਤਿਆ ਹੈ, ਸਾਚ ਸ਼ਬਦ ਵੀ ਵਰਤਿਆ ਹੈ ਤੇ ਅਸੀਂ ਬਾਣੀ ਵਿਚ ਪੜ੍ਹਦੇ ਹਾਂ-

ਸਾਚ ਪਦਾਰਥੁ ਗੁਰਮੁਖਿ ਲਹਹੁ॥
ਪ੍ਰਭੁ ਕਾ ਭਾਣਾ ਸਤਿ ਕਰਿ ਸਹਹੁ॥
ਜੀਵਤ ਜੀਵਤ ਜੀਵਤ ਰਹਹੁ॥
ਰਾਮ ਰਸਾਇਣੁ ਨਿਤ ਉਠਿ ਪੀਵਹੁ॥

(ਅੰਗ ੧੧੭੮)

ਪ੍ਰਭੂ ਦੇ ਨਾਮ ਨੂੰ ਤੂੰ ਪੀ, ਜੀਊਂਦਾ ਰਹੇ, ਤੂੰ ਤਿੰਨ ਕਾਲ ਜੀਊਂਦਾ ਰਹੇ ਤੇ ਤੈਨੂੰ ਪ੍ਰਮਾਤਮਾ ਮੇਹਰ ਕਰਕੇ ਸੱਚ ਪਦਾਰਥ ਦੇ ਦੇਵੇ। ਕ੍ਰਿਪਾਲੂ ਦਾਤਾਰ ਜੀ ਨੇ ਇਸ ਪਦਾਰਥ ਦਾ ਇਸ਼ਾਰਾ ਉਸ ਪਰਮ ਪਦ ਵੱਲ ਕੀਤਾ ਹੈ ਜੋ ਧੰਨ ਗੁਰੂ ਰਾਮਦਾਸ ਕ੍ਰਿਪਾਲੂ ਜੀ ਨੂੰ ਗੁਰੂ ਅਮਰਦਾਸ ਜੀ ਦੀ ਸੇਵਾ ਵਿਚੋਂ ਪ੍ਰਾਪਤ ਹੋਇਆ ਹੈ। ਪਰਮ ਦਾ ਅੱਖਰੀ ਅਰਥ ਹੁੰਦਾ ਹੈ ਵੱਡਾ ਤੇ ਪਦ ਦਾ ਅਰਥ ਹੈ ਪਦਵੀ। ਉਹ ਪਰਮ ਪਦਵੀ ਜਿਸ ਪਦਵੀ ਤੋਂ ਉੱਪਰ ਹੋਰ ਕੋਈ ਰੁਤਬਾ ਨਹੀਂ, ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਨੇ ਉਸ ਪਰਮ ਪਦਵੀ ਨੂੰ, ਉਸ ਪਰਮ ਪਦਾਰਥ ਨੂੰ, ਉਸ ਸਹਿਜ ਅਵਸਥਾ ਨੂੰ ਛੂਹ ਲਿਆ। ਇਸ ਅਵਸਥਾ ਨੂੰ ਹਰ ਕੋਈ ਨਹੀਂ ਮਾਣ ਸਕਦਾ, ਕੋਈ ਕੋਈ ਹੀ ਇਸਨੂੰ ਮਾਣਦਾ ਹੈ। ਕੁਝ ਅਵਸਥਾਵਾਂ ਅਜਿਹੀਆਂ ਹਨ, ਜਿਸਨੂੰ ਮਾਣੋ ਇਸ ਤਰ੍ਹਾਂ ਜਿਵੇਂ ਦੰਦਾਂ ਦੇ ਨਾਲ ਲੋਹਾ ਚਬਾਉਣਾ ਹੈ।

ਸਹਿਜ ਅਵਸਥਾ ਕੀ ਹੈ? ਸਹਿਜ ਅਵਸਥਾ ਦਾ ਨਾਮ ਕੇਵਲ ਇਹ ਨਹੀਂ ਕਿ ਚੁੱਪ ਕਰਕੇ ਬੈਠ ਜਾਣਾ, ਬਹੁਤ ਘੱਟ ਬੋਲਣਾ। ਅਸੀਂ ਇਸਨੂੰ ਇਹ ਵੀ ਕਹਿ ਦਿੰਦੇ ਹਾਂ ਕਿ ਇਹ ਸੱਜਣ ਬੜਾ ਟਿੱਕਿਆ ਹੋਇਆ ਹੈ। ਸਰੀਰਕ ਤੌਰ 'ਤੇ ਸਹਿਜ ਕਰਕੇ ਬੈਠ ਜਾਣਾ, ਜ਼ਬਾਨ ਕਰਕੇ ਹੌਲੀ ਹੌਲੀ ਬੋਲਣਾ, ਇੰਝ ਪ੍ਰਤੀਤ ਹੋਵੇ ਬੜਾ ਅੰਦਰੋਂ ਟਿੱਕਿਆ ਹੈ। ਇਸਦਾ ਨਾਮ ਸਹਿਜ ਨਹੀਂ। ਸਹਿਜ ਅਵਸਥਾ ਕਿਹੋ ਜਿਹੀ ਹੈ? ਮੇਰੇ ਗੁਰੂ ਅਰਜਨ ਸਾਹਿਬ ਮੇਹਰ ਕਰਦੇ ਹਨ ਕਿ-

ਸੁਖ ਮਹਲ ਜਾ ਕੇ ਊਚ ਦੁਆਰੇ॥

(ਅੰਗ ੭੩੯)

ਜਿਨ੍ਹਾਂ ਟਿਕਾਣਿਆਂ ਵਿਚ ਕੇਵਲ ਸੁੱਖ ਹੀ ਸੁੱਖ ਹੈ ਤੇ ਉਸ ਸੁੱਖ ਦਾ ਸੰਬੰਧ ਕੇਵਲ ਬਾਹਰ ਦੇ ਸੁੱਖ ਨਾਲ ਨਾ ਬਣਾਈਏ ਕਿ ਕਿਸੇ ਦੇ ਘਰ ਅੰਦਰ ਧਨ, ਦੌਲਤ, ਪਦਾਰਥ ਹੋਣ

ਤੇ ਕਹੀਏ ਇਹ ਬੰਦਾ ਬੜਾ ਸੁੱਖ ਨਾਲ ਆਪਣੇ ਘਰ ਵਿਚ ਰਹਿੰਦਾ ਹੈ। ਸੁਖ ਮਹਲ ਦਾ ਅਰਥ ਹੈ ਉਹ ਟਿਕਾਣਾ ਜਿਸ ਥਾਂ 'ਤੇ ਮਨ ਉੱਤੇ ਕਦੀ ਵੀ ਦੁਨੀਆਂ ਦਾ ਕੋਈ ਦੁੱਖ, ਕੋਈ ਸੁੱਖ, ਕੋਈ ਖ਼ੁਸ਼ੀ, ਕੋਈ ਗ਼ਮੀ, ਕੋਈ ਹਾਨੀ, ਕੋਈ ਲਾਭ, ਕੋਈ ਵੈਰੀ, ਕੋਈ ਮਿੱਤਰ, ਕੋਈ ਅੰਮ੍ਰਿਤ, ਕੋਈ ਜ਼ਹਿਰ ਕਿਸੇ ਕਿਸਮ ਦਾ ਕੋਈ ਵੀ ਅਸਰ ਨਾ ਕਰੇ। ਜਿਹੜਾ ਪਰਮ ਸੁੱਖ ਕਦੀ ਵੀ ਮੁੱਕੇ ਨਾ ਤੇ ਜਿਸ ਵਿਚੋਂ ਕਦੀ ਵੀ ਦੁੱਖ ਦੀ ਲੇਸ ਮਾਤਰ ਨਾ ਨਿਕਲੇ। ਮੇਰੇ ਧੰਨ ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ, ਉਹਨਾਂ ਦਾ ਟਿਕਾਣਾ ਸੁਖ ਮਹਿਲ ਵਿਚ ਹੈ। ਉਥੇ ਰਹਿੰਦੇ ਕੌਣ ਹਨ?

ਤਾ ਮਹਿ ਵਾਸਹਿ ਭਗਤ ਪਿਆਰੇ॥

ਉਥੇ ਪ੍ਰਭੂ ਦੇ ਪਿਆਰੇ ਭਗਤੀ ਕਰਨ ਵਾਲੇ ਸੰਤ ਜਨ ਆਪਣਾ ਟਿਕਾਣਾ ਬਣਾ ਕੇ ਬੈਠੇ ਹਨ।

ਸਹਜ ਕਥਾ ਪ੍ਰਭ ਕੀ ਅਤਿ ਮੀਠੀ॥

ਹੁਣ ਸਹਿਜ ਪਦ ਵੀ ਹੈ, ਪਰਮ ਪਦ ਵੀ ਹੈ, ਕਥਾ ਵੀ ਹੈ। ਕਹਿਣ ਲੱਗੇ ਉਹ ਅੰਦਰ ਜੀਵਨ ਦੀ ਕਹਾਣੀ ਜਿਹੜੀ ਅਤਿ ਦੀ ਮਿੱਠੀ ਹੈ, ਸਾਹਿਬ ਜੀ ਇਸ ਕਥਾ, ਇਸ ਪਰਮ ਪਦ ਨੂੰ ਕੀ ਸਾਰੇ ਮਾਣ ਸਕਦੇ ਹਨ ? ਕਹਿਣ ਲੱਗੇ ਨਹੀਂ ਪਿਆਰਿਆ

ਸਹਜ ਕਥਾ ਪ੍ਰਭ ਕੀ ਅਤਿ ਮੀਠੀ॥
ਵਿਰਲੈ ਕਾਹੂ ਨੇਤ੍ਰਹੁ ਡੀਠੀ॥

(ਅੰਗ ੭੩੯)

ਕਿਸੇ ਕਿਸੇ ਨੇ ਆਪਣੇ ਨੇਤਰਾਂ ਨਾਲ ਇਸ ਅਵਸਥਾ ਨੂੰ ਦੇਖਿਆ। ਮਹਾਰਾਜ ਉਥੇ ਹੋਰ ਕੀ ਹੈ? ਸਾਹਿਬ ਫਰਮਾਉਣ ਲੱਗੇ-

ਤਹਿ ਗੀਤ ਨਾਦ ਅਖਾਰੇ ਸੰਗਾ॥
ਊਹਾ ਸੰਤ ਕਰਹਿ ਹਰਿ ਰੰਗਾ॥

(ਅੰਗ ੭੩੯)

ਕਹਿੰਦੇ ਹਨ, ਉਸ ਅਵਸਥਾ ਵਿਚ ਗੀਤ ਸੁਣਾਈ ਪਏ ਦਿੰਦੇ ਹਨ, ਨਾਦ ਨਿਰੰਤਰ ਸੁਣਾਈ ਦਿੰਦਾ ਪਿਆ ਹੈ, ਰੱਬ ਦੇ ਪਿਆਰੇ ਬੰਦਗੀ ਕਰਨ ਵਾਲਿਆਂ ਦੀਆਂ ਉਹਨਾਂ ਅਵਸਥਾਵਾਂ ਨੂੰ ਜਿਸ ਅਵਸਥਾ ਵਿਚ ਬੈਠ ਕੇ ਉਹ ਪ੍ਰਮਾਤਮਾ ਦੀ ਕੀਰਤੀ ਪਏ ਕਰਦੇ ਹਨ। ਉਹ ਗੀਤ ਕਿਹੜੇ ਹਨ? ਨਾਦ ਕਿਹੜੇ ਹਨ? ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥

ਹੇ ਮਨ ਨੂੰ ਮੋਹਨ ਵਾਲੇ ਪ੍ਰਮਾਤਮਾ! ਮੇਰੇ ਕੰਨਾਂ ਵਿਚ ਇਹ ਆਵਾਜ਼ ਕਦੀ ਨਾ ਪਏ,

ਕਿਹੜੀ?

ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥

(ਅੰਗ ੮੨੦)

ਸਾਕਤਾਂ ਦੇ ਗੀਤ, ਨਾਦ, ਉਹਨਾਂ ਦੇ ਬੋਲੇ ਹੋਏ ਬੋਲ ਮੇਰੇ ਕੰਨਾਂ ਵਿਚ ਨਾ ਪੈਣ, ਪਰ ਉਹ ਕਿਹੜੇ ਗੀਤ ਹਨ ਜਿਹੜੇ ਸਹਿਜ ਕਥਾ ਵਿਚ ਸੁਣੇ ਜਾਂਦੇ ਹਨ? ਪਿਆਰਿਉ! ਉਹ ਪ੍ਰਮਾਤਮਾ ਦੇ ਗੀਤ ਹਨ। ਅਸਲ ਵਿਚ ਉਹ ਗੀਤ ਨਹੀਂ, ਉਹ ਤਾਂ ਉਸ ਬ੍ਰਹਮ ਦੀ ਵਿਚਾਰ ਹੈ ਜਿਸਦੇ ਨਾਲ ਉਹ ਓਤ ਪੋਤ ਹਨ। ਉਥੇ ਅਨਹਦ ਨਾਦ ਗੂੰਜ ਰਿਹਾ ਹੈ। ਅਖਾੜਾ ਬਣਿਆ ਹੈ ਰੱਬ ਦੇ ਪਿਆਰਿਆ ਦੇ ਨਾਲ। ਕਹਿਣ ਲੱਗੇ-

ਊਹਾ ਸੰਤ ਕਰਹਿ ਹਰਿ ਰੰਗਾ॥

ਰੱਬ ਦੇ ਪਿਆਰੇ ਸੰਤ ਜਨ ਉਸ ਅਵਸਥਾ ਨੂੰ ਮਾਣਦੇ ਹਨ।

ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥

ਉਥੇ ਜਨਮ ਦਾ ਡਰ ਨਹੀਂ, ਮੌਤ ਦਾ ਭੈ ਨਹੀਂ। ਨਾ ਉਥੇ ਹਰਖ ਤੇ ਨਾ ਉਥੇ ਸੋਗ ਹੈ। ਇਹ ਹੈ ਅਸਲ ਵਿਚ ਪਰਮ ਪਦ।

ਸਾਚ ਨਾਮ ਕੀ ਅੰਮ੍ਰਿਤ ਵਰਖਾ॥

ਉਥੇ ਸੱਚੇ ਨਾਮ ਦੀ ਬਰਸਾਤ ਪਈ ਹੁੰਦੀ ਹੈ। ਮਹਾਰਾਜ ! ਇਹ ਸਹਿਜ ਕਥਾ ਜਿਹੜੇ ਵਿਰਲੇ ਨੇਤਰੋਂ ਡਿਠੀ ਹੈ, ਇਹ ਮਿਲੇਗੀ ਕਿਵੇਂ? ਕਹਿਣ ਲੱਗੇ-

ਗੁਹਜ ਕਥਾ ਇਹ ਗੁਰ ਤੇ ਜਾਣੀ॥

(ਅੰਗ ੭੩੯)

ਇਹ ਅਸਲ ਵਿਚ ਜਿਹੜੀ ਗਹੁਜ ਕਥਾ ਅੰਦਰ ਦੀ ਕਥਾ ਹੈ, ਇਹ ਕੇਵਲ ਗੁਰੂ ਤੋਂ ਹੀ ਜਾਣੀ ਜਾ ਸਕਦੀ ਹੈ। ਦਾਤਾਰ ਜੀ ਦੇ ਅੰਮ੍ਰਿਤ ਬਚਨਾਂ ਵਿਚੋਂ ਹੀ ਕਬੀਰ ਸਾਹਿਬ ਜੀ ਦਾ ਇਕ ਸ਼ਬਦ ਆਪ ਪੜ੍ਹਦੇ ਹੋ। ਇਸ ਸ਼ਬਦ ਵਿਚ ਭਗਤ ਜੀ ਨੇ ਪਹਿਲਾਂ ਅੰਦਰ ਦੇ ਸੰਸੇ, ਅੰਦਰ ਦੀ ਭਟਕਣਾ, ਅੰਦਰ ਦੀ ਅਗਿਆਨਤਾ, ਅੰਦਰ ਦੀ ਮਲੀਨਤਾ ਕਿਵੇਂ ਖ਼ਤਮ ਹੁੰਦੀ ਹੈ ਤੇ ਪਰਤ ਕੇ ਦੱਸਦੇ ਹਨ ਕਿ ਅੰਦਰ ਉੱਜਲਾ, ਨਿਰਮਲ ਤੇ ਪਰਮ ਪਦ 'ਤੇ ਕਿਵੇਂ ਪਹੁੰਚਦਾ ਹੈ? ਭਗਤ ਸਾਹਿਬ ਦੇ ਅਸੀਂ ਬਚਨ ਪੜ੍ਹਦੇ ਹਾਂ। ਕਹਿੰਦੇ ਹਨ-

ਦੇਖੌ ਭਾਈ ਗ੍ਹਾਨ ਕੀ ਆਈ ਆਂਧੀ॥

(ਅੰਗ ੩੩੧)

ਹੁਣ ਇਹ ਗਿਆਨ ਦੀ ਆਂਧੀ ਕੀ ਹੈ। ਕੀ ਗਿਆਨ ਦਾ ਅਰਥ ਉਸਨੂੰ ਸੰਸਾਰਕ ਗੱਲਾਂ ਕਰਨੀਆਂ ਬਹੁਤ ਆ ਗਈਆਂ? ਕੀ ਗਿਆਨ ਦਾ ਅਰਥ ਹੈ ਜਣੇ ਖਣੇ ਨੂੰ ਰੋਕ ਕੇ ਆਪਣੇ ਅੰਦਰ ਦੀ ਹਉਮੈ ਨੂੰ ਕੇਵਲ ਪੜ੍ਹ ਪੜ੍ਹ ਕੇ ਸੁਣਾਈ ਜਾਵੇ? ਨਹੀਂ, ਅਸਲ ਵਿਚ ਇਹ ਉਹ ਗਿਆਨ ਨਹੀਂ। ਜਿਸ ਬਾਹਰਲੇ ਗਿਆਨ ਦੀ ਆਪਾਂ ਗੱਲ ਕਰਦੇ ਹਾਂ, ਅਸਲ ਵਿਚ ਉਹ ਤੱਤ ਗਿਆਨ ਹੈ, ਜਿਸਦੀ ਹਨੇਰੀ ਆਉਣ ਦੇ ਨਾਲ ਅੰਦਰ ਦੀ ਮਾਇਆ ਦੀ ਭਟਕਣਾ ਆਪਣੇ ਆਪ ਹੀ ਮੁੱਕ ਜਾਂਦੀ ਹੈ। ਹੁਣ ਉਹ ਗਿਆਨ ਕਿਹੋ ਜਿਹਾ ਹੈ? ਇਕ ਰੱਬੀ ਪਿਆਰੇ ਦੇ ਮੈਂ ਨਿੱਜੀ ਬਚਨ ਪੜ੍ਹ ਰਿਹਾ ਸੀ। ਉਹਨਾਂ ਨੇ ਤਿੰਨ ਸ਼ਬਦ ਕਹੇ। ਕਹਿਣ ਲੱਗੇ- ਪਰਮ ਅਵਸਥਾ ਵਿਚ ਤੱਤ ਗਿਆਨ, ਵਾਸ਼ਨਾ ਖੈ, ਮਨੋ-ਨਾਸ਼। ਪਹਿਲਾ ਤੱਤ ਗਿਆਨ, ਜਿਹੜਾ ਪਰਮ ਪੰਦ 'ਤੇ ਹੈ ਉਸਦੇ ਕੋਲ ਤੱਤ ਗਿਆਨ ਹੈ। ਦੁਨੀਆਂ ਦਾ ਝੂਠਾ ਗਿਆਨ ਨਹੀਂ, ਉਹ ਅਸਲੀਅਤ ਤੱਕ ਪਹੁੰਚ ਗਿਆ ਹੈ। ਦੂਸਰਾ ਵਾਸ਼ਨਾ ਖੈ, ਉਸਦੇ ਅੰਦਰ ਕਿੰਨੇ ਪ੍ਰਕਾਰ ਦੀਆਂ ਵਾਸ਼ਨਾਵਾਂ ਸਨ, ਸਾਰੀਆਂ ਦੀਆਂ ਸਾਰੀਆਂ ਖ਼ਤਮ ਹੋ ਗਈਆਂ। ਮਨੋ ਨਾਸ਼ ਤੇ ਜਿਹੜਾ ਮਨ ਅੱਗੇ ਹਉਮੈ ਵਿਚ ਉਹਨਾਂ ਨੇ ਜੀਉਂਦੇ ਜੀਅ ਆਪਣੇ ਮਨ ਨੂੰ ਨਾਸ਼ ਕਰ ਦਿੱਤਾ। ਕਬੀਰ ਸਾਹਿਬ ਕਹਿੰਦੇ ਹਨ, ਧਰਮ ਦੀ ਗੱਲ ਸਾਰਾ ਸੰਸਾਰ ਕਰਦਾ ਹੈ। ਸਾਡੇ ਵਰਗੇ ਉਪਰਲੇ ਪ੍ਰਮਾਣ ਦੇ ਕੇ ਵੀ ਗੱਲ ਕਰਦੇ ਹਨ। ਕਈ ਅਜਿਹੇ ਹਨ ਜਿਨ੍ਹਾਂ ਨੂੰ ਕੁਝ ਵੀ ਪਤਾ ਨਹੀਂ, ਗੱਲ ਉਹ ਵੀ ਧਰਮ ਦੀ ਕਰਦੇ ਹਨ ਤੇ ਕਈ ਸੱਜਣ ਅਜਿਹੇ ਹਨ ਜਿਹੜੇ ਇੰਨੇ ਕੁ ਡੂੰਘੇ ਉੱਤਰ ਜਾਂਦੇ ਹਨ, ਉਹ ਡੂੰਘਾਈ ਵਿਚ ਗਏ ਹੋਏ ਜਦੋਂ ਗੱਲ ਕਰਦੇ ਹਨ, ਗੱਲ ਉਹੀ ਹੁੰਦੀ ਹੈ, ਲੋਕਾਂ ਦੇ ਸੀਨੇ ਵਿਚ ਘਰ ਕਰ ਜਾਂਦੀ ਹੈ। ਕਬੀਰ ਸਾਹਿਬ ਨੇ ਗਿਆਨ ਸਬੰਧੀ ਇਕ ਬਚਨ ਕਿਹਾ-

ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥

(ਅੰਗ ੧੩੬੫)

ਇਸ ਸੰਸਾਰ ਵਿਚ ਰਹਿੰਦਿਆਂ ਮਾਇਆ ਇਕ ਦੁੱਧ ਦੀ ਚਾਟੀ ਹੈ। ਇਸਦੇ ਵਿਚੋਂ ਤੈਨੂੰ ਕੁਝ ਪ੍ਰਾਪਤ ਹੋਣਾ ਹੈ, ਸੰਸਾਰ ਵਿਚ ਰਹਿ ਕੇ। ਤੇ ਪਵਣ ਦਾ ਅਰਥ ਹੈ ਸੁਆਸ। ਆਪਣੇ ਸੁਆਸਾਂ ਦੇ ਨਾਲ ਇਸਨੂੰ ਤੂੰ ਰਿੜਕਣਾ ਹੈ।

ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥

ਜਿਹੜੇ ਤੱਤ ਗਿਆਨੀ ਹਨ ਪਰਮ ਪਦ ਨੂੰ ਪਹੁੰਚਣ ਵਾਲੇ,

ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥

ਰੱਬ ਦੇ ਪਿਆਰੇ ਤੱਤ ਗਿਆਨ ਜਿਨ੍ਹਾਂ ਕੋਲ ਹੈ, ਉਹ ਮਾਨੋ ਮੱਖਣ ਨੂੰ ਛੱਕਦੇ ਪਏ ਹਨ ਅਤੇ ਜਿਹੜੇ ਸੰਸਾਰੀ ਲੋਕ ਹਨ ਉਹ ਕੇਵਲ ਲੱਸੀ ਤੱਕ ਸੀਮਤ ਹਨ। ਇਕ ਤੱਤ ਗਿਆਨ ਤੱਕ ਪਹੁੰਚਿਆ ਹੈ, ਇਕ ਕੇਵਲ ਲੱਸੀ ਦੀ ਗੱਲ ਕਰ ਰਿਹਾ ਹੈ। ਇਸੇ ਤਰ੍ਹਾਂ ਬਾਣੀ ਦੀ ਖੇਡ ਹੈ। ਜਿੰਨਾ ਜਿੰਨਾ ਕੋਈ ਡੂੰਘਾ ਉਤਰਦਾ ਹੈ, ਉਨਾ ਉਸਨੂੰ ਦਾਤੇ ਦੀ ਰਹਿਮਤ ਅੰਦਰੋਂ ਬਾਣੀ ਵਿਚੋਂ ਮਿਲਦੀ ਹੈ। ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਇਕ ਬਹੁਤ ਸੋਹਣਾ ਬਚਨ

ਕਿਹਾ ਹੈ। ਉਹ ਕਹਿੰਦੇ ਹਨ ਕਿ ਦੇਖੋ ਹਰ ਬੰਦੇ ਦੇ ਗਿਆਨ ਦੀ ਪਹੁੰਚ ਆਪੋ ਆਪਣੀ ਹੈ। ਹਰ ਬੰਦੇ ਦੇ ਸਮੁੰਦਰ ਸਬੰਧੀ ਜਾਣਕਾਰੀ ਆਪੋ ਆਪਣੀ ਹੈ। ਆਮ ਅਨਪੜ੍ਹ ਬੰਦੇ ਨੂੰ ਲੈ ਜਾਉ, ਜਿਸਨੇ ਕਦੀ ਸਮੁੰਦਰ ਨਹੀਂ ਦੇਖਿਆ ਤੇ ਉਹ ਦੇਖਕੇ ਕਹੇਗਾ, ਛੱਪੜ ਤਾਂ ਸਾਡੇ ਪਿੰਡ ਵੀ ਬੜਾ ਵੱਡਾ ਹੈ ਪਰ ਇਹ ਛੱਪੜ ਤਾਂ ਸਾਡੇ ਪਿੰਡ ਦੇ ਛੱਪੜ ਤੋਂ ਵੀ ਬਹੁਤ ਵੱਡਾ ਹੈ। ਉਸਦੇ ਲਈ ਸਮੁੰਦਰ ਇਕ ਛੱਪੜ ਹੈ। ਆਮ ਸਿਆਣੇ ਨੂੰ ਲੈ ਜਾਉ, ਜਿਹੜਾ ਦਰਿਆਵਾਂ ਵਿਚ ਤੈਰਦਾ ਹੈ, ਉਹ ਕਹੇਗਾ ਦਰਿਆ ਦੇ ਵਿਚ ਵੀ ਲਹਿਰਾਂ ਉੱਠਦੀਆਂ ਹਨ, ਪਰ ਇਸਦੀ ਲਹਿਰ ਦਰਿਆ ਦੀ ਲਹਿਰ ਨਾਲੋਂ ਬਹੁਤ ਉੱਚੀ ਹੈ। ਕਿਸੇ ਮੋਤੀ ਕੱਢਣ ਵਾਲੇ ਨੂੰ ਲੈ ਜਾਉ ਉਹ ਨਾ ਤਾਂ ਸਮੁੰਦਰ ਨੂੰ ਛੱਪੜ ਕਹੇਗਾ, ਨਾ ਸਮੁੰਦਰ ਦੀਆਂ ਲਹਿਰਾਂ ਨੂੰ ਦੇਖੇਗਾ, ਉਹ ਪਾਣੀ ਵਿਚ ਡੂੰਘਾ ਡੁੱਬ ਕੇ ਕੀਮਤੀ ਮੋਤੀਆਂ ਨੂੰ ਮਰਜੀਵੜਾ ਥੱਲਿਉਂ ਕੱਢ ਕੇ ਮਨੁੱਖਤਾ ਦੀ ਝੋਲੀ ਵਿਚ ਪਾ ਦੇਵੇਗਾ। ਇਸੇ ਤਰ੍ਹਾਂ ਗੁਰੂ ਬਾਬੇ ਦੇ ਬਚਨ, ਕਈ ਸੱਜਣ ਕੇਵਲ ਰੁਮਾਲ ਤੱਕ ਸੀਮਤ ਰੱਖਦੇ ਹਨ, ਕਈਆਂ ਕੇਵਲ ਕਾਗਜ਼ ਉੱਤੇ ਲਿਖੇ ਅੱਖਰ ਹੀ ਦੇਖੇ ਹਨ, ਕਈ ਸੱਜਣ ਪ੍ਰਕਰਮਾ ਤੱਕ ਸੀਮਤ ਹਨ, ਕਈ ਸੱਜਣ ਅਖੰਡ ਪਾਠ ਤੱਕ ਸੀਮਤ ਹਨ ਪਰ ਕੋਈ ਟਾਵਾਂ-ਟਾਵਾਂ ਗੁਰੂ ਦਾ ਲਾਲ ਅਜਿਹਾ ਹੈ ਜਿਹੜਾ ਆਪਣੀ ਸੁਰਤ ਨੂੰ ਟਿਕਾ ਕੇ ਇਸ ਸਮੁੰਦਰ ਦੇ ਵਿਚ ਟੁੱਭੀ ਮਾਰਦਾ ਹੈ ਤੇ ਗੱਲ ਕਹਿੰਦਾ ਹੈ ਕਿ ਤੈਨੂੰ ਡੁੱਬਣ ਦੀ ਜਾਚ ਨਹੀਂ ਆਈ, ਤੂੰ ਡੁੱਬ ਕੇ ਦੇਖ, ਇਸਦੇ ਵਿਚ ਨਾਮ ਦੇ ਮੋਤੀ ਵੀ ਹਨ। ਇਸਦੇ ਵਿਚ ਤੈਨੂੰ ਪਰਮ ਆਨੰਦ ਮਿਲੇਗਾ।

ਗਿਆਨ ਦਾ ਦਾਇਰਾ ਆਪੋ ਆਪਣਾ ਹੈ। ਜਿਹੜਾ ਪਰਮ ਪਦ 'ਤੇ ਹੈ ਉਸਦੇ ਕੋਲ ਤਿੰਨ ਚੀਜ਼ਾਂ ਹਨ। ਇਕ ਤੱਤ ਗਿਆਨ, ਦੂਸਰੀ ਵਾਸ਼ਨਾ ਖੈ ਤੇ ਤੀਸਰਾ ਮਨੋ-ਨਾਸ਼। ਦੇਖੋ ਭਗਤ ਨਾਮਦੇਵ ਜੀ ਦਾ ਗਿਆਨ ਤੇ ਆਮ ਵਿਦਵਾਨ ਪੰਡਤ ਦੇ ਗਿਆਨ ਵਿਚ ਅੰਤਰ ਹੈ। ਇਕ ਬਚਨ ਆਪਾਂ ਉਹਨਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਪੜ੍ਹਦੇ ਹਾਂ। ਉਹ ਕਹਿੰਦੇ ਹਨ- ਜਦੋਂ ਪ੍ਰਮਾਤਮਾ ਦੇ ਸਬੰਧੀ ਕੋਈ ਗੱਲ ਕਰਦਾ ਹੈ ਤਾਂ ਕੋਈ ਇਹ ਕਹਿੰਦਾ ਹੈ ਕਿ ਪ੍ਰਮਾਤਮਾ ਨੂੰ ਪਾਇਆ ਥੋੜਾ ਜਾ ਸਕਦਾ ਹੈ, ਬੜਾ ਮੁਸ਼ਕਿਲ ਹੈ। ਬਿਨਾਂ ਇਕ ਕਦਮ ਦੇ ਤੁਰਨ ਤੋਂ ਹੀ ਕਹੀ ਜਾਂਦੇ ਹਨ, ਮੰਜ਼ਿਲ ਬੜੀ ਦੂਰ ਹੈ। ਕਈ ਸੱਜਣ ਐਵੇਂ ਦਮਗਜੇ ਮਾਰੀ ਜਾਣਗੇ ਕਿ ਰੱਬ ਤਾਂ ਬਿਲਕੁਲ ਨੇੜੇ ਹੈ। ਪਾਣੀ ਦਾ ਇਕ ਬਰਤਨ ਭਰਿਆ ਹੋਵੇ, ਬਿਲਕੁਲ ਸਾਫ਼ ਹੈ, ਉਸਦੇ ਵਿਚ ਝਾਤੀ ਮਾਰ ਕੇ ਦੇਖੋ ਤੇ ਆਪਣਾ ਚਿਹਰਾ ਕੇਵਲ ਸਾਫ਼ ਦਿੱਸੇਗਾ। ਇਕ ਨਿੱਕਾ ਜਿਹਾ ਕੰਕਰੀਟ ਪਾਣੀ ਦੇ ਵਿਚ ਸੁੱਟੋ। ਦੋ ਲਹਿਰਾਂ ਪੈਦਾ ਹੋਣ ਦੀ ਦੇਰ ਹੈ, ਆਪਣੇ ਚਿਹਰੇ ਵੱਲ ਝਾਤੀ ਮਾਰਿਉ, ਜਿਹੜਾ ਨਿਰਮਲ ਪਾਣੀ ਵਿਚੋਂ ਚਿਹਰਾ ਦਿੱਸਦਾ ਸੀ, ਉਹ ਲਹਿਰਾਂ ਚਿਹਰੇ ਦੇ ਟੁੱਕੜੇ ਕਰ ਦਿੰਦੀਆਂ ਹਨ। ਪਿਆਰਿਆ! ਆਪਣੇ ਅੰਦਰ ਦੀ ਦੁਬਿਧਾ ਨੂੰ ਖ਼ਤਮ ਕਰ, ਕੇਵਲ ਇਕ ਪਾਸੇ ਹੋ ਕੇ ਚੱਲ ਤੇ ਤੇਰੇ ਅੰਦਰ ਦਾ ਕੇਵਲ ਇਕ ਨਿੱਜ ਸਰੂਪ ਹੀ ਤੈਨੂੰ ਦਿੱਸੇਗਾ। ਦੁਰਮਤਿ ਭਾਂਡਾ ਫੂਟਾ ਆਂਧੀ ਪਾਛੇ ਜੋ ਜਲ ਵਰਖੈ। ਜਿਵੇਂ ਹਨੇਰੀ ਤੋਂ ਬਾਅਦ ਮੀਂਹ ਪੈਂਦਾ ਹੈ-

ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥

(ਅੰਗ ੩੩੨)

ਜਿਹੜਾ ਕਬੀਰ ਜੀ ਦੇ ਅੰਦਰ ਉਦੈ ਭਾਨ ਚੀਨਾ ਹੈ ਜਿਸਦਾ ਅੱਜ ਸਵੱਯੇ ਵਿਚ ਜ਼ਿਕਰ ਵੀ ਆਇਆ ਹੈ, ਸੱਚ ਜਾਣਿਉ, ਇਸ ਪਦਾਰਥ ਦੀ ਪ੍ਰਾਪਤੀ ਗੁਰੂ ਰਾਮਦਾਸ ਜੀ ਨੇ ਧੰਨ ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ ਕੀਤੀ। ਉਹ ਇਸ ਪਦਾਰਥ ਦੇ ਹੱਕਦਾਰ ਹਨ। ਇਹ ਪਦਾਰਥ ਉਹਨਾਂ ਨੂੰ ਪ੍ਰਾਪਤ ਹੋ ਗਿਆ। ਆਪਾਂ ਕਹਾਂਗੇ ਕਿ ਇਕ ਖਿਨ ਵਿਚ ਹੀ ਉਹ ਕਿਹੜੇ ਪਰਮ ਪਦ 'ਤੇ ਜਾ ਪਹੁੰਚੇ। ਪਾਣੀ ਦੀ ਇਕੱਲੀ ਬੂੰਦ ਹੈ। ਸਾਗਰ ਵਿਚ ਜਾ ਮਿਲੇ ਤੇ ਕੁਝ ਸਮੇਂ ਤੋਂ ਬਾਅਦ ਹੀ ਸਮੁੰਦਰ ਦਾ ਰੂਪ ਹੋ ਜਾਂਦੀ ਹੈ। ਇਕੱਲਾਪਣ ਸਾਈਂ ਤੋਂ ਵੱਖ ਰਹਿਣਾ ਬੂੰਦ ਦੀ ਤਰ੍ਹਾਂ ਹੈ ਤੇ ਜਦੋਂ ਪੂਰੇ ਗੁਰੂ ਦੇ ਚਰਨਾਂ ਵਿਚ ਮਿਲ ਗਏ, ਪੂਰੇ ਗੁਰੂ ਨੇ ਇਕ ਬੂੰਦ ਤੋਂ ਸਾਗਰ ਬਣਾ ਦਿੱਤਾ। ਮੇਰੇ ਬਾਬਾ ਜੀ ਨੇ ਤਾਂ ਹੀ ਬਾਣੀ ਵਿਚ ਕਿਹਾ ਹੈ-

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

ਪਰਮ ਪਦ ਕੀ ਹੈ?

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

(ਅੰਗ ੮੪੬)

ਇਕ ਜੋਤੀ ਪਰਮ ਜੋਤ ਵਿਚ ਲੀਨ ਹੋ ਗਈ ਤੇ ਪਿਆਰਿਉ ਉਸਦਾ ਪ੍ਰਕਾਸ਼, ਉਸਦੀ ਜੋਤ ਉਸ ਪਰਮ ਜੋਤ ਵਿਚ ਹੀ ਜਜ਼ਬ ਹੋ ਗਈ। ਹੁਣ ਉਹ ਮਿਲਿਆ ਕਿਵੇਂ ? ਕਹਿਣ ਲੱਗੇ ਕਿ ਪਹਿਲੀ ਗੱਲ ਬਾਣੀ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਇਆ, ਦੂਸਰਾ ਬਚਨ ਕਿ ਮਨ ਵਿਚ ਸਤਿਗੁਰੂ ਦਾ ਮਿਲਾਪ ਹਾਸਿਲ ਹੋਇਆ, ਤੀਸਰੀ ਗੱਲ ਮਨ ਵਿਚ ਬੈਰਾਗ ਪੈਦਾ ਹੋਇਆ ਤੇ ਚੌਥਾ ਬਚਨ ਉਹਨਾਂ ਨੇ ਕੀਤਾ ਫਿਰ ਜਾ ਕੇ ਸਹਿਜ ਦੀ ਪ੍ਰਾਪਤੀ ਹੋਈ। ਪਰ ਇਸ ਅਵਸਥਾ ਨੂੰ ਕੋਈ ਟਾਂਵਾਂ ਟਾਂਵਾਂ ਮਾਨਣ ਵਾਲਾ ਹੈ। ਅੱਜ ਭੱਟ ਜੀ ਨੇ ਆਪਣੇ ਇਸ ਸਵੱਯੇ ਵਿਚ ਪਹਿਲਾ ਬਚਨ ਗੁਰੂ ਰਾਮਦਾਸ ਜੀ ਦੇ ਬਾਰੇ ਇਹ ਕੀਤਾ ਹੈ-

ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ

ਜਿਸ ਗੁਰੂ ਰਾਮਦਾਸ ਕ੍ਰਿਪਾਲੂ ਜੀ ਨੇ ਗੁਰੂ ਅਮਰਦਾਸ ਜੀ ਦੀ ਸੇਵਾ ਕਰ ਕਰ ਕੇ ਪਰਮ ਪਦਾਰਥ ਦੀ ਪ੍ਰਾਪਤੀ ਕੀਤੀ ਤੇ ਉਹਨਾਂ ਨੂੰ ਨਾਮ ਪਦਾਰਥ ਪ੍ਰਾਪਤ ਹੋਇਆ। ਸਾਹਿਬ ਕਹਿਣ ਲੱਗੇ-

ਨਿਸਿ ਬਾਸੁਰ ਹਰਿ ਚਰਨ ਨਿਵਾਸੁ॥

ਉਹ ਪਰਮ ਪਦਾਰਥ ਸੀ। ਚਾਹੇ ਦਿਨ ਹੋਵੇ, ਚਾਹੇ ਰਾਤ ਹੋਵੇ, ਸਵੇਰ ਹੋਵੇ, ਸ਼ਾਮ ਹੋਵੇ ਧੰਨ ਗੁਰੂ ਰਾਮਦਾਸ ਉਸ ਪਿਆਰੇ ਵਾਹਿਗੁਰੂ ਜੀ ਦੇ ਦਿਨ ਰਾਤ ਚਰਨਾਂ ਵਿਚ ਆਪਣੇ ਧਿਆਨ ਨੂੰ ਟਿਕਾਅ ਕੇ ਬੈਠ ਗਏ। ਗੁਰੂ ਜੀ ਨੇ ਆਪਣਾ ਮੇਹਰ ਭਰਿਆ ਹੱਥ ਗੁਰੂ ਰਾਮਦਾਸ ਜੀ ਦੇ ਸਿਰ 'ਤੇ ਰੱਖਕੇ ਉਹਨਾਂ ਨੂੰ ਨਾਮ ਪਦਾਰਥ ਬਖ਼ਸ਼ ਦਿੱਤਾ।

ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ॥

ਜੇ ਗੁਰੂ ਰਾਮਦਾਸ ਜੀ ਨੂੰ ਪਰਮ ਦੀ ਪ੍ਰਾਪਤੀ ਹੈ, ਨਾਮ ਦੀ ਪ੍ਰਾਪਤੀ ਹੈ ਤੇ ਜਿੰਨੀ ਸੰਗਤ ਹੈ ਤਾਂ ਤੇ ਦਰ 'ਤੇ ਉਸ ਨਾਮ ਦੀ ਕ੍ਰਿਪਾ ਦਾ ਸਦਕਾ, ਉਸ ਪਰਮ ਪਦ ਦੀ ਬਖ਼ਸ਼ਿਸ਼ ਦਾ ਸਦਕਾ ਧੰਨ ਗੁਰੂ ਰਾਮਦਾਸ ਜੀ ਦੇ ਕੋਲ ਸਘਨ, ਸਘਨ ਦਾ ਅੱਖਰੀ ਅਰਥ ਕਰਾਂਗੇ ਬਹੁਤ ਜ਼ਿਆਦਾ ਭੀੜ, ਬਹੁਗਿਣਤੀ ਵਿਚ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਸੰਗਤ ਆ ਰਹੀ ਹੈ। ਕਿਵੇਂ ਆ ਰਹੀ ਹੈ? *ਭਾਇ ਭਉ ਮਾਨਹਿ-* ਪ੍ਰੇਮ ਨਾਲ ਤੇ ਅਦਬ ਨਾਲ। ਜਿੰਨੀ ਦੇਰ ਤੱਕ ਸਾਡੇ ਅੰਦਰ ਭਉ ਨਹੀਂ, ਉੱਨੀ ਦੇਰ ਤੱਕ ਪ੍ਰਮਾਤਮਾ ਦਾ ਭਾਵ ਵੀ ਪੈਦਾ ਨਹੀਂ ਹੋ ਸਕਦਾ। ਸੰਸਾਰ ਵਿਚ ਅਸੀਂ ਦੁਨੀਆਂ ਤੋਂ ਡਰਦੇ ਹਾਂ, ਪਰ ਸੰਸਾਰ ਵਿਚ ਕਰਤਾਰ ਤੋਂ ਕੋਈ ਨਹੀਂ ਡਰਦਾ। ਜਿਹੜੇ ਲੋਕ ਕਰਤਾਰ ਤੋਂ ਡਰਦੇ ਹਨ, ਉਹ ਸੰਸਾਰ ਵੱਲੋਂ ਨਿਡਰ ਹੋ ਜਾਂਦੇ ਹਨ। ਜਿਹੜੇ ਲੋਕ ਕਰਤਾਰ ਤੋਂ ਨਹੀਂ ਡਰਦੇ, ਉਹ ਮਰਦੇ ਦਮ ਤੱਕ ਮੌਤ ਤੋਂ ਡਰੀ ਜਾਂਦੇ ਹਨ। ਗੁਰੂ ਰਾਮਦਾਸ ਜੀ ਕੋਲ ਸੰਗਤ ਤਾਂ ਆਉਂਦੀ ਹੈ, ਇਕ ਤਾਂ ਉਹਨਾਂ ਕੋਲ ਭੈਅ ਤੇ ਪ੍ਰੇਮ ਹੈ। ਦੂਸਰਾ ਉਹਨਾਂ ਕੋਲ ਭਉ ਹੈ, ਗੁਰੂ ਦਾ ਨਿਰਮਲ ਅਦਬ ਹੈ। ਹੁਣ ਭੈਅ ਵਿਚ ਰਹਿਣ ਦਾ ਮਤਲਬ ਇਹ ਕੋਈ ਮੌਤ ਵਾਲਾ ਡਰ ਨਹੀਂ। ਹਜ਼ੂਰ ਨੇ ਬਾਣੀ ਵਿਚ ਇਕ ਬਚਨ ਕਿਹਾ ਹੈ। ਕਹਿਣ ਲੱਗੇ-

ਡਡਾ ਡਰ ਉਪਜੈ ਡਰੁ ਜਾਈ॥
ਤਾ ਡਰ ਮਹਿ ਡਰੁ ਰਹਿਆ ਸਮਾਈ॥
ਜਉ ਡਰ ਡਰੈ ਤ ਫਿਰਿ ਡਰੁ ਲਾਗੈ॥
ਨਿਡਰ ਹੂਆ ਡਰੁ ਉਰ ਹੋਇ ਭਾਗੈ॥

(ਅੰਗ ੩੪੧)

ਜਦੋਂ ਗੁਰੂ ਦਾ ਡਰ ਤੇਰੇ ਅੰਦਰ ਪੈਦਾ ਹੋ ਗਿਆ ਤਾਂ ਸੰਸਾਰ ਦੇ ਡਰ ਆਪਣੇ ਆਪ ਹੀ ਤੇਰੇ ਕੋਲੋਂ ਚਲੇ ਜਾਣਗੇ। ਜਦੋਂ ਗੁਰੂ ਅੰਗ ਸੰਗ ਹੋਵੇ ਤਾਂ ਫਿਰ ਡਰ ਕਾਹਦਾ। ਜੇਕਰ ਬੰਦਾ ਇਸਤੋਂ ਡਰੀ ਜਾਏਗਾ, ਰੱਬ ਦਾ ਭੈਅ ਨਹੀਂ ਕਰੇਗਾ, ਸਾਹਿਬ ਕਹਿੰਦੇ ਹਨ, ਫਿਰ ਇਸ ਨੂੰ ਦੁਨੀਆਂ ਦਾ ਡਰ ਖਾ ਜਾਂਦਾ ਹੈ।

ਤੁਮ ਮਲੀਆਗਰ ਪ੍ਰਗਟ ਸੁਬਾਸੁ॥

ਹੇ ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ! ਆਪ ਜੀ ਹਿਮਾਲਿਆ ਪਰਬਤ ਉੱਤੇ ਰਹਿਣ ਵਾਲੇ ਪੈਦਾ ਹੋਏ ਬਾਵਨ ਚੰਦਨ ਦੀ ਤਰ੍ਹਾਂ ਹੋ। ਬਾਵਨ ਚੰਦਨ ਬੜਾ ਕੀਮਤੀ ਹੁੰਦਾ ਹੈ। ਜਿਵੇਂ ਚੰਦਨ ਕੋਲ ਕੋਈ ਜਾਂਦਾ ਹੈ ਉਸਦੀ ਤਪਸ਼ ਮਿਲਦੀ ਹੈ, ਅੰਦਰ ਨੂੰ ਠੰਢ ਮਿਲਦੀ ਹੈ ਤੇ ਉਸਦੇ ਅੰਦਰ ਸੁਗੰਧੀ ਪੈਦਾ ਹੁੰਦੀ ਹੈ। ਧੰਨ ਗੁਰੂ ਰਾਮਦਾਸ ਜੀ ਪਾਤਿਸ਼ਾਹ ਉਸ ਚੰਦਨ ਦੀ ਤਰ੍ਹਾਂ ਹਨ ਜਿਨ੍ਹਾਂ ਕੋਲ ਆਇਆਂ ਵਿਕਾਰਾਂ ਦੀ ਜ਼ਹਿਰ ਸ਼ਾਂਤ ਹੋ ਜਾਂਦੀ ਹੈ, ਨਾਮ ਦੀ ਸੁਗੰਧੀ ਪ੍ਰਗਟ ਹੁੰਦੀ ਹੈ, ਆਤਮਕ ਠੰਢ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਰਾਮਦਾਸ ਜੀ ਆਪ ਜੀ ਇਕ ਉਹ ਚੰਦਨ ਹੋ, ਜਿਨ੍ਹਾਂ ਕੋਲ ਤੜਪਦੇ ਸੜਦੇ, ਵਿਲਕਦੇ ਡਿੱਗਦੇ ਤੇ ਢੱਠੇ ਆਉਂਦੇ ਹਨ, ਆਪ ਉਹਨਾਂ ਨੂੰ ਵੀ ਠੰਢ ਤੇ ਅੰਦਰ ਦੀ ਸੁਗੰਧੀ ਦੇ ਦਿੰਦੇ ਹੋ। ਗੁਰੂ ਰਾਮਦਾਸ ਸੱਚੇ ਪਾਤਿਸ਼ਾਹ! ਕਈ ਜਨਮਾਂ ਦੇ ਸੁੱਤੇ ਹੋਏ ਜਿਹੜੇ ਜੀਵ ਹਨ, ਉਹਨਾਂ ਨੂੰ ਤੁਸੀਂ ਜਗਾਉਂਦੇ ਹੋ। ਜਗਾਉਂਦਿਆਂ ਹੋਇਆਂ ਕਈ ਵਾਰੀ ਭੈੜਾ ਲੱਗਦਾ ਹੈ ਕਿ ਕਿਉਂ ਮੈਨੂੰ ਸੁੱਤੇ ਹੋਏ ਨੂੰ ਜਗਾਉਂਦੇ ਹੋ? ਪਰ ਜਾਗਣ ਤੋਂ ਬਾਅਦ ਕਹਿੰਦੇ ਹਨ ਗੁਰੂ ਰਾਮਦਾਸ ਤੇਰਾ ਕੋਟਾਨ ਕੋਟ ਸ਼ੁਕਰ, ਜੇ ਤੁਸੀਂ ਨਾ ਉਪਦੇਸ਼ ਦਿੰਦੇ ਤਾਂ ਸਾਰੀ ਜ਼ਿੰਦਗੀ ਸੁੱਤਿਆਂ ਹੀ ਨਿਕਲ ਜਾਣੀ ਸੀ। ਕੋਈ ਗੁਰੂ ਦੇ ਦਰ 'ਤੇ ਪ੍ਰੇਮ, ਅਦਬ ਦੇ ਸ਼ਰਧਾ ਦੇ ਨਾਲ ਆਵੇ ਤਾਂ ਉਸਦੇ ਸਾਰੇ ਡਰ, ਭੈਅ, ਦੁੱਖ ਦੂਰ ਹੋ ਜਾਂਦੇ ਹਨ।

ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੵੋ ਜੁ ਪ੍ਰਗਾਸੁ॥

ਧ੍ਰੂ, ਜਿਸਨੂੰ ਨਾਮ ਜੱਪ ਕੇ ਚਾਨਣ ਹੋਇਆ। ਪ੍ਰਹਿਲਾਦ, ਜਿਸਨੂੰ ਰਾਮ ਰਾਮ ਕਹਿ ਕੇ ਅਡੋਲਤਾ ਮਿਲੀ। ਕਬੀਰ, ਜਿਨ੍ਹਾਂ ਨੇ ਸਿਮਰਨ ਕਰ ਕਰ ਕੇ ਉਸ ਪ੍ਰਮਾਤਮਾ ਨੂੰ ਪਾ ਲਿਆ। ਤਿਲੋਚਨ, ਜਿਨ੍ਹਾਂ ਨੇ ਨਰਾਇਣ ਸਿਮਰ ਕੇ, ਉਹਨਾਂ ਦੇ ਅੰਦਰ ਪ੍ਰਗਾਸ ਹੋ ਗਿਆ। ਅੰਦਰ ਉਹਨਾਂ ਦੇ ਗਿਆਨ ਦੇ ਦੀਵੇ ਬੱਲ ਗਏ।

ਜਿਹ ਪਿਖਤ ਅਤਿ ਹੋਇ ਰਹਸੁ ਮਨਿ

ਜਿਸ ਗੁਰੂ ਰਾਮਦਾਸ ਜੀ ਨੂੰ ਦੇਖਕੇ ਅੰਦਰ ਅਤਿ ਦਾ ਆਨੰਦ ਬਣਦਾ ਹੈ, ਅੰਦਰ ਅਤਿ ਦਾ ਖੇੜਾ ਬਣਦਾ ਹੈ।

ਸੋਈ ਸੰਤ ਸਹਾਰੁ॥

ਸਹਾਰੁ ਦਾ ਅਰਥ ਹੈ ਸੰਤਾਂ ਦਾ ਸਹਾਰਾ। ਸੱਚ ਜਾਣੋ, ਉਸ ਪ੍ਰਭੂ ਦਾ ਸਾਕਾਰ ਰੂਪ ਹਨ ਗੁਰੂ ਰਾਮਦਾਸ। ਗੁਰੂ ਰਾਮਦਾਸ ਜੀ ਨੂੰ ਦੇਖ ਕੇ ਅੰਦਰ ਨੂੰ ਟਿਕਾਅ ਮਿਲਦਾ ਹੈ ਤੇ ਗੁਰੂ ਰਾਮਦਾਸ ਕ੍ਰਿਪਾਲੂ ਅਜਿਹੇ ਹਨ ਜਿਹੜੇ ਬੰਦਗੀ ਕਰਨ ਵਾਲਿਆਂ ਦਾ ਸਹਾਰਾ ਬਣ ਜਾਂਦੇ ਹਨ। ਜਿਨ੍ਹਾਂ ਆਪ ਜੀ ਦੇ ਦਰਸ਼ਨ ਕੀਤੇ ਹਨ, ਉਨ੍ਹਾਂ ਨੂੰ ਭਰੋਸਾ ਬਣ ਗਿਆ ਕਿ ਗੁਰੂ ਰਾਮਦਾਸ ਰੱਬੀ ਸੰਤਾਂ ਦੇ ਸਹਾਇਕ ਹਨ। ਤਾਂ ਹੀ ਬਾਬਾ ਸੱਤਾ ਜੀ ਨੇ ਸ਼ਬਦ ਕਹੇ ਸਨ। ਕਹਿਣ ਲੱਗੇ-

ਧੰਨ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥

(ਅੰਗ ੯੬੮)

ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤੇ ਮਨ ਨੂੰ ਟਿਕਾਅ ਮਿਲਦਾ ਹੈ। ਸਤਿਗੁਰੂ ਗੁਰੂ ਰਾਮਦਾਸ ਜੀ ਕ੍ਰਿਪਾਲੂ ਜੀ ਸਾਡੇ ਸਾਰਿਆਂ ਦੇ ਅੰਦਰ ਟਿਕਾਅ ਬਖ਼ਸ਼ਣ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸਤਿਗੁਰ ਮਿਲਿਐ ਮਲੁ ਉਤਰੀ

ਸਲੋਕ ਮਹਲਾ ੩ ੧ੴ ਸਤਿਗੁਰ ਪ੍ਰਸਾਦਿ॥

ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ॥
ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ॥
ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ॥ ੩੭॥

(ਅੰਗ ੧੪੧੭)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਕ੍ਰਿਪਾਲੂ ਜੀ ਦੇ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋ! ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਰਸਨਾ ਤੋਂ ਉਚਾਰਨ ਕੀਤਾ ਹੋਇਆ ਸਲੋਕ ਵਾਰਾਂ ਤੇ ਵਧੀਕ ਵਿਚੋਂ ਆਪ ਜੀ ਨੇ ਅੱਜ 37ਵਾਂ ਸਲੋਕ ਸਰਵਨ ਕੀਤਾ ਹੈ। ਇਸ ਸਲੋਕ ਦਾ ਸੰਖੇਪ ਭਾਵ ਹੈ ਕਿ ਸਿਆਣੇ ਵਿਦਵਾਨ ਪੰਡਿਤ ਲੋਕ ਪੁਰਾਨਾਂ ਦਾ, ਸ਼ਾਸਤਰਾਂ ਵੇਦਾਂ ਦਾ ਦਿਨ ਰਾਤ ਪਠਨ ਪਾਠਨ ਕਰਦੇ ਹਨ। ਕਰਮ ਕਾਂਡੀ ਲੋਕ ਹਵਨ ਤੇ ਯੱਗ ਕਰਦੇ ਹਨ। ਤੀਰਥ ਇਸ਼ਨਾਨੀ ਇਸ ਗੱਲ ਨੂੰ ਅੰਦਰ ਪਾਲ ਕੇ ਤੀਰਥ ਇਸ਼ਨਾਨ ਨਾਲ ਸਾਡੇ ਪਾਪ ਕੱਟੇ ਜਾਣਗੇ, ਉਹ ਦਿਨ ਰਾਤ ਤੀਰਥ ਰੱਟਨ ਵਿਚ ਤੁਰੇ। ਕੋਈ ਯੱਗ ਕਰ ਰਿਹਾ ਹੈ, ਕੋਈ ਹਵਨ ਕਰ ਰਿਹਾ ਹੈ, ਕੋਈ ਤੀਰਥ ਇਸ਼ਨਾਨ ਕਰ ਰਿਹਾ ਹੈ, ਕੋਈ ਧਾਰਮਿਕ ਪੁਸਤਕਾਂ ਦਾ ਅਧਿਐਨ ਕਰ ਰਿਹਾ ਹੈ, ਪਰ ਧੰਨ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਇੰਨਾ ਕਰਨ ਦੇ ਬਾਵਜੂਦ ਵੀ ਜਿਹੜੀ ਅੰਦਰ ਦੀ ਮਾਇਆ ਦੀ ਭੁੱਖ ਹੈ ਤੇ ਆਮ ਹਉਮੈ ਦੀ ਜੋ ਮੈਲ ਹੈ, ਇਹ ਦੋਨੋਂ ਨਹੀਂ ਖਹਿੜਾ ਛੱਡ ਸਕੀਆਂ। ਪਰ ਨਾਲ ਬਖ਼ਸ਼ਿਸ਼ ਕੀਤੀ ਉਨ੍ਹਾਂ ਨੇ ਕਿ ਜੇ ਸਮਰੱਥ ਸਤਿਗੁਰੂ ਮਿਲ ਜਾਏ, ਸਮਰੱਥ ਗੁਰੂ ਕ੍ਰਿਪਾ ਕਰਕੇ ਪ੍ਰਭੂ ਦਾ ਨਾਮ ਦ੍ਰਿੜ੍ਹਾ ਦੇਵੇ ਤੇ ਜਗਿਆਸੂ ਉਸ ਪ੍ਰਮਾਤਮਾ ਦੇ ਨਾਮ ਦਾ ਦਿਨ ਰਾਤ ਚਿੰਤਨ ਕਰੇ ਤਾਂ ਇਸ ਚਿੰਤਨ ਦੀ ਬਦੌਲਤ ਉਸ ਦੇ ਅੰਦਰ ਦੀ ਮੈਲ ਵੀ ਉਤਰ ਜਾਏਗੀ ਤੇ ਉਸਦੇ ਕੀਤੇ ਹੋਏ ਜਿਹੜੇ ਧਰਮ ਦੇ ਕਰਮ ਹਨ, ਉਹ ਵੀ ਸਫਲ ਹੋ ਜਾਣਗੇ।

ਅੱਜ ਦੋ ਗੱਲਾਂ ਇਸ ਸਲੋਕ ਵਿਚ ਗੁਰੂ ਨੇ ਸਾਨੂੰ ਦ੍ਰਿੜ ਕਰਵਾਈਆਂ ਹਨ। ਇਕ, ਜੇ ਅੰਦਰ ਪ੍ਰਭੂ ਦਾ ਨਾਮ ਨਹੀਂ ਤਾਂ ਬਾਹਰ ਦੇ ਕੀਤੇ ਕਰਮ ਕਾਂਡਾਂ ਦਾ ਕੋਈ ਅਰਥ ਨਹੀਂ। ਦੂਸਰਾ, ਅੰਦਰ ਦੀ ਮੈਲ ਕੇਵਲ ਨਾਮ ਜੱਪ ਕੇ ਧੁੱਲ ਸਕਦੀ ਹੈ, ਬਾਹਰ ਦੇ ਕਰਮ ਕਾਂਡਾਂ ਨਾਲ ਨਹੀਂ। ਕੋਈ ਵੀ ਧਰਮ ਦੇ ਨਾਮ ਉੱਪਰ ਕਰਮ ਕੀਤਾ ਜਾਂਦਾ ਹੈ, ਮਨੁੱਖ ਉਸ ਕਰਮ ਨੂੰ ਇਸ ਕਰਕੇ ਅਪਣਾ ਰਿਹਾ ਹੈ ਕਿ ਇਸ ਕਰਮ ਕਰਨ ਦੇ ਨਾਲ ਮੇਰੇ ਜਨਮ ਮਰਨ ਦਾ ਬੰਧਨ ਕੱਟ ਜਾਏ, ਮੇਰੇ ਅੰਦਰ ਦੀ ਮੈਲ ਵੀ ਉਤਰ ਜਾਏ। ਪਰ ਜੇਕਰ ਇਨਸਾਨ ਉਹ ਕਰਮ ਧਰਮ ਵੀ ਕਰੇ, ਨਾ ਤਾਂ ਉਸਦੇ ਜਨਮ ਮਰਨ ਦਾ ਬੰਧਨ ਟੁੱਟੇ ਅਤੇ ਨਾ ਹੀ ਉਸਦੇ ਅੰਦਰ ਜੋ ਹਉਮੈ ਦੀ ਮਾਇਆ ਦੀ ਪਕੜ ਦੀ ਮਲੀਨਤਾ ਹੈ, ਇਨਸਾਨ ਦਾ ਖਹਿੜਾ ਨਾ ਛੱਡੇ ਤਾਂ ਫਿਰ ਉਸ ਕੀਤੇ ਹੋਏ ਕਰਮ ਧਰਮ ਦਾ ਅਰਥ ਕੋਈ ਨਹੀਂ।

ਇਕ ਉਦਾਹਰਣ ਆਪ ਜੀ ਨੂੰ ਦੱਸਾਂ। ਇਕ ਬਲਦ ਨੂੰ ਤੇਲੀ ਨੇ ਆਪਣੇ ਕੋਹਲੂ ਦੇ ਨਾਲ ਚੋਇਆ ਹੈ। ਕੋਹਲੂ ਦੇ ਅੱਗੇ ਦਿੱਤਾ ਹੈ। ਹੁਣ ਬਲਦ ਸਵੇਰ ਤੋਂ ਸ਼ਾਮ ਤੱਕ ਉਸ ਕੋਹਲੂ ਦੇ ਚਾਰ ਚੁਫੇਰੇ ਚੱਕਰ ਲਗਾ ਰਿਹਾ ਹੈ। ਜੇ ਬਲਦ 8 ਘੰਟੇ, 9 ਘੰਟੇ, 12 ਘੰਟੇ ਵੀ ਉਸ ਕੋਹਲੂ ਦੇ ਚਾਰ ਚੁਫੇਰੇ ਘੁੰਮਦਾ ਰਿਹਾ ਪਰ ਉਸਨੇ ਇਕ ਕਿਲੋਮੀਟਰ ਵੀ ਆਪਣੇ ਘਰ ਤੋਂ ਦੂਰੀ ਤਹਿ ਨਾ ਕੀਤੀ ਤਾਂ ਇਸਦਾ ਮਤਲਬ ਤੇਲੀ ਦੇ ਬਲਦ ਨੇ ਕਰਮ ਤਾਂ ਕੀਤਾ ਹੈ, ਐਨਰਜੀ ਵੇਸਟ ਹੋਈ, ਸਮਾਂ ਉਸਦਾ ਜ਼ਰੂਰ ਲੱਗਾ ਪਰ ਸਫਲਤਾ ਕੋਈ ਨਹੀਂ। ਗੁਰਮੁਖੋ ! ਜਿਹੜੇ ਕਰਮ ਧਰਮ ਮਨੁੱਖ ਕਰਦਾ ਹੈ ਦਿਖਾਵੇ ਦੇ, ਇਹ ਮਾਨੋ ਤੇਲੀ ਦੇ ਬਲਦ ਦੀ ਤਰ੍ਹਾਂ ਹੈ। ਸਾਰੀ ਜ਼ਿੰਦਗੀ ਉਹਨਾਂ ਕਰਮ ਕਾਂਡਾਂ ਵਿਚ ਬੱਝਾ ਹੋਇਆ, ਉਹਨਾਂ ਬੰਧਨਾਂ ਵਿਚ ਬੱਝਾ ਹੋਇਆ ਇਹ ਆਪਣੇ ਅੰਦਰ ਨੂੰ ਤਸੱਲੀ ਦੇਈ ਜਾ ਰਿਹਾ ਹੈ ਕਿ ਮੈਂ ਇੰਨੇ ਧਰਮ ਦੇ ਨਾਮ 'ਤੇ ਪੁੰਨ ਕੀਤੇ ਹਨ। ਜੇ ਬੰਦੇ ਦੇ ਅੰਦਰ ਦੀ ਰੂਹਾਨੀਅਤ ਦੀ ਤਰੱਕੀ ਨਾ ਹੋਈ, ਅੰਦਰ ਦਾ ਸੁਭਾਅ, ਅੰਦਰ ਦੇ ਔਗੁਣ ਇਸ ਨੇ ਤਿਆਗੇ ਨਹੀਂ ਤਾਂ ਫਿਰ ਸੱਚੇ ਪਾਤਿਸ਼ਾਹ ਕਹਿੰਦੇ ਹਨ ਪਿਆਰਿਆ! ਇਹ ਕੀਤੇ ਹੋਏ ਧਰਮ ਕਰਮ ਤੇਰੇ ਜ਼ਿੰਦਗੀ ਦੇ ਕਿਸੇ ਵੀ ਮਤਲਬ ਨਹੀਂ।

ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਪ੍ਰਮਾਣ ਮੈਂ ਆਪ ਜੀ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਦੇਖੋ ਧਰਮ ਦੇ ਨਾਮ 'ਤੇ ਕੋਈ ਵੀ ਕਰਮ ਕਰੀਏ, ਇਸਦਾ ਭਾਵ ਤਾਂ ਇਹੀ ਹੈ ਕਿ ਇਸ ਕਰਮ ਕਰਨ ਦੇ ਨਾਲ ਸਾਡੇ ਅੰਦਰ ਦੀ ਮਲੀਨਤਾ ਚਲੀ ਜਾਏ। ਇਸ ਕਰਮ ਕਰਨ ਦੇ ਨਾਲ ਅਸੀਂ ਆਪਣੇ ਅੰਦਰ ਦੇ ਬੰਧਨ ਨੂੰ ਕੱਟ ਸਕੀਏ। ਇਸ ਕਰਮ ਕਰਨ ਦੇ ਨਾਲ ਸਾਨੂੰ ਰੂਹਾਨੀਅਤ ਦੀ ਤਰੱਕੀ ਮਿਲ ਸਕੇ। ਨਾ ਬੰਧਨ ਕੱਟੇ ਗਏ, ਨਾ ਰੂਹਾਨੀਅਤ ਦੀ ਤਰੱਕੀ ਮਿਲੀ, ਨਾ ਅੰਦਰ ਦੀ ਮੱਲ ਉਤਰੀ ਤੇ ਫਿਰ ਉਹ ਧਰਮ ਕਰਮ ਜਿਹੜੇ ਕੀਤੇ ਸਨ, ਸੱਚੇ ਪਾਤਿਸ਼ਾਹ ਕਹਿੰਦੇ ਹਨ, ਕੇਵਲ ਇਕ ਪਾਖੰਡ ਬਣ ਗਏ।

ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨਾਂ ਵਿਚੋਂ ਹਜ਼ੂਰ ਦੀ ਬਾਣੀ ਵਿਚ ਇਕ ਅਸਟਪਦੀ ਆਪ ਜੀ ਅਕਸਰ ਪੜ੍ਹਦੇ ਹੋ। ਇਸ ਅਸਟਪਦੀ ਵਿਚ ਧੰਨ ਗੁਰੂ ਅਰਜਨ

ਸਾਹਿਬ ਜੀ ਨੇ ਦੋ ਰਹਾਉ ਦੀਆਂ ਤੁੱਕਾਂ ਬਿਆਨ ਕੀਤੀਆਂ ਹਨ। ਇਕ ਤਾਂ ਅਸਟਪਦੀ ਦੇ ਆਰੰਭ ਵਿਚ ਹੀ ਰਹਾਉ ਹੈ ਤੇ ਦੂਸਰੀ ਕ੍ਰਿਪਾਲੂ ਜੀ ਨੇ ਅਸਟਪਦੀ ਦੀ ਸੰਪੂਰਨਤਾ 'ਤੇ ਜਾ ਕੇ ਰਹਾਉ ਦੀ ਤੁੱਕ ਦਰਜ ਕੀਤੀ ਹੈ।

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥

(ਅੰਗ ੬੪੧)

ਹੁਣ ਇਹ ਤਿੰਨੇ ਗੱਲਾਂ ਜਿਹੜੀਆਂ ਹਨ ਵੱਖ ਵੱਖ ਫਿਰਕਿਆਂ ਦੇ ਆਪਣੇ ਆਪਣੇ ਧਰਮ ਦੇ ਉਹਨਾਂ ਨੇ ਕਰਮ ਬਣਾਏ। ਕੋਈ ਵੇਦਾਂ ਦਾ ਪਾਠ ਕਰ ਰਿਹਾ ਹੈ, ਕੋਈ ਸਿਮਰਤੀਆਂ ਦਾ ਪਾਠ ਕਰ ਰਿਹਾ ਹੈ, ਕੋਈ ਸ਼ਾਸਤਰਾਂ ਦਾ ਪਾਠ ਕਰ ਰਿਹਾ ਹੈ। ਅਸੀਂ ਦੇਖਦੇ ਹਾਂ ਕਿ ਪਾਠ ਦਾ ਅਰਥ ਕੇਵਲ ਇਥੇ ਬੇਦ ਨਾਲ ਸਬੰਧਿਤ ਨਾ ਰੱਖੀਏ, ਕਿਉਂਕਿ ਜਦੋਂ ਇਹਨਾਂ ਬਚਨਾਂ ਦੇ ਅਰਥ ਕਰਨੇ ਹੋਣਗੇ ਤਾਂ ਉਦੋਂ ਸਾਨੂੰ ਆਪਣੇ ਆਪ ਨੂੰ ਮਨਫ਼ੀ ਕਰਕੇ ਨਹੀਂ। ਜਿੰਨੇ ਅਸੀਂ ਗ੍ਰੰਥ ਧਰਮ ਦੇ ਪੜ੍ਹਦੇ ਹਾਂ, ਅਸੀਂ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੀਆਂ ਲੜੀਆਂ ਚਲਾਉਂਦੇ ਹਾਂ। ਜੇ ਸਾਲਾਂ-ਬੱਧੀ ਇਹ ਪਾਠ ਕਰਕੇ ਵੀ ਬੰਦੇ ਦੇ ਅੰਦਰ ਦੀ ਮੈਲ ਨਹੀਂ ਉਤਰੀ ਤਾਂ ਸੱਚ ਜਾਣਿਉ ਗੁਰਮੁਖੋ! ਉਹ ਕੀਤਾ ਹੋਇਆ ਪਾਠ ਧਰਮ ਦੇ ਨਾਮ 'ਤੇ ਕਰਮ ਕਾਂਡ ਤਾਂ ਨਹੀਂ ਬਣ ਗਿਆ। ਜੋ ਗੁਰੂ ਜੀ ਨੇ ਕਿਹਾ ਉਸਨੂੰ ਤਾਂ ਕਮਾਇਆ ਨਹੀਂ, ਪਾਠ ਕਰੀ ਗਏ।

ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਵਾਰੀ ਕਿਸੇ ਨੇ ਪ੍ਰਸ਼ਨ ਕੀਤਾ ਸੀ ਕਿ ਕੀਰਤਨ ਕੀਤਾ ਜਾਂਦਾ ਹੈ, ਪਾਠ ਕੀਤੇ ਜਾਂਦੇ ਹਨ, ਵੇਦ ਪੜ੍ਹੇ ਜਾਂਦੇ ਹਨ, ਸਿਮਰਤੀਆਂ ਨੂੰ ਪੜ੍ਹਿਆ ਜਾਂਦਾ ਹੈ, ਜਿੰਨੇ ਵੀ ਧਰਮ ਹਨ, ਉਹ ਆਪਣੇ ਆਪਣੇ ਸਿਧਾਂਤ ਦੇ ਗ੍ਰੰਥਾਂ ਦਾ ਪਾਠ ਕਰਦੇ ਹਨ, ਪਰ ਇੰਨਾ ਪਠਨ ਪਾਠਨ ਹੋਣ ਦੇ ਬਾਵਜੂਦ ਵੀ ਲੋਕ ਨਿਘਾਰ ਵੱਲ ਕਿਉਂ ਜਾਂਦੇ ਹਨ? ਰੂਹਾਨੀਅਤ ਦੀ ਤਰੱਕੀ ਕਿਉਂ ਨਹੀਂ ਹੁੰਦੀ? ਉਸ ਵੇਲੇ ਹਜ਼ੂਰ ਨੇ ਬਹੁਤ ਸੋਹਣਾ ਪਰਮਾਣ ਦਿੱਤਾ ਸੀ। ਕਹਿੰਦੇ ਹਨ ਇਕ ਇਨਸਾਨ ਨੂੰ ਪਿਆਸ ਲੱਗੀ ਹੈ ਤੇ ਉਸ ਬੰਦੇ ਨੇ ਪਾਣੀ ਮੰਗਿਆ। ਜੇਕਰ ਉਸ ਬੰਦੇ ਨੂੰ ਪਾਣੀ ਪੀਣ ਲਈ ਦਿੱਤਾ ਜਾਵੇ ਤੇ ਉਹ ਪਾਣੀ ਦੀਆਂ ਘੁੱਟਾਂ ਭਰ ਕੇ ਆਪਣੇ ਮੂੰਹ ਵਿਚ ਕੇਵਲ ਰੱਖਕੇ ਉਸ ਪਾਣੀ ਦੀਆਂ ਕੁਰਲੀਆਂ ਕਰਕੇ ਬਾਹਰ ਸੁੱਟ ਦੇਵੇ ਤਾਂ ਕੀ ਉਸ ਪਾਣੀ ਦੇ ਮੂੰਹ ਵਿਚ ਪਾਉਣ ਦੇ ਨਾਲ ਬੰਦੇ ਦੀ ਅੰਦਰ ਦੀ ਪਿਆਸ ਮਿੱਟ ਜਾਏਗੀ ?

ਸਿੱਖਾਂ ਨੇ ਹੱਥ ਜੋੜ ਕੇ ਕਿਹਾ ਸੀ ਸੱਚੀ ਸਰਕਾਰ! ਇਹ ਬੰਦਾ ਜਿੰਨੀਆਂ ਮਰਜ਼ੀ ਬੁੱਲ੍ਹਾਂ ਨਾਲ ਲਾ ਕੇ ਪਾਣੀ ਦੀਆਂ ਕੁਰਲੀਆਂ ਕਰੀ ਜਾਏ, ਇਸਦੀ ਪਿਆਸ ਉਸ ਦਿਨ ਬੁਝੇਗੀ ਜਿਸ ਦਿਨ ਇਸ ਦੇ ਕੰਠ ਤੋਂ ਥੱਲੇ ਪਾਣੀ ਉਤਰੇਗਾ। ਪੇਟ ਵਿਚ ਗਿਆ ਹੋਇਆ ਪਾਣੀ ਹੀ ਬਸ ਦੀ ਪਿਆਸ ਬੁਝਾਉਂਦਾ ਹੈ, ਮੂੰਹ ਵਿਚ ਕੀਤੀਆਂ ਹੋਈਆਂ ਕੁਰਲੀਆਂ ਨਾਲ ਕਦੀ ਕਿਸੇ ਦੀ ਪਿਆਸ ਨਹੀਂ ਬੁੱਝਦੀ। ਮੂੰਹ ਇਕ ਜ਼ਰੀਆ ਹੈ ਪੇਟ ਅੰਦਰ ਪਾਣੀ ਪਹੁੰਚਾਉਣ ਦਾ, ਪਰ

ਜੇ ਕੋਈ ਬੰਦਾ ਮੂੰਹ ਤੱਕ ਪਾਣੀ ਨੂੰ ਸੀਮਤ ਰੱਖਕੇ ਕਹੇ ਕਿ ਮੇਰੀ ਪਿਆਸ ਬੁੱਝ ਗਈ ਤਾਂ ਇਹ ਅਗਿਆਨਤਾ ਹੈ।

ਸੱਚੇ ਪਾਤਿਸ਼ਾਹ ਕਹਿਣ ਲੱਗੇ, "ਗੁਰਸਿੱਖੋ! ਅਸੀਂ ਕਹਿੰਦੇ ਹਾਂ ਇੰਨੇ ਪਾਠ ਕੀਤੇ, ਇੰਨੀਆਂ ਲੜੀਆਂ ਚਲਾਈਆਂ। ਜਿੰਨੇ ਵੀ ਧਰਮ ਦੇ ਗ੍ਰੰਥ ਹਨ, ਉਹਨਾਂ ਦੇ ਪੜ੍ਹਨ ਦਾ ਵਾਕਿਆ ਹੀ ਲਾਭ ਹੈ, ਮੂੰਹ ਰੱਬ ਨੇ ਇਕ ਵਸੀਲਾ ਬਣਾਇਆ ਹੈ, ਲੋਕੀਂ ਕੇਵਲ ਪਠਨ ਪਾਠਨ ਦੀਆਂ ਕੁਰਲੀਆਂ ਪਏ ਕਰਦੇ ਹਨ, ਗਲੇ ਤੋਂ ਥੱਲੇ ਗੁਰੂ ਦੇ ਉਪਦੇਸ਼ ਨੂੰ ਉਤਰਨ ਹੀ ਨਹੀਂ ਦਿੱਤਾ ਜਾਂਦਾ।"

ਮੈਲ ਤਾਂ ਖ਼ਤਮ ਹੋਵੇਗੀ, ਅੰਦਰ ਦੀ ਅਗਿਆਨਤਾ ਤਾਂ ਖ਼ਤਮ ਹੋਵੇਗੀ ਜੇ ਉਸ ਗਿਆਨ ਨੂੰ ਆਪਣੇ ਅੰਦਰ ਵੀ ਜਾਣ ਦੇਈਏ। ਅਸੀਂ ਰੋਜ਼ ਗੁਰੂ ਜੀ ਦਾ ਹੁਕਮਨਾਮਾ ਕਹਿ ਦਿੰਦੇ ਹਾਂ ਤੇ ਜਿਹੜਾ ਗੁਰੂ ਜੀ ਨੇ ਹੁਕਮ ਦਿੱਤਾ, ਕੀ ਸਾਨੂੰ ਸਾਰਾ ਦਿਨ ਉਹ ਚੇਤੇ ਵੀ ਰਹਿੰਦਾ ਹੈ ਕਿ ਅੱਜ ਮੇਰੇ ਸਤਿਗੁਰੂ ਨੇ ਮੈਨੂੰ ਘਰ ਵਿਚ ਕਮਾਉਣ ਵਾਸਤੇ ਕਿਹੜਾ ਪਾਠ ਦਿੱਤਾ ਹੈ? ਜੇ ਅਸੀਂ ਸੰਸਾਰਕ ਤੌਰ 'ਤੇ ਤਰੱਕੀ ਲੋਚਦੇ ਹਾਂ ਤੇ ਬੱਚਾ ਸਕੂਲ ਵਿਚ ਜਾਏ ਤਾਂ ਉਥੇ ਬੈਠ ਕੇ ਬੱਚਾ ਪੜ੍ਹਦਾ ਹੈ। ਬੱਚੇ ਨੂੰ ਹੋਮ-ਵਰਕ ਦਿੱਤਾ ਜਾਂਦਾ ਹੈ। ਜੇਕਰ ਬੱਚਾ ਕਲਾਸ ਵਿਚ ਬੈਠ ਕੇ ਪੜ੍ਹਦਾ ਰਿਹਾ, ਹੋਮ-ਵਰਕ ਲੈ ਕੇ ਆਇਆ, ਘਰ ਦਾ ਕੰਮ ਉਸਨੇ ਕੀਤਾ ਨਾ ਤੇ ਜਿਹੜਾ ਬੱਚਾ ਹੋਮ-ਵਰਕ ਨਹੀਂ ਕਰੇਗਾ, ਉਹ ਟੀਚਰ ਦੀ ਕ੍ਰਿਪਾ ਦਾ ਪਾਤਰ ਨਹੀਂ ਬਣ ਸਕਦਾ। ਅਸੀਂ ਸਿਰਫ਼ ਇਹ ਸਮਝਦੇ ਹਾਂ ਕਿ ਗੁਰੂ ਜੀ ਕੋਲ ਆਏ, ਕੀਰਤਨ ਸੁਣਿਆ, ਬੜੀ ਚੰਗੀ ਗੱਲ ਹੈ, ਇਸਦੇ ਵਿਚ ਰੱਬ ਵਰਤਦਾ ਹੈ ਪਰ ਗੁਰਮਖੋ! ਗੁਰੂ ਜੀ ਹੁਕਮ ਰੂਪ ਵਿਚ ਜੋ ਸਾਨੂੰ ਹੋਮ-ਵਰਕ ਦਿੰਦੇ ਹਨ, ਕੀ ਆਪਣੇ ਘਰ ਵਿਚ ਆਪਾਂ ਕਦੀ ਬੈਠ ਕੇ ਉਸਨੂੰ ਦ੍ਰਿੜ੍ਹ ਕਰਨ ਦਾ ਯਤਨ ਕੀਤਾ ਹੈ? ਜੇ ਪੜ੍ਹੇ ਹੋਏ ਪਾਠ 'ਤੇ ਅਮਲ ਨਹੀਂ ਕੀਤਾ ਤਾਂ ਇਸ ਬਾਰੇ ਫਿਰ ਸਤਿਗੁਰੂ ਜੀ ਨੇ ਅੰਮ੍ਰਿਤ ਬਾਣੀ ਵਿਚ ਕ੍ਰਿਪਾ ਭਰੇ ਬਚਨ ਕਹੇ ਹਨ-

ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥
ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥

(ਅੰਗ ੬੫੫)

ਤੇਰੇ ਪੜ੍ਹਨ ਦਾ, ਤੇਰੇ ਸੁਣਨ ਦਾ ਕੀ ਲਾਭ ਹੋਇਆ ਜੇ ਏਨਾ ਪੜ੍ਹ ਸੁਣ ਕੇ ਵੀ ਤੇਰੇ ਅੰਦਰ ਨੂੰ ਸਹਿਜ ਨਹੀਂ ਮਿਲਿਆ। ਸਤਿਗੁਰੂ ਕਹਿੰਦੇ ਹਨ, ਇਸ ਦਾ ਕਾਰਨ ਹੈ ਕਿ ਪੜ੍ਹਦਾ ਹੈ, ਇਕ ਵਾਰੀ ਮਨ ਅੰਦਰੋਂ ਆਵਾਜ਼ ਦਿੰਦਾ ਹੈ ਕਿ ਰੱਬ ਦੀ ਬੰਦਗੀ ਕਰਨੀ ਹੈ ਪਰ ਗੁਰਮੁਖੋ ! ਰੋਜ਼ ਮਨ ਅੱਜ ਨੂੰ ਟਾਲਦਾ ਪਿਆ ਹੈ, ਕੱਲ 'ਤੇ ਗੱਲਾਂ ਸੁੱਟ ਰਿਹਾ ਹੈ। ਚੇਤੇ ਰੱਖਿਓ ਜਿਹੜਾ ਅੱਜ ਟਾਲਦਾ ਪਿਆ ਹੈ ਉਸਦਾ ਆਉਣ ਵਾਲਾ ਕੱਲ ਕਦੀ ਵੀ ਸੁਨਹਿਰੀ ਨਹੀਂ ਬਣ ਸਕਦਾ। ਤਾਂ ਹੀ ਬਾਬਾ ਕਬੀਰ ਜੀ ਨੇ ਕਿਹਾ ਹੈ-

ਕਬੀਰ ਕਾਲਿ ਕਰੰਤਾ ਅਬਹਿ ਕਰੁ

ਜਿਹੜਾ ਕੰਮ ਤੂੰ ਕੱਲ ਕਰਨਾ ਹੈ, ਉਹ ਅੱਜ ਸ਼ੁਰੂ ਕਰ ਦੇ।

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥

(ਅੰਗ ੧੩੭੧)

ਜਦੋਂ ਤੇਰੇ ਸਿਰ 'ਤੇ ਕਾਲ ਆ ਗਿਆ, ਉਸ ਵੇਲੇ ਤੇਰੇ ਕੋਲ ਕੁਝ ਹੋਣਾ ਨਹੀਂ। ਹੇ ਮੂਰਖਾ! ਤੂੰ ਪ੍ਰਮਾਤਮਾ ਦੇ ਨਾਮ ਨੂੰ ਜੱਪਦਾ ਨਹੀਂ। ਵਾਰ ਵਾਰ ਤੂੰ ਸੋਚੀ ਜਾ ਰਿਹਾ ਹੈਂ। ਸੋਚਣ ਨਾਲ ਨਹੀਂ, ਅਸਲ ਵਿਚ ਕਮਾਉਣ ਦੇ ਨਾਲ ਹੀ ਜ਼ਿੰਦਗੀ ਵਿਚ ਤਬਦੀਲੀ ਆਵੇਗੀ। ਵੇਖਣ ਨਾਲ ਮੁਕਤੀ ਨਹੀਂ, ਜਿੰਨੀ ਦੇਰ ਤੱਕ ਬੰਦਾ ਸ਼ਬਦ ਦੀ ਵਿਚਾਰ ਨਹੀਂ ਕਰਦਾ।

ਇਕ ਪ੍ਰਸ਼ਨ ਹੈ ਕਿ ਹਜ਼ਾਰਾਂ ਧਰਮ ਅਸਥਾਨਾਂ 'ਤੇ ਰੋਜ਼ ਹੀ ਗੁਰੂ ਦੇ ਸ਼ਬਦ ਦੀ ਵਿਚਾਰ ਹੋ ਰਹੀ ਹੈ, ਕੀ ਇਸੇ ਵਿਚਾਰ ਦੇ ਨਾਲ ਵਿਚਾਰ ਕਰਨ ਵਾਲੇ ਤੇ ਵਿਚਾਰ ਸੁਣਨ ਵਾਲਿਆਂ ਨੂੰ ਮੁਕਤੀ ਮਿਲ ਗਈ? ਸ਼ਬਦੀ ਵਿਚਾਰ ਦਾ ਅਰਥ ਕੇਵਲ ਜ਼ਬਾਨੀ ਨਹੀਂ, ਸ਼ਬਦ ਦੇ ਵਿਚਾਰ ਤੋਂ ਅਗਲੀ ਇਕ ਹੋਰ ਗੱਲ ਹੈ। ਅਸੀਂ ਕਹਿੰਦੇ ਹਾਂ ਸ਼ਬਦ ਵੀਚਾਰ, ਤੇ ਮੈਂ ਇਕ ਬੇਨਤੀ ਕਰਦਾ ਹੁੰਦਾ ਹਾਂ ਕਿ ਇਸ ਵੀਚਾਰ ਤੋਂ ਬਾਅਦ ਆਚਾਰ। ਵੀਚਾਰ ਤਾਂ ਮੈਂ ਰੋਜ਼ ਕੀਤੀ ਪਰ ਮੇਰਾ ਆਚਾਰ ਕੀ ਹੈ? ਕੀ ਵਿਚਾਰ ਤੱਕ ਕੇਵਲ ਸੀਮਤ ਰਹਿ ਕੇ ਮੁਕਤੀ ਹੋ ਜਾਏਗੀ? ਸਾਹਿਬ ਕਹਿੰਦੇ ਹਨ ਕਿ ਨਹੀਂ,

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

(ਅੰਗ ੬੨)

ਸੱਚ ਤੋਂ ਥੱਲੇ ਸਭ ਕੁਝ ਹੈ। ਜੋ ਸੱਚ ਤੋਂ ਉਪਰ ਵਾਲੀ ਗੱਲ ਹੈ ਤਾਂ ਉਹ ਸੱਚ ਵਿਚ ਸਮਾਇਆ ਹੋਇਆ ਆਚਰਨ ਹੈ। ਸਾਹਿਬ ਕਹਿੰਦੇ ਹਨ ਕਿ ਪਿਆਰਿਓ! ਵਿਚਾਰ ਵੀ ਕੀਤੀ ਗਈ ਪਰ ਹੁਣ ਵਿਚਾਰ ਕਰਦਿਆਂ ਵੀ ਅੰਤਰ ਹੈ। ਦੇਖੋ ਜਦੋਂ ਅਸੀਂ ਆਪਣੇ ਮਨ ਦੇ ਫੁਰਨਿਆਂ ਨੂੰ ਦੇਖਦੇ ਹਾਂ, ਕਈ ਵਾਰੀ ਵਿਚਾਰ ਕਰਦੇ ਹਾਂ ਸ਼ਬਦ ਦੀ ਵਿਚਾਰ, ਕੀਰਤਨ ਦੀ ਵਿਚਾਰ। ਉਸ ਵਿਚਾਰ ਦੇ ਦੋ ਪੱਖ ਹਨ। ਇਕ ਹੁੰਦਾ ਜ਼ਬਾਨੀ ਅਰਥ ਕਰੀ ਜਾਣੇ ਪਰ ਅੰਦਰ ਵਾਲਾ ਜਿਹੜਾ ਮਨ ਹੈ ਕਦੀ ਇਸਨੂੰ ਝਾਤੀ ਮਾਰ ਕੇ ਦੇਖੀਦਾ ਹੈ ਤਾਂ ਸ਼ਬਦ ਦੀ ਕਥਾ ਕਰਦਿਆਂ, ਮਨ ਕਥਾ ਵਿਚ ਨਹੀਂ ਹੁੰਦਾ ਕਿਉਂਕਿ ਉੱਪਰ ਵਾਲੇ ਮਨ ਵਿਚ ਗਿਆਨ ਹੈ ਪਰ ਜਾਂਦੇ ਸੀਨੇ ਵਿਚ ਕੁਝ ਹੋਰ ਫੁਰਨੇ ਚੱਲਦੇ ਹਨ। ਗੁਰਮੁਖੋ! ਅਸਲ ਵਿਚ ਵਿਚਾਰ ਦਾ ਭਾਵ ਇਹ ਹੈ ਕਿ ਜਿਸ ਦਿਨ ਮੇਰੇ ਹਿਰਦੇ ਦੀ ਤਹਿ ਤੋਂ, ਧੁਰ ਅੰਦਰੋਂ ਮੇਰਾ ਮਨ, ਮੂੰਹ ਤੇ ਹਿਰਦਾ ਇਕ-ਮਿੱਕ ਨਹੀਂ ਹੁੰਦੇ, ਸੱਚ ਜਾਣੋ, ਉਨੀ ਦੇਰ ਤੱਕ ਅਸਲੀ ਵਿਚਾਰ ਨਹੀਂ। ਜਿਸ ਦਿਨ ਮੂੰਹ, ਮਨ ਤੇ ਹਿਰਦਾ ਤਿੰਨੋ ਇਕ ਲਾਈਨ ਵਿਚ ਪਰੋਏ ਗਏ, ਉਸ ਦਿਨ ਸ਼ਬਦ ਦੀ ਵਿਚਾਰ

ਕੀਤੀ ਤਾਂ ਸੱਚ ਜਾਣੋ, ਉਸ ਦਿਨ ਮੁਕਤੀ ਹੈ, ਉਸ ਤੋਂ ਪਹਿਲਾਂ ਨਹੀਂ। ਉਸ ਤੋਂ ਪਹਿਲਾਂ ਤਾਂ ਕੇਵਲ ਅੱਖਰਾਂ ਦੇ ਅਰਥ ਹਨ। ਸ਼ਬਦ ਵਿਚਾਰ ਹੋਵੇ, ਕੀਰਤਨ ਹੋਵੇ, ਪਾਠ ਹੋਵੇ, ਜਿੰਨੀ ਦੇਰ ਤੱਕ ਧਰਮ ਦਾ ਕਰਮ ਕੇਵਲ ਰੱਬ ਨੂੰ ਸਮਰਪਿਤ ਹੋ ਕੇ ਨਾ ਕੀਤਾ ਜਾਏ, ਉੱਨੀ ਦੇਰ ਤੱਕ ਉਹ ਕਰਮ ਸਫਲ ਨਹੀਂ। ਇੰਨੇ ਪਾਠ ਕੀਤੇ ਪਰ ਸਤਿਗੁਰ ਕਹਿੰਦੇ ਹਨ-

ਪੰਚ ਜਨਾ ਸਿਉ ਸੰਗੁ ਨ ਛੁਟਕਿਓ ॥

(ਅੰਗ ੬੪੧)

ਪਾਠ ਪੜ੍ਹਨ ਦਾ ਮਤਲਬ ਕਾਮ ਕਿਤੇ ਘੱਟ ਜਾਂਦਾ ਹੈ ? ਪਾਠ ਦਾ ਮਤਲਬ ਕਿਤੇ ਕ੍ਰੋਧ ਦਾ ਅੰਦਰੋਂ ਖ਼ਾਤਮਾ ਹੋ ਜਾਂਦਾ ਹੈ ? ਕੀਰਤਨ ਦਾ ਮਤਲਬ ਸੀ ਕਿਤੇ ਅੰਦਰ ਦੀ ਮੈਲ ਉਤਰ ਜਾਂਦੀ। ਮੇਰੇ ਗੁਰੂ ਅਰਜਨ ਸਾਹਿਬ ਨੇ ਬਚਨ ਕਿਹਾ, ਸਾਡੇ ਪ੍ਰਸ਼ਨ ਦਾ ਉੱਤਰ ਦਿੱਤਾ। ਕਹਿਣ ਲੱਗੇ ਕਿ ਲੋਕ ਕਹਿੰਦੇ ਹਨ ਕਿਉਂ ਰਾਜ ਪੱਦਵੀ 'ਤੇ ਬੈਠਾ ਜੱਪ ਨਹੀਂ, ਤੱਪ ਨਹੀਂ? ਕਹਿਣ ਲੱਗੇ-

ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥

ਪੂਰਬਲੇ ਕੀਤੇ ਹੋਏ ਕਿਤੇ ਸ਼ੁੱਭ ਕਰਮ ਅੱਗੇ ਆ ਗਏ ਤੇ ਰਾਜ ਪੱਦਵੀਆਂ ਮਿਲ ਗਈਆਂ। ਕਰਮਾਂ ਤੋਂ ਬਿਨਾਂ ਨਹੀਂ ਮਿਲਦੀਆਂ। *ਬਿਪਰੀਤ ਬੁਧੰ।* ਪਰ ਜਦੋਂ ਪੱਦਵੀ 'ਤੇ ਬੈਠੇ ਮੱਤ ਮਾਰੀ ਗਈ।

ਬਿਪਰੀਤ ਬੁਧੰ ਮਾਰਤ ਲੋਕਹ

(ਅੰਗ ੧੩੫੪)

ਪਰਤ ਕੇ ਜਿਨ੍ਹਾਂ ਨੇ ਬਣਾਇਆ ਉਹਨਾਂ ਉੱਤੇ ਹੀ ਜ਼ੁਲਮ ਕਰਨ ਲੱਗ ਪਏ।

ਨਾਨਕ ਚਿਰੰਕਾਲ ਦੁਖ ਭੋਗਤੇ ॥

ਅਨੇਕਾਂ ਸਮੇਂ ਲਈ ਫਿਰ ਉਹ ਦੁੱਖ ਪਾਉਂਦੇ ਹਨ। ਗੁਰੂ ਅਰਜਨ ਸਾਹਿਬ ਕਹਿਣ ਲੱਗੇ-

ਰਾਜ ਲੀਲਾ ਰਾਜਨ ਕੀ ਰਚਨਾ

ਰਾਜਾ ਤਖਤ 'ਤੇ ਬੈਠਾ ਅਨੇਕਾਂ ਤਰ੍ਹਾਂ ਦੇ ਅਡੰਬਰ ਰਚੇ

ਕਰਿਆ ਹੁਕਮੁ ਅਫਾਰਾ ॥

ਆਪਣੇ ਹੁਕਮ ਜਾਰੀ ਕਰ ਦਿੱਤੇ।

ਸੇਜ ਸੋਹਨੀ ਚੰਦਨੁ ਚੋਆ

ਸੇਜ ਵੀ ਚੰਗੀ ਹੈ। ਆਪਣੇ ਤਨ ਦੇ ਉੱਤੇ ਅਤਰ ਵੀ ਰਾਜੇ ਨੇ ਛਿੜਕੇ ਹਨ। ਸੱਚੇ ਪਾਤਿਸ਼ਾਹ, ਕੀ ਇਹ ਬੰਦਾ ਰਾਜ ਭੋਗਦਾ ਅੱਗੇ ਮੁਕਤ ਹੈ? ਕਹਿਣ ਲੱਗੇ ਨਹੀਂ,

ਨਰਕ ਘੋਰ ਕਾ ਦੁਆਰਾ ॥

(ਅੰਗ ੬੪੨)

ਕਹਿੰਦੇ ਹਨ ਅਸਲ ਵਿਚ ਨਰਕਾਂ ਦੇ ਦਰਵਾਜ਼ੇ ਦਾ ਇਸਦਾ ਪਹਿਲਾ ਕਦਮ ਹੈ। ਹੇ ਸੱਚੇ ਪਾਤਿਸ਼ਾਹ! ਲੋਕ ਕਹਿਣਗੇ ਹਰ ਗੱਲ ਹੀ ਖੰਡਨ ਹੋ ਗਈ। ਪਾਠੁ ਪੜਿਓ, ਉਹ ਵੀ ਖੰਡਨ ਹੋ ਗਿਆ,

ਮਨ ਕਾਮਨਾ ਤੀਰਥ ਜਾਇ ਬਸਿਓ

ਵੀ ਖੰਡਨ,

ਮੋਨਿ ਭਇਓ ਕਰਿਪਾਤੀ ਰਹਿਓ

ਪੂਜਾ ਅਰਚਾ,

ਜੋਗ ਸਿਧ ਆਸਣ ਚਉਰਾਸੀਹ,

ਜਨਕ ਕਾਮਨਾ, ਸਭ ਕੁਝ ਖੰਡਨ ਤਾਂ ਕਰੀਏ ਕੀ? ਮੇਰੇ ਗੁਰੂ ਅਰਜਨ ਸਾਹਿਬ ਕਹਿੰਦੇ ਹਨ, ਜੇ ਅੰਦਰ ਦੀ ਮੈਲ ਧੋਣੀ ਹੈ ਤਾਂ ਸੱਚ ਜਾਣੀ, ਅੰਦਰ ਦੀ ਤਰੱਕੀ ਹੁੰਦੀ ਹੈ

ਹਰਿ ਕੀਰਤਿ ਸਾਧਸੰਗਤਿ ਹੈ

ਪ੍ਰਮਾਤਮਾ ਦੀ ਕੀਰਤੀ ਕਰ ਸਾਧੂਆਂ ਦੀ ਸੰਗਤ ਵਿਚ ਬੈਠ ਕੇ। ਪ੍ਰਭੂ ਨੂੰ ਯਾਦ ਕਰ ਪਿਆਰੇ ਰੱਬ ਦੀ ਬੰਦਗੀ ਕਰਨ ਵਾਲਿਆਂ ਦੀ ਸੰਗਤ ਵਿਚ ਬੈਠ ਕੇ।

ਹਰਿ ਕੀਰਤਿ ਸਾਧਸੰਗਤਿ ਹੈ ਸਿਰ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥
ਤੇਰੋ ਸੇਵਕੁ ਇਹ ਰੰਗਿ ਮਾਤਾ ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ॥ ੨ ॥

(ਅੰਗ ੬੪੨)

ਕਹਿੰਦੇ ਹਨ ਤੇਰਾ ਸੇਵਕ ਕੇਵਲ ਕੀਰਤੀ ਵਿਚ ਸਿਫਤੋ ਸਲਾਹ ਵਿਚ ਜੁੜ ਗਿਆ ਹੈ। ਪਿਆਰਿਓ! ਪ੍ਰਮਾਤਮਾ ਦੀ ਕੀਰਤੀ ਸਾਡੇ ਅੰਦਰ ਦੀ ਮੈਲ ਨੂੰ ਧੋਂਦੀ ਹੈ। ਮੇਰੇ ਧੰਨ ਗੁਰੂ ਅਮਰਦਾਸ ਕ੍ਰਿਪਾਲੂ ਜੀ ਨੇ ਅੱਜ ਦੇ ਇਸ ਅੰਮ੍ਰਿਤ ਬਚਨ ਵਿਚ ਮੇਹਰ ਕੀਤੀ ਹੈ-

ਹੋਮ ਜਗ ਸਭਿ ਤੀਰਥਾ

ਸਾਰੇ ਤੀਰਥਾਂ ਦਾ ਰਟਨ ਕਰਨਾ,

ਪੜ੍ਹਿ ਪੰਡਿਤ ਥਕੇ ਪੁਰਾਣ ॥

ਹਵਨ ਕੀਤਾ, ਜੱਗ ਕੀਤਾ, ਤੀਰਥਾਂ ਦਾ ਇਸ਼ਨਾਨ ਕੀਤਾ, ਪੰਡਿਤ ਦਾ ਅਰਥ ਹੈ ਵੱਡੇ ਵੱਡੇ ਵਿਦਵਾਨ ਪੁਰਾਨ ਆਦਿ ਗ੍ਰੰਥ ਜਿਹੜੇ ਹਨ ਪੜ੍ਹਦੇ ਪੜ੍ਹਦੇ ਥੱਕ ਗਏ। ਸੱਚੇ ਪਾਤਿਸ਼ਾਹ ਕਹਿੰਦੇ ਹਨ, ਜੱਗ ਕੀਤੇ, ਹਵਨ ਕੀਤੇ ਪਰ ਪਿਆਰਿਆ!

ਬਿਖੁ ਮਾਇਆ ਮੋਹੁ ਨ ਮਿਟਈ

ਜੱਗ ਕਿਸ ਲਈ ਕਰਦੇ ਪਏ ਹਾਂ? ਸਾਡੀ ਦੁਕਾਨ ਚੱਲ ਜਾਏ। ਪਿਆਰਿਉ! ਇਹ ਮਾਇਆ ਲਈ ਹੈ, ਰੱਬ ਲਈ ਤਾਂ ਨਹੀਂ। ਤੀਰਥ ਕਿਸ ਲਈ ਜਾਂਦੇ ਪਏ ਹਾਂ? ਇਸ ਕਰਕੇ ਕਿ ਸਾਡਾ ਕਾਰੋਬਾਰ ਚੱਲ ਜਾਏ। ਕਾਰੋਬਾਰ ਲਈ ਹੈ, ਰੱਬ ਲਈ ਤਾਂ ਨਹੀਂ। ਅੱਜ ਸੱਚ ਜਾਣਿਉ, ਬਹੁਤੀ ਭੀੜ ਜਿਹੜੀ ਧਰਮ ਅਸਥਾਨਾਂ 'ਤੇ ਮਿਲਦੀ ਹੈ, ਉਹ ਜ਼ਿਆਦਾਤਰ ਭੀੜ ਆਪਣੇ ਸੰਸਾਰ ਲਈ ਹੈ, ਪਰਲੋਕ ਲਈ ਨਹੀਂ। ਪਰਲੋਕ ਲਈ ਕੋਈ ਟਾਵਾਂ ਟਾਵਾਂ ਆਉਂਦਾ ਹੈ। ਸਾਹਿਬ ਕਹਿੰਦੇ ਹਨ, ਜੇ ਹਵਨ ਕੀਤੇ, ਜੱਗ ਕੀਤੇ, ਤੀਰਥਾਂ 'ਤੇ ਗਏ, ਪੋਥੀਆਂ ਪੜ੍ਹ ਪੜ੍ਹ ਕੇ ਤੂੰ ਥੱਕ ਗਇਉਂ ਪਰ ਮਾਇਆ ਦਾ ਮੋਹ ਅੰਦਰੋਂ ਮਿੱਟਿਆ ਨਹੀਂ। ਸੱਚੇ ਪਾਤਿਸ਼ਾਹ ਮੇਹਰ ਕਰਦੇ ਹਨ-

ਵਿਚਿ ਹਉਮੈ ਆਵਣੁ ਜਾਣੁ ॥

ਜਿਸ ਬੰਦੇ ਦਾ ਮਾਇਆ ਦਾ ਮੋਹ ਨਹੀਂ ਮਿੱਟਿਆ, ਮਤ ਸਮਝੋ ਉਹ ਬੰਦਾ ਹੰਕਾਰ ਤੋਂ ਬਚ ਜਾਏਗਾ। ਸੱਚੇ ਪਾਤਿਸ਼ਾਹ ਨੇ ਸ਼ੁੱਭ ਕਰਮਾਂ ਨੂੰ ਵੀ ਹੰਕਾਰ ਵਾਲੇ ਪਾਸੇ ਲਿਜਾਣ ਵਾਲੇ ਕਿਹਾ ਹੈ। ਇਹ ਵੀ ਕਰਮ ਹੰਕਾਰ ਵੱਲ ਜਾਂਦੇ ਹਨ। ਹਉਮੈ ਕਿਵੇਂ ਮਿੱਟੇ? ਜਨਮ ਤੇ ਮਰਨ ਦਾ ਮੂਲ ਹੈ ਹਉਮੈ। ਮੈਂ ਹਾਂ। ਪਿਆਰਿਉ! ਜਦੋਂ 'ਮੈਂ' ਮਿੱਟ ਜਾਏ। ਬੀਜ ਜਦੋਂ ਖ਼ਤਮ ਹੋ ਗਿਆ ਤਾਂ ਰੁੱਖ ਕਿਥੋਂ ਨਿਕਲੇਗਾ? ਬਾਬਾ ਜੀ ਨੇ ਕਿਹਾ, ਮੂਲ ਤਾਂ ਹਉਮੈ ਹੈ। ਜਦੋਂ ਬੰਦਾ ਹੰਕਾਰ ਵਿਚ ਆਉਂਦਾ ਹੈ ਉਦੋਂ ਮਿੱਤਰਾਂ ਨੂੰ ਛੱਡ ਦਿੰਦਾ ਹੈ। ਉਦੋਂ ਦੁਸ਼ਮਣਾਂ ਨਾਲ ਉਹ ਹੱਥ ਵਧਾਉਂਦਾ ਹੈ। ਹੰਕਾਰੀ ਬੰਦਾ ਅਕਸਰ ਧਨੀ ਹੋ ਜਾਏ, ਮਾੜੇ ਮਿੱਤਰਾਂ ਵੱਲ ਪਿੱਠ ਕਰ ਲੈਂਦਾ ਹੈ। ਸੱਚੇ ਪਾਤਿਸ਼ਾਹ ਕਹਿੰਦੇ ਹਨ, ਹੇ ਹੰਕਾਰ! ਤੂੰ ਜਨਮ ਮਰਨ ਦਾ ਮੂਲ ਹੈਂ। ਜਿਹੜਾ ਤੇਰੀ ਗਰਿਫ਼ਤ ਵਿਚ ਆ ਗਿਆ ਉਸਨੇ ਸਤਿ, ਸੰਤੋਖ, ਦਇਆ, ਧਰਮ, ਧੀਰਜ, ਖਿਮਾ, ਮਿੱਤਰਾਂ ਨੂੰ ਛੱਡ ਦਿੱਤਾ। ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਚੁਗਲੀ ਨੂੰ ਆਪਣਾ ਦੋਸਤ ਬਣਾ ਲਿਆ। ਮੇਰੇ ਸੱਚੇ ਪਾਤਿਸ਼ਾਹ ਕਹਿੰਦੇ ਹਨ, ਇਹ ਇਕ ਰੋਗ ਹੈ ਤੇ ਮਿੱਟ ਸਕਦਾ ਹੈ। ਕਿਵੇਂ? ਹਉਮੈ ਦਾ ਇਲਾਜ ਜੇ ਕਿਸੇ ਕੋਲ ਹੈ ਤਾਂ ਕੇਵਲ ਪ੍ਰਮਾਤਮਾ ਕੋਲ। ਪ੍ਰਮਾਤਮਾ ਵੈਦ ਹੈ। ਜੇ ਰੱਬ ਮੇਹਰ ਕਰੇ ਤਾਂ ਅੰਦਰ ਦੇ ਹਉਂ ਦਾ ਬੀਜ ਮਰਦਾ ਹੈ। ਜਿਸ ਹਿਰਦੇ ਵਿਚ ਅਹੰਗ ਦਾ ਬੀਜ ਸੀ ਮੇਰੇ ਗੁਰੂ ਨੇ ਕ੍ਰਿਪਾ ਕਰਕੇ ਉਸ ਅਹੰਗ ਦੀ ਥਾਂ 'ਤੇ ਆਪਣਾ ਸ਼ਬਦ ਟਿਕਾ ਦਿੱਤਾ।

ਭਾਈ ਗੁਰਦਾਸ ਜੀ ਕਹਿੰਦੇ ਹਨ ਜੇ ਤੂੰ ਇਹ ਸਮਝੀ ਬੈਠਾ ਹੈਂ ਕਿ ਤੀਰਥ ਇਸ਼ਨਾਨ

ਹੀ ਮੇਰੀ ਮੁਕਤੀ ਦਾ ਸਾਧਨ ਹੈ ਤਾਂ ਪਿਆਰਿਆ! ਡੱਡੂਆਂ ਵੱਲ ਝਾਤੀ ਮਾਰ। ਬੰਦਾ ਹੈਂ ਕਿ ਤੂੰ ਮੇਂਡਕ ਹੈਂ। ਡੱਡੂ ਵੀ ਰੋਜ਼ ਪਾਣੀ ਵਿਚ ਨਹਾਉਂਦੇ ਹਨ। ਜੇ ਜੱਟਾਵਾਂ ਬਣਾਉਣ ਨਾਲ ਰੱਬ ਮਿਲਦਾ ਹੈ ਤਾਂ ਜਿਸ ਬੋਹੜ ਦਾ ਦੁੱਧ ਤੂੰ ਆਪਣੇ ਵਾਲਾਂ ਨੂੰ ਲਾਉਂਦਾ ਹੈਂ, ਇਸ ਬੋਹੜ ਦੇ ਤਣੇ ਵਿਚੋਂ ਵੀ, ਇਸ ਦੀਆਂ ਟਾਹਣੀਆਂ ਵਿਚੋਂ ਵੀ, ਇਸ ਦੀਆਂ ਜੜ੍ਹਾਂ ਨਿਕਲ ਆਈਆਂ, ਇਸਨੂੰ ਰੱਬ ਕਿਉਂ ਨਹੀਂ ਮਿਲਿਆ? ਗੁਰੂ ਤੋਂ ਬਿਨਾਂ ਮੁਕਤੀ ਨਹੀਂ। ਗੁਰੂ ਤੋਂ ਬਿਨਾਂ ਆਤਮਕ ਤਰੱਕੀ ਨਹੀਂ।

ਮੇਰੇ ਗੁਰੂ ਕਲਗੀਧਰ ਪਾਤਿਸ਼ਾਹ ਨੇ ਇਹੀ ਬਚਨ ਕਿਹਾ ਸੀ ਪਿਆਰਿਉ ਅੰਦਰ ਦੀ ਪ੍ਰੀਤ ਤੇ ਪ੍ਰਤੀਤ ਨੂੰ ਪ੍ਰਪੱਕ ਕਰੀਏ, ਬਾਹਰ ਦੇ ਪਾਖੰਡ ਬਿਲਕੁਲ ਛੱਡ ਦੇਈਏ। ਦਿਖਾਵੇ ਨਾਲ ਕਦੀ ਰੱਬ ਨਹੀਂ ਮਿਲਦਾ। ਦੋ ਗੱਲਾਂ ਆਮ ਲੋਕ ਕਹਿੰਦੇ ਸਨ ਕਿ ਭੋਗ, ਭੋਜਨ ਇਹ ਦਿਖਾਵੇ ਵਿਚ ਨਹੀਂ। ਭੋਗ ਤੇ ਭੋਜਨ ਪਰਦੇ ਵਿਚ ਹੀ ਹੈ। ਤੀਜੀ ਗੱਲ ਕਹਿੰਦੇ ਹਨ ਕੇਵਲ ਭੋਗ ਤੇ ਭੋਜਨ ਹੀ ਨਹੀਂ, ਭਜਨ ਵੀ ਦਿਖਾਵੇ ਤੋਂ ਰਹਿਤ ਹੋਣਾ ਚਾਹੀਦਾ ਹੈ। ਦਿਖਾਵਾ ਸਾਡੀ ਜ਼ਿੰਦਗੀ ਵਿਚ ਰੁਕਾਵਟ ਬਣੇਗਾ। ਦਿਖਾਵੇ ਨਾਲ ਕਦੀ ਪ੍ਰਾਪਤੀ ਨਹੀਂ। ਜੇ ਅੰਦਰ ਪ੍ਰੀਤ ਨਹੀਂ, ਪ੍ਰੇਮ ਨਹੀਂ ਤਾਂ ਗਾਉਣਾ ਤੇ ਰੋਣਾ ਇਕੋ ਜਿਹਾ ਹੋ ਜਾਏਗਾ। ਪਾਤਿਸ਼ਾਹ ਕਹਿੰਦੇ ਹਨ, ਅੰਦਰ ਦੀ ਹਉਂ ਕਿਵੇਂ ਮਿਟੇ? ਬਾਬਾ ਜੀ ਨੇ ਬਚਨ ਕਹੇ ਹਨ ਕਿ

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥

ਇਸਦੇ ਵਿਚ ਦਵਾਈ ਹੈ। ਹੁਣ ਹਉਮੈ ਵਿਚ ਦਵਾਈ ਹੈ? ਕਹਿੰਦੇ ਹਨ ਜਿਸ ਤਨ ਵਿਚ ਤੂੰ ਹਉਮੈ, ਮੈਂ ਲੈ ਕੇ ਬੈਠਾ ਹੈਂ, ਇਸ ਤਨ ਵਿਚ ਰਹਿ ਕੇ ਇਸਦਾ ਦਾਰੂ ਹੈ। ਕੀ?

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

(ਅੰਗ ੪੬੬)

ਜੇ ਸਰੀਰ ਵਿਚ ਰਹਿ ਕੇ ਤੂੰ ਸੰਜਮ ਦੀ ਕਮਾਈ ਕਰੇਂ ਤਾਂ ਤੇਰਾ ਦੁੱਖ ਚਲਾ ਜਾਏਗਾ। ਸਾਹਿਬ ਕਹਿੰਦੇ ਹਨ,

ਸਤਿਗੁਰ ਮਿਲਿਐ ਮਲੁ ਉਤਰੀ ॥

ਗੁਰੂ ਮਿਲਿਆ, ਅੰਦਰ ਦੀ ਹਉਮੈ ਦੀ ਮੈਲ ਚਲੀ ਗਈ।

ਹਰਿ ਜਪਿਆ ਪੁਰਖੁ ਸੁਜਾਣੁ ॥

ਸਿਆਣੇ ਵਾਹਿਗੁਰੂ ਨੂੰ ਜੱਪਿਆ।

ਜਿਨਾ ਹਰਿ ਹਰਿ ਪ੍ਰਭੁ ਸੇਵਿਆ

ਜਿਨ੍ਹਾਂ ਜਿਨ੍ਹਾਂ ਨੇ ਮੇਰੇ ਪਿਆਰੇ ਵਾਹਿਗੁਰੂ ਨੂੰ ਸਿਮਰਿਆ,

ਜਨ ਨਾਨਕੁ ਸਦ ਕੁਰਬਾਣੁ ॥ ੩੭ ॥

ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ, ਜਿਹੜੇ ਕਰਮ ਕਾਂਡਾਂ ਤੋਂ ਉੱਪਰ ਉੱਠ ਕੇ ਕੇਵਲ ਪ੍ਰਮਾਤਮਾ ਦੀ ਯਾਦ ਵਿਚ ਜੁੜ ਕੇ ਕਹਿ ਰਹੇ ਹਨ ਕਿ

ਜਪਹੁ ਤ ਏਕੋ ਨਾਮਾ ॥

ਨਾਮ ਤੋਂ ਬਿਨਾਂ-

ਅਵਰਿ ਨਿਰਾਫਲ ਕਾਮਾ ॥ (ਅੰਗ ੭੨੮)

ਬਖ਼ਸ਼ੋ ਅਸੀਸ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

☆☆☆

ਸ਼ਹਾਦਤ ਭਾਈ ਤਾਰੂ ਸਿੰਘ ਜੀ

ਅੱਜ ਜਿਸ ਗੁਰੂ ਸਿੱਖ ਨੂੰ ਅਸੀਂ ਯਾਦ ਕਰਨਾ ਹੈ, ਉਹਨਾਂ ਦੇ ਸਬੰਧੀ ਸਭ ਤੋਂ ਵੱਧ ਜਾਣਕਾਰੀ ਭਾਈ ਸਾਹਿਬ ਭਾਈ ਤਾਰੂ ਸਿੰਘ ਜੀ ਦਾ ਸ਼ਹਾਦਤ ਦਿਨ ਹੈ। ਅੱਜ ਸਾਨੂੰ ਇਸ ਸ਼ਹੀਦ ਨੂੰ ਯਾਦ ਕਰਨਾ ਚਾਹੀਦਾ ਹੈ ਤੇ ਵਾਹਿਗੁਰੂ ਮਿਹਰ ਕਰੇ, ਇਕੱਲਾ ਯਾਦ ਹੀ ਨਹੀਂ ਕਰਨਾ ਚਾਹੀਦਾ, ਸਗੋਂ ਜਿਸ ਖ਼ਾਤਰ ਉਹ ਸ਼ਹੀਦ ਹੋਇਆ, ਉਸ ਮਿਸ਼ਨ ਦੀ ਪ੍ਰਪੱਕਤਾ ਲਈ ਅਰਦਾਸ ਕਰਨੀ ਚਾਹੀਦੀ ਹੈ। ਜਦੋਂ ਅਸੀਂ ਅਰਦਾਸ ਕਰਦੇ ਹਾਂ। ਉਥੇ ਭਾਵੇਂ ਪ੍ਰਵਚਨ ਹੈ। ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਮੇਰਾ ਮਤਲਬ ਕਈਆਂ ਦੀਆਂ ਖੋਪੜੀਆਂ ਲੱਥੀਆਂ ਹੋਣਗੀਆਂ, ਪਰ ਕਈ ਐਸੇ ਹਨ ਜੋ ਇਤਿਹਾਸ ਤਾਂ ਬਣਾ ਗਏ, ਪਰ ਲਿਖਤ ਵਿਚ ਨਾ ਆਏ।

ਅਸੀਂ ਜਦੋਂ ਖੋਪੜੀਆਂ ਲੁਹਾਈਆਂ ਕਹਿੰਦੇ ਹਾਂ ਤੇ ਅਚਨਚੇਤ 25 ਸਾਲ ਦੇ ਖਿੜੇ ਹੋਏ ਚਿਹਰੇ, 25 ਸਾਲ ਦੀ ਉਮਰ ਸੀ ਭਾਈ ਤਾਰੂ ਜੀ ਦੀ। 25 ਸਾਲ ਦਾ ਦਗਦਾ ਦਗਦਾ ਚਿਹਰਾ ਤੇ ਦਾੜ੍ਹਾ ਇਕ ਇਕ ਕੇਸ ਕਾਲਾ, ਉਸ 25 ਸਾਲ ਦੇ ਪੂਲੇ ਪਿੰਡ ਦੇ ਵਸਨੀਕ ਸਤਿਕਾਰ ਯੋਗ ਭਾਈ ਸਾਹਿਬ ਤਾਰੂ ਸਿੰਘ ਵੱਲ ਸਾਡੀਆਂ ਅੱਖਾਂ ਚੱਲੇ ਜਾਂਦੀਆ ਹਨ। ਖੋਪੜੀਆਂ ਲੁਹਾਈਆਂ ਭਾਈ ਤਾਰੂ ਸਿੰਘ ਨੇ, ਪਰ ਇੰਝ ਤੂੰ ਖੋਪੜੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ। ਇੰਨ੍ਹਾਂ ਸਾਰਿਆਂ ਦੀ ਸੰਪੂਰਨਤਾ ਕੇਸਾਂ 'ਤੇ ਜਾ ਕੇ ਹੁੰਦੀ ਹੈ। ਭਾਵੇਂ ਖੋਪੜੀ ਲੁਹਾਈ ਭਾਵੇਂ ਚਰਖੀ 'ਤੇ ਚੜ੍ਹੇ, ਭਾਵੇਂ ਬੰਦ ਬੰਦ ਕਟਵਾਇਆ, ਭਾਵੇਂ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਪਰ ਇਹ ਪਹਿਰਾ ਅਰਦਾਸ ਦਾ ਇਹ ਬੰਦ ਸੰਪੂਰਨ ਇਥੇ ਹੁੰਦਾ ਹੈ ਧਰਮ ਨਹੀਂ ਹਾਰਿਆ। ਕਿਹੜਾ ਧਰਮ ਨਹੀਂ ਹਾਰਿਆ? ਕਹਿਣ ਲੱਗੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਕੇਸ, ਸਵਾਸ ਤੇ ਸਿੱਖੀ ਤਿੰਨ ਸ਼ਬਦ ਹਨ। ਪਿਆਰਿਓ! ਇਥੇ ਕਿਉਂ ਕਹਿ ਦਿੱਤਾ।

ਅੱਜ ਮੇਰੇ ਚਿੱਤ ਵਿਚ ਆਇਆ ਮੈਂ ਬੜੀ ਵਾਰੀ ਅਰਦਾਸ ਕੀਤੀ। ਸਿੱਖੀ ਕੇਸਾਂ ਤੇ ਸਵਾਸਾਂ ਜਿਵੇਂ ਸਵਾਸ ਸਰੀਰ ਲਈ ਅਤਿ ਜ਼ਰੂਰੀ ਹਨ। ਸਵਾਸ ਤੋਂ ਬਿਨਾਂ ਸਰੀਰ ਦੀ ਕੋਈ ਕੀਮਤ ਨਹੀਂ। ਸਿੱਖੀ ਨੂੰ ਕਮਾਉਣ ਵਾਸਤੇ, ਸਿੱਖੀ ਵਾਸਤੇ ਕੇਸ ਸਵਾਸ ਹਨ। ਫੇਰ ਬੇਨਤੀ ਸਮਝੋ ਸਵਾਸ ਹੈ ਤੇ ਸਰੀਰ ਹੈ। ਕੇਸ ਹੈ ਤੇ ਗੁਰੂ ਨਾਨਕ ਦਾ ਤੂੰ ਸਿੱਖ ਹੈਂ। ਸਿੱਖੀ ਕੇਸਾਂ ਸਵਾਸਾਂ

ਨਾਲ ਨਿਬਾਹੀ। ਧਰਮ ਨਹੀਂ ਹਾਰਿਆ। ਸਿੱਖੀ ਕੇਸਾਂ ਸਵਾਸਾਂ ਨਾਲ ਨਿਬਾਹੀ ਤੇ ਅੱਜ ਲਾਹੌਰ ਦੀ ਧਰਤੀ 'ਤੇ ਖੋਪੜੀ ਤੋਂ ਬਿਨਾਂ ਬੈਠੇ ਉਸ ਗੁਰੂ ਸਿੱਖ ਦਾ ਧਿਆਨ ਧਰ ਕੇ ਬੋਲੋ ਜੀ ਸ੍ਰੀ ਵਾਹਿਗੁਰੂ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ-

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥

(ਅੰਗ ੧੩੪)

ਕਿਉਂਕਿ ਜਦੋਂ ਵੀ ਸਾਉਣ ਦਾ ਮਹੀਨਾ ਆਏਗਾ ਭਾਈ ਤਾਰੂ ਸਿੰਘ ਦੀ ਯਾਦ ਆਏਗੀ। ਉਦੋਂ ਪਿਆਰਿਉ, ਭਾਈ ਤਾਰੂ ਦੀ ਸ਼ਹਾਦਤ ਸਾਉਣ ਦੀ ਪਹਿਲੀ ਨੂੰ ਹੀ ਆਉਣੀ ਹੈ।

ਭਾਈ ਸਾਹਿਬ ਭਾਈ ਤਾਰੂ ਸਿੰਘ ਜੀ ਦਾ ਜਨਮ ਪਿੰਡ ਪੂਲੇ ਵਿਚ ਹੋਇਆ। ਆਪ ਸਭ ਨੂੰ ਪਤਾ ਹੈ, ਪਰ ਇਹ ਜਿਹੜੀ ਘਟਨਾ ਆਪ ਜੀ ਨਾਲ ਸਾਂਝੀ ਕਰਨ ਲੱਗਾ ਹਾਂ, ਮੈਂ ਅੱਜ ਦੇ ਕਿਸੇ ਵਿਦਵਾਨ ਨੂੰ ਆਧਾਰ ਨਹੀਂ ਬਣਾਉਂਦਾ। ਇਹ ਹਉਮੈ ਕਰਕੇ ਨਹੀਂ। ਕਿਉਂਕਿ ਮੈਂ ਉਸ ਵਿਦਵਾਨ ਦੇ ਹੱਥ ਦੀ ਲਿਖਤ ਦੀ ਗੱਲ ਕਰਨੀ ਚਾਹੁੰਦਾ ਹਾਂ, ਜਿਹਦੇ ਦਾਦਕੇ ਵੀ ਸ਼ਹੀਦ ਹਨ। ਜਿਹਦੇ ਨਾਨਕੇ ਵੀ ਸ਼ਹੀਦ ਹਨ। ਉਹ ਹੈ ਸਰਦਾਰ ਰਤਨ ਸਿੰਘ ਭੰਗੂ। ਉਹਦਾ ਦਾਦਾ ਹੈ ਸ੍ਰ: ਮਹਿਤਾਬ ਸਿੰਘ ਮੀਰਾਂ ਕੋਟੀਆਂ, ਮੱਸੇ ਰੰਗੜ ਦਾ ਸਿਰ ਲਾਉਣ ਵਾਲਾ ਤੇ ਉਸਦਾ ਨਾਨਕਾ ਪਰਿਵਾਰ ਹੈ ਸ੍ਰ: ਸ਼ਾਨ ਸਿੰਘ ਜੀ ਕਰੋੜੀਆ ਮਿਸਲ ਵਾਲੇ ਜਿਹਦਾ ਨਾਨਕਾ ਤੇ ਦਾਦਕਾ ਪਰਿਵਾਰ ਸ਼ਹੀਦਾਂ ਦੀ ਕਤਾਰ ਵਿਚ ਹੈ। ਤੇ ਜਦੋਂ ਭਾਈ ਰਤਨ ਸਿੰਘ ਭੰਗੂ ਨੇ ਭਾਈ ਤਾਰੂ ਸਿੰਘ ਭੁਜੰਗੀ ਲਿਖਿਆ। ਭਾਈ ਤਾਰੂ ਸਿੰਘ ਭੁਜੰਗੀ ਦੀ ਸਾਖੀ। ਜਦੋਂ ਸਾਖੀ ਉਹਨੇ ਸਾਰੀ ਸੰਪੂਰਨ ਕੀਤੀ ਤਾਂ ਭਾਈ ਰਤਨ ਸਿੰਘ ਨੇ ਅਖੀਰ 'ਤੇ ਕਿਹਾ, ਜੋ ਮੈਂ ਆਪਣੇ ਬਜ਼ੁਰਗਾਂ ਤੋਂ ਸੁਣੀ ਤੇ ਜਿਹੜੇ ਸੰਘਰਸ਼ ਵਿਚ ਸਿੱਖ ਸਨ। ਜਿਵੇਂ ਮੈਂ ਭਾਈ ਤਾਰੂ ਸਿੰਘ ਦੀ ਸਾਖੀ ਸੁਣੀ ਮੈਂ ਇਨ ਬਿਨ ਉਸੇ ਤਰ੍ਹਾਂ ਲਿਖ ਦਿੱਤੀ।

ਭਾਈ ਤਾਰੂ ਸਿੰਘ ਦਾ ਪੂਲੇ ਪਿੰਡ ਵਿਚ ਜਨਮ ਹੋਇਆ ਹੈ। ਪਿਤਾ ਸੰਸਾਰ ਤੋਂ ਕੂਚ ਕਰ ਚੁੱਕੇ ਹਨ ਜਨਮ ਤੋਂ ਬਾਅਦ। ਘਰ ਇਕ ਮਾਂ, ਤੇ ਇਕ ਛੋਟੀ ਭੈਣ ਹੈ। ਭਾਈ ਤਾਰੂ ਸਿੰਘ ਬਾਰੇ ਉਹ ਲਿਖਦੇ ਹਨ -

ਹੱਠੀ, ਜਪੀ, ਤਪੀ, ਸੋਚੋ ਨਿਹੰਗ ਤਾਰੂ ਸਿੰਘ ਬਿਹਾਏ।

ਹੱਠੀ ਦਾ ਪੁੱਠਾ ਅਰਥ ਲਮਕਣ ਵਾਲਾ ਨਹੀਂ। ਹੱਠੀ ਦਾ ਅਰਥ ਹੈ, ਚੌਂਕੜਾ ਮਾਰਕੇ, ਸਾਰੀ ਰਾਤ ਬਹਿ ਕੇ ਗੁਰੂ ਗੁਰੂ ਕਰਨ ਵਾਲਾ। ਜਪੀ ਜੱਪ ਬੜਾ ਕਰਦਾ ਹੈ, ਤਪੀ ਸੇਵਾ ਦੀ ਤਪੱਸਿਆ ਬੜੀ ਹੈ। ਤੇ ਕਹਿਣ ਲੱਗੇ ਨੀਲੇ ਬਾਣੇ ਵਿਚ ਰਹਿਣ ਵਾਲਾ ਨਿਹੰਗ ਸਿੰਘ ਹੈ। ਨਿਹੰਗ ਹੈ ਭਾਈ ਤਾਰੂ ਸਿੰਘ। ਵੈਸੇ ਨਿਹੰਗ ਦਾ ਅਰਥ ਹੈ ਸੰਸਾਰ ਦੀਆਂ ਵਾਸ਼ਨਾਵਾਂ ਤੋਂ ਨਿਰਲੇਪ, ਹੱਠੀ ਹੈ, ਜਪੀ ਹੈ, ਤਪੀ ਹੈ, ਸਾਚੋ ਹੈ, ਸੂਰ ਹੈ, ਨਿਹੰਗ ਹੈ, ਭਾਈ ਤਾਰੂ ਸਿੰਘ

ਜੀ। ਉਹਨਾਂ ਦਾ ਕੰਮ ਕੀ ਹੈ। ਨਾ ਤਾਂ ਭਾਈ ਤਾਰੂ ਸਿੰਘ ਜੀ ਕੋਈ ਵੱਡਾ ਜਰਨੈਲ ਸੀ, ਨਾ ਉਹ ਸਿੱਖਾਂ ਦਾ ਵੱਡਾ ਕੋਈ ਆਗੂ ਸੀ। ਪਿੰਡ ਵਿਚ ਰਹਿਣ ਵਾਲਾ ਜ਼ਿਮੀਂਦਾਰਾਂ ਦਾ ਬੱਚਾ ਸਿਰਫ਼ ਜਿਹੜੀ ਖੇਤੀ ਹੈ ਹੱਲ ਵਾਹੁੰਦਾ ਹੈ। ਰੋਟੀ ਜਿਹੜੇ ਦਾਣੇ ਕਮਾਉਂਦਾ ਹੈ। ਬਸ ਇਕੋ ਕੰਮ ਹੈ ਉਹਦੇ ਕੋਲ, ਕਮਾਏ ਹੋਏ ਨੂੰ ਲੋੜਵੰਦ ਸਿੱਖਾਂ ਕੋਲ ਪਹੁੰਚਾ ਦੇਣਾ।

ਇਥੇ ਕਿਵੇਂ ਉਹਨਾਂ ਦੀ ਗ੍ਰਿਫ਼ਤਾਰੀ ਹੋਈ। ਹਰ ਭਗਤ ਨਿਰੰਜਨੀਆ ਹੋਇਆ ਹੈ। ਆਪ ਨੂੰ ਪਤਾ ਹੋਵੇ, ਇਹ ਬਾਬੇ ਹੰਡਦਿਆਲ ਵਿਚੋਂ ਸਨ, ਜਿਨ੍ਹਾਂ ਉੱਤੇ ਗੁਰੂ ਅਮਰਦਾਸ, ਗੁਰੂ ਰਾਮਦਾਸ ਨੇ ਮਿਹਰਾਂ ਕੀਤੀਆਂ ਸਨ। ਇਹ ਹਰਭਗਤੀਆ ਭਗਤ ਨਹੀਂ ਸੀ। ਸੱਚ ਜਾਣੋ, ਇਹ ਸਰਕਾਰ ਦਾ ਭਗਤ ਸੀ। ਸਿੱਖ ਨੂੰ ਪਕੜ ਪਕੜ ਕੇ ਮਰਵਾਉਂਦਾ ਸੀ। ਖ਼ਾਨ ਬਹਾਦਰ ਜ਼ਕਰੀਆ ਖ਼ਾਨ ਕੋਲ ਲਾਹੌਰ ਗਿਆ। ਉਥੇ ਬੈਠਿਆਂ ਸਿੱਖਾਂ ਦੀ ਗੱਲ ਚੱਲੀ। ਤੇ ਕਹਿੰਦੇ ਹਨ ਜ਼ਕਰੀਆ ਨੇ ਕਹਿ ਦਿੱਤਾ ਕਿ ਨਾ ਤਾਂ ਮੈਂ ਉਹਨਾਂ ਦਾ ਕੋਈ ਘਰ ਛੱਡਿਆ, ਨਾ ਉਹਨਾਂ ਦੀਆਂ ਜ਼ਮੀਨਾਂ ਛੱਡੀਆਂ, ਨਾ ਕੁਝ ਖਾਣ ਨੂੰ ਛੱਡਿਆ। ਇਹ ਸਾਗ, ਪੱਤੇ ਰੁੱਖਾਂ ਦੀਆਂ ਟਾਹਣੀਆਂ, ਫੁੱਲ ਕੰਦਮੂਲ ਖਾ ਕੇ ਕਿੰਨੀ ਕੋਰ ਤੱਕ ਜਿਉਂਦੇ ਰਹਿਣਗੇ। ਕਹਿੰਦਾ ਹੈ ਕਿ ਮੈਂ ਹੈਰਾਨ ਹਾਂ ਕਿ ਸਭ ਕੁਝ ਮੈਂ ਉਜਾੜ ਦਿੱਤਾ। ਅੱਜੇ ਵੀ ਇਹ ਮਰੇ ਨਹੀਂ, ਖੱਪੇ ਨਹੀਂ, ਖ਼ਤਮ ਨਹੀਂ ਹੋਏ।

ਹਰ ਭਗਤ ਨਿਰੰਜੀਏ ਨੇ ਜਿਹੜੇ ਕਿਰਤੀ ਸਿੱਖ ਸਨ ਉਹਨਾਂ ਦੀ ਉਦਾਹਰਣ ਦਿੱਤੀ। ਕਹਿਣ ਲੱਗਾ ਤੁਸੀਂ ਤਾਂ ਉਹਨਾਂ ਦੀ ਗੱਲ ਕਰਦੇ ਹੋ ਜਿਹੜੇ ਜੰਗਲ ਵਿਚ ਹਨ, ਪਰ ਸ਼ਾਇਦ ਤੁਹਾਨੂੰ ਪਤਾ ਨਹੀਂ ਪਿੰਡਾਂ ਵਿਚ ਉਹ ਸਿੱਖ ਬੈਠੇ ਹਨ ਜਿਹੜੇ ਉਹਨਾਂ ਨੂੰ ਪਿਆਰ ਕਰਦੇ ਹਨ। ਕਹਿੰਦਾ ਪਿਆਰ ਕਿਹੋ ਜਿਹਾ, ਆਪ ਉਹ ਨੰਗੇ ਤੇ ਭੁੱਖੇ ਰਹਿੰਦੇ ਹਨ, ਪਰ ਆਪਣੇ ਮੂੰਹ ਵਿਚੋਂ ਬੁਰਕੀਆਂ ਕੱਢ ਕੇ ਜੰਗਲ ਵਿਚ ਬੈਠੇ ਹੋਏ ਜੁਝਾਰੂ ਸਿੱਖਾਂ ਨੂੰ ਖਵਾਉਂਦੇ ਹਨ।

ਰਤਨ ਸਿੰਘ ਭੰਗੂ ਲਿਖਦੇ ਹਨ- ਆਪ ਸਾਹਿਬ ਨੰਗ ਅੋਰ ਭੁੱਖ ਭਾਈ ਤਾਰੂ ਵਰਗੇ ਸਿੱਖ। ਆਪ ਵਿਚਾਰੇ ਲੀਰਾਂ ਲਪੇਟ ਕੇ ਕੱਪੜੇ ਪਾਉਂਦੇ ਹਨ। ਤੇ ਜੇ ਕਿਧਰੇ ਬੁਣਿਆ ਹੋਇਆ ਕੱਪੜਾ ਮਿਲ ਜਾਂਦਾ, ਤਾਂ ਕਹਿੰਦੇ ਹਨ ਮਾਈ, ਇਹ ਕੱਪੜੇ ਰਾਤ ਨੂੰ ਦੇਈਂ, ਕਿਸੇ ਜੁਝਾਰੂ ਬਜ਼ੁਰਗ ਨੂੰ ਜੰਗਲ ਵਿਚ ਦੇ ਆਵਾਂਗਾ। ਆਪ ਸਿਆਲ ਦੇ ਵਿਚ ਉਹਨਾਂ ਦੇ ਘਰ ਮੁੱਢ ਤੱਪਦਾ ਹੈ। ਮੁੱਢ ਦਾ ਅਰਥ ਤੁਸੀਂ ਸਮਝਦੇ ਹੋ ਲਕੜਾਂ ਦੇ ਮੁੱਢ ਤੱਪਦੇ ਹਨ ਤੇ ਪਿਆਰਉ ! ਇਹ ਉਹ ਵੇਲਾ ਸੀ ਜਦੋਂ ਸਿੱਖਾਂ ਦਾ ਪੱਤਾ-ਪੱਤਾ ਵੈਰੀ ਸੀ। ਜਿਨ੍ਹਾਂ ਨੇ ਤਨ ਨਾਲ ਹੰਢਾਕੇ ਦੇਖਿਆ ਹੈ। ਪਿਆਰਿਉ, ਇਸ ਵੇਲੇ ਬੇਗਾਨਿਆਂ ਦੀ ਕੀ ਗੱਲ ਕਰੀਏ। ਇਹੋ ਜਿਹੀ ਮੁਸੀਬਤ ਵਿਚ ਆਪਣੇ ਰਿਸ਼ਤੇਦਾਰ ਵੀ ਰੋਟੀ ਦੇਣ ਤੋਂ ਇਨਕਾਰ ਕਰ ਜਾਂਦੇ ਹਨ।

ਭਾਈ ਤਾਰੂ ਸਿੰਘ ਜੀ ਦੀ ਸ਼ੁਰੂਆਤ ਕਿਵੇਂ ਹੁੰਦੀ। ਮਾਂ ਬਾਣੀ ਵਿਚ ਰੱਤੀ ਸੀ। ਉਹਨੇ ਬਚਿਆਂ ਨੇ ਪੁੱਤਰ ਨੂੰ ਪਾਲਿਆ ਹੈ ਬਾਣੀ ਦੀਆਂ ਲੋਰੀਆਂ ਦੇ ਕੇ। ਦਹੀਂ ਲੱਸੀ ਤੇ ਦੁੱਧ ਨਾਲ

ਪੁੱਤਰ ਦੇ ਕੇਸ ਧੋਂਦੀ ਰਹੀ। ਭਾਈ ਤਾਰੂ ਸਿੰਘ ਨੂੰ ਅੰਮ੍ਰਿਤ ਦੀ ਦਾਤ ਦਿਵਾਈ। ਕਲਗੀਧਰ ਦੇ ਘਰੋਂ ਉਹਨੂੰ ਅੰਮ੍ਰਿਤ ਦੀ ਦਾਤ ਪੰਜਾਂ ਤੋਂ ਮਿਲਦੀ ਹੈ।

ਸਮਾਂ ਆਇਆ ਤੇ ਇਕ ਦਿਨ ਭਾਈ ਤਾਰੂ ਸਿੰਘ ਨੇ ਕਿਹਾ ਸੀ ਮਾਂ, ਦੇਖ ਅਸੀਂ ਘਰ ਵਿਚ ਬੈਠੇ ਹਾਂ। ਸਿਆਲ ਵਿਚ ਗਰਮ ਕੱਪੜੇ ਲੈਂਦੇ ਹਾਂ। ਗਰਮੀ ਆਉਂਦੀ ਹੈ ਤਾਂ ਤੂੰ ਬਾਰੀਕ ਕੱਪੜੇ ਬਣਾ ਕੇ ਦੇਂਦੀ ਹੈਂ। ਰੋਜ਼ ਰਾਤ ਨੂੰ ਰੋਟੀ ਰੱਜ ਕੇ ਖਾਂਦੇ ਹਾਂ। ਆਖ਼ਿਰ ਜਿਹੜੇ ਜੰਗਲਾਂ ਵਿਚ ਸਾਰੀ ਸਾਰੀ ਰਾਤ ਭੁੱਖੇ ਬਸਤਰਾਂ ਤੋਂ ਬਿਨਾਂ ਸਰਦੀ ਵਿਚ ਠਰੂ ਠਰੂ ਕਰਦੇ ਹਨ, ਉਹਨਾਂ ਨੇ ਕੀ ਇਥੇ ਕਰਨਾ। ਸਾਡੀ ਖ਼ਾਤਰ ਉਹ ਸਭ ਕੁਝ ਕਰਦੇ ਪਏ ਹਨ। ਮਾਂ, ਮੇਰੇ ਮਨ ਵਿਚ ਖ਼ਿਆਲ ਆਇਆ ਕਿ ਜਿਹੜੇ ਪਰੋਲੀ ਵਿਚ ਦਾਣੇ ਹਨ, ਇਹਨਾਂ ਨੂੰ ਪੀਹ ਕੇ ਨਿੱਕੇ ਜਿੱਨੇ ਤਵੇ 'ਤੇ ਰੋਟੀਆਂ ਪਕਾ ਤੇ ਦਾਲ ਦੀ ਹਾਂਡੀ ਰੱਖ। ਆਪਣੇ ਕੋਲ ਜਿੰਨਾ ਕੁਝ ਹੈ ਦੱਸ ਮਾਂ ਆਪਾਂ ਇਹਨਾਂ ਦੀ ਸੇਵਾ ਕਰੀਏ।

ਮਾਈ ਬੜੀ ਗੁਰਸਿੱਖੀ ਜਜ਼ਬੇ ਵਾਲੀ ਸੀ। ਕਹਿਣ ਲੱਗੀ ਪੁੱਤਰ, ਦੇਖ ਤੇਰੇ ਅੰਦਰ ਚੰਗਾ ਖ਼ਿਆਲ ਪੈਦਾ ਹੋਇਆ ਹੈ। ਕੱਲ ਤੂੰ ਇਹਨਾਂ ਦੀ ਸੇਵਾ ਕਰਨੀ ਸ਼ੁਰੂ ਕਰ। ਹਰਭਗਤ ਨਿਰੰਜਨੀਆ ਕਹਿ ਰਿਹਾ ਹੈ ਜ਼ਕਰੀਏ ਨੂੰ ਕਿ ਦੇਖ ਐਸੇ ਐਸੇ ਸਿੱਖ ਹਨ, ਤਾਰੂ ਵਰਗੇ ਜਿਹੜੇ ਆਪ ਰੋਟੀ ਨਹੀਂ ਖਾਂਦੇ, ਪਰ ਜੰਗਲ ਵਿਚ ਪਕਾ ਪਕਾ ਕੇ ਸਿੱਖਾਂ ਨੂੰ ਦੇਂਦੇ ਹਨ। ਆਪ ਸਿਆਲ ਵਿਚ ਸਾਰੀ ਸਾਰੀ ਰਾਤ ਮੁੱਢ ਬਾਲ ਕੇ ਮਾਈ, ਭੈਣ ਤੇ ਆਪ ਮੁੱਢ ਦੀ ਅੱਗ ਨੂੰ ਸੇਕਦੇ ਹਨ, ਪਰ ਗਰਮ ਕੱਪੜੇ ਰਾਤ ਨੂੰ ਉਹਨਾਂ ਨੂੰ ਦੇ ਆਉਂਦੇ ਹਨ। ਜਿਹੜੇ ਜੁਝਾਰੂ ਹਨ, ਉਹਨਾਂ 'ਤੇ ਸ਼ਬਦ ਲਿਖੇ ਹਨ। ਸਿਆਲ ਆਪ ਅੱਗ ਸੇਕ ਸੇਕ ਕੇ ਗੁਜ਼ਾਰਦਾ ਹੈ ਅਤੇ ਸਿੰਘਾਂ ਨੂੰ ਲੋੜ ਪੈਣ 'ਤੇ ਕੱਪੜੇ ਸਵਾ ਸਵਾ ਕੇ ਭੇਜਦਾ ਹੈ। ਕਹਿਣ ਲੱਗਾ ਇਥੇ ਹੀ ਬਸ ਨਹੀਂ। ਇਹ ਤਾਂ ਜ਼ਿਮੀਂਦਾਰ ਹੈ। ਕਈ ਸਿੱਖ ਐਸੇ ਹਨ ਜਿਹੜੇ ਸਾਰਾ ਦਿਨ ਵਾਣ ਵੱਟ ਕੇ ਉਹਨਾਂ ਦੇ ਹੱਥ ਘਸ ਜਾਂਦੇ ਹਨ, ਪਰ ਵਾਣ ਵੱਟ ਵੱਟ ਕੇ ਵੀ ਸਿੰਘਾਂ ਦੀ ਸੇਵਾ ਪਏ ਕਰਦੇ ਹਨ।

ਭਾਈ ਤਾਰੂ ਸਿੰਘ ਨੇ ਸੇਵਾ ਸ਼ੁਰੂ ਕੀਤੀ। ਰਾਤ ਨੂੰ ਪ੍ਰਸ਼ਾਦੇ ਮਾਈ ਦੇ ਪਕਾਏ ਹੋਏ ਸਿਰ ਉੱਤੇ ਦਾਲ ਦਾ ਰੱਖ ਕੇ ਭਾਂਡਾ ਜੰਗਲ ਵਿਚ ਜਾਣਾ। ਕਹਿੰਦੇ ਹਨ, ਜਦੋਂ ਉਥੇ ਬਜ਼ੁਰਗਾਂ ਨੂੰ, ਜੁਝਾਰੂ ਨੌਜਵਾਨਾਂ ਨੂੰ ਪ੍ਰਸ਼ਾਦਾ ਪਾਣੀ ਛਕਾਉਣਾ। ਤੇ ਆਖ਼ਰ ਉਹ ਲੁਟੇਰੇ ਨਹੀਂ ਸਨ। ਉਹ ਜੰਗਲ ਵਿਚ ਬੈਠੇ ਹੋਏ ਪੰਜਾਬ ਦੀ ਅਜ਼ਾਦੀ ਲਈ ਲੜ ਰਹੇ ਸਨ। ਹਿੰਦੋਸਤਾਨ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਲੜ ਰਹੇ ਸਨ। ਜ਼ੁਲਮ ਦੇ ਬਰਖ਼ਿਲਾਫ਼ ਲੜ ਰਹੇ ਸਨ। ਤੇ ਪਿਆਰਿਓ! ਜੇ ਉਹ ਅੱਜ ਜੰਗਲਾਂ ਵਿਚ ਬੈਠੇ ਨਾ ਹੁੰਦੇ ਤਾਂ ਇਹ ਸਾਡੇ ਬੱਚੇ ਅੱਜ ਰੋਟੀਆਂ ਨਾ ਖਾਂਦੇ ਹੁੰਦੇ। ਜੇ ਉਹ ਘੋੜਿਆਂ ਦੀਆਂ ਕਾਠੀਆਂ 'ਤੇ ਨਾ ਬੈਠੇ ਹੁੰਦੇ। ਤਿੰਨ ਤਿੰਨ ਮੰਜ਼ਲਾਂ ਉੱਤੇ ਆਪਣੇ ਬੰਗਲੇ ਬਣਾ ਕੇ ਨਾ ਬੈਠੇ ਹੁੰਦੇ। ਜੇ ਉਹਨਾਂ ਨੇ ਰਾਤ ਸਰਦੀ ਵਿਚ ਕਕਰ ਵਿਚ ਬਤੀਤ ਨਾ ਕੀਤੀ ਹੁੰਦੀ ਤਾਂ ਸ਼ਾਇਦ ਅੱਜ ਸਾਡੇ ਬੱਚਿਆਂ ਨੂੰ ਰਜ਼ਾਈ ਦਾ ਨਿੱਘ ਕਦੇ ਨਾ ਮਿਲਦਾ। ਸਾਡੇ ਪੁਰਖਾਂ ਦੀਆਂ ਘਾਲਣਾਂ ਹਨ। ਕਹਿਣ ਲੱਗੇ ਰਾਤ ਨੂੰ ਰੋਟੀ ਲੈ ਕੇ ਜਾਣੀ।

ਪਿੰਡ ਦੇ ਵਿਚ ਰਸੂਖ ਬੜਾ ਸੀ ਭਾਈ ਤਾਰੂ ਸਿੰਘ ਦੀ ਮਾਂ ਦਾ। ਪਹਿਲੇ ਇਕ ਤਵਾ ਸੀ ਛੋਟਾ ਜਿਹਾ। ਉਹ ਤਵਾ ਵੱਧ ਕੇ ਲੋਅ ਦਾ ਰੂਪ ਧਾਰਨ ਕਰ ਗਿਆ। ਕਹਿਣ ਤੋਂ ਮੁਰਾਦ ਲੋਹਾਂ ਤਪਣ ਲੱਗ ਪਈਆਂ। ਪਹਿਲਾਂ ਸਿਰਫ਼ ਇਕ ਨਿੱਕੀ ਜਿਹੀ ਹਾਂਡੀ ਦਾਲ ਦੀ ਪਕਦੀ ਸੀ, ਅੱਜ ਉਹ ਹਾਂਡੀ ਦੀ ਥਾਂ 'ਤੇ ਦੇਗ ਬਣ ਗਈ। ਸਾਰਾ ਦਿਨ ਲੰਗਰ ਪਕਣਾ, ਰਾਤ ਨੂੰ ਭੈਣ ਤੇ ਭਰਾ ਦੋਵਾਂ ਨੇ ਲੰਗਰ ਜੰਗਲ ਵਿਚ ਲੈ ਜਾਣੇ। ਤੇ ਜਦੋਂ ਪ੍ਰਸ਼ਾਦਾ ਛਕਾਉਣਾ ਤੇ ਕਿਸੇ ਨੂੰ ਬਸਤਰ ਦੇਣੇ ਤੇ ਕਮਾਈ ਵਾਲਿਆਂ ਇਕੋ ਗੱਲ ਕਹਿਣੀ - ਗੁਰੂ ਗੋਬਿੰਦ ਸਿੰਘ ਮਿਹਰ ਕਰੇ, ਤੈਨੂੰ ਗੁਰੂ ਪੁੱਤਰਾਂ ਦਾ ਦਰਜਾ ਮਿਲੇ, ਤੇਰੀ ਸਿੱਖੀ ਕੇਸਾਂ ਨਾਲ ਨਿਭ ਜਾਏ। ਸਾਰਿਆਂ ਨੇ ਇਕੋ ਗੱਲ ਕਹਿਣੀ। ਹੁਣ ਉਹ ਅੱਜ ਦੀ ਤਰ੍ਹਾਂ ਤੇ ਨਹੀਂ ਸਨ। ਤੇ ਕਿਸੇ ਨੇ ਜਾ ਕੇ ਬਾਬੇ ਨੂੰ ਮੱਥਾ ਟੇਕਣਾ, ਨਿਭਣ ਵਾਲੀ ਚੀਜ਼ ਤਾਂ ਬਾਬੇ ਦੀ ਸਿੱਖੀ ਹੈ। ਤਾਰਾ ਸਿੰਘਾ, ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਦੇ ਦਰਜੇ ਤੈਨੂੰ ਮਿਲਣ, ਤੂੰ ਗੁਰੂ ਕਾ ਲਾਲ ਬਣੇਂ। ਤੇਰੀ ਸਿੱਖੀ ਕੇਸਾਂ ਨਾਲ ਨਿਭ ਜਾਏ।

ਕਈ ਦਿਨ ਇਹ ਕੰਮ ਚੱਲਦਾ ਰਿਹਾ। ਸੇਵਾ ਕਰਦਾ ਰਿਹਾ। ਪਿਆਰਿਓ! ਸਮਾਂ ਆ ਗਿਆ ਤੇ ਹਰਭਗਤ ਨਿਰੰਜਨੀਏ ਨੇ ਚੁਗ਼ਲੀ ਕੀਤੀ। ਲਾਹੌਰ ਤੋਂ ਤਾਰੂ ਸਿੰਘ ਜੀ ਦੀ ਗ੍ਰਿਫ਼ਤਾਰੀ ਦੇ ਵਰੰਟ ਜਾਰੀ ਹੋਏ। ਰਤਨ ਸਿੰਘ ਭੰਗੂ ਕਹਿੰਦਾ ਹੈ ਕਿ ਅਹਿਦੀਏ ਆਏ। ਆਣ 'ਤੇ ਕੀ ਦੇਖਿਆ ਘਰ ਦੇ ਵਿਚ ਭੱਠੀਆਂ ਤਪਦੀਆਂ ਪਈਆਂ ਸਨ। ਲੋਹਾਂ ਤੱਪਦੀਆਂ ਪਈਆਂ ਸਨ। ਕਿਤੇ ਫੁਲਕੇ ਪਕਦੇ ਪਏ ਸਨ, ਕਿਤੇ ਦਾਲ ਸਬਜ਼ੀ ਬਣਦੀ ਪਈ ਸੀ ਤੇ ਆਪ ਭਾਈ ਤਾਰੂ ਸਿੰਘ ਬਾਹਰ ਗਿਆ ਹੋਇਆ ਸੀ। ਸਿਪਾਹੀ ਆਏ ਤੇ ਆਣ ਕੇ ਕਹਿਣ ਲੱਗੇ ਮਾਈ! ਕਿੱਥੇ ਹੈ ਤਾਰੂ ਸਿੰਘ। ਤੇ ਉਸ ਸੇਵਾ ਦੀ ਮੂਰਤ ਨੇ, ਸਿਮਰਨ ਦੀ ਪੁਤਲੀ ਨੇ ਕਿਹਾ, ਪੁੱਤਰ ਸਿੱਖ ਦੇ ਘਰ ਆਏ ਹੋ ਪਹਿਲੇ ਦੱਸੋ ਛੱਕਣ ਲਈ ਜੱਲ ਦੇਵਾਂ ਕਿ ਸਿਧਾ ਪ੍ਰਸ਼ਾਦਾ ਹੀ ਦੇਵਾਂ। ਹੈ ਕਦੀ ਤੱਕਿਓ ਇਹ ਸਾਡਾ ਇਖ਼ਲਾਕ ਸੀ। ਕਹਿੰਦੀ ਬੇਟਾ ਭਾਈ ਤਾਰੂ ਸਿੰਘ ਸਿੱਖ ਹੈ। ਇਹ ਸਿੱਖਾਂ ਦਾ ਘਰ ਹੈ। ਇਹ ਮੈਂ ਬਾਅਦ ਵਿਚ ਪੁੱਛਾਂਗੀ ਕਿਧਰ ਆਏ ਹੋ। ਪਹਿਲਾਂ ਪਾਣੀ ਦੇਵਾਂ ਜਾਂ ਪ੍ਰਸ਼ਾਦਾ ਦੇਵਾਂ। ਜਿਹੜੇ ਕਹਿੰਦੇ ਹਨ ਦਬਕੇ ਨਾਲ ਬੋਲਦੇ ਪਏ ਸਨ, ਉਨ੍ਹਾਂ ਨੂੰ ਇੰਝ ਲੱਗਾ ਇਸ ਮਾਈ ਦੀ ਆਵਾਜ਼ ਵਿਚੋਂ ਸਾਡੀ ਮਾਂ ਦੀ ਮਮਤਾ ਹੈ। ਥੋੜੀ ਜਿਹੀ ਸੁਰ ਨੀਵੀਂ ਹੋ ਗਈ। ਕਹਿਣ ਲੱਗੇ ਮਾਂ ਸੱਚ ਪੁੱਛੀਂ, ਅਸੀਂ ਤਾਰੂ ਸਿੰਘ ਨੂੰ ਪਕੜਨ ਵਾਸਤੇ ਆਏ ਹਾਂ। ਕਹਿਣ ਲੱਗੀ ਮੇਰੇ ਪੁੱਤਰ ਦਾ ਕਸੂਰ ਕੀ ਏ? ਤਾਂ ਉੱਤਰ ਦਿੱਤਾ ਗਿਆ ਇਕੱਲਾ ਤੇਰਾ ਪੁੱਤਰ ਹੀ ਨਹੀਂ, ਤੇਰੀ ਧੀ ਨੂੰ ਵੀ ਪਕੜਨ ਦੇ ਹੁਕਮ ਦਿੱਤੇ ਗਏ ਹਨ। ਕਸੂਰ ਸਿਰਫ਼ ਇੰਨਾ ਹੈ ਕਿ ਇਹ ਜਿਹੜੀਆਂ ਲੋਹਾਂ ਦੇ ਲੰਗਰ ਪਕਾ ਕੇ ਤੁਸੀਂ ਖਵਾਉਂਦੇ ਪਏ ਹੋ ਸਿੱਖਾਂ ਨੂੰ, ਇਹ ਸਰਕਾਰ ਨੂੰ ਨਹੀਂ ਭਾਉਂਦਾ ਪਿਆ।

ਇੰਨੀ ਦੇਰ ਨੂੰ ਭਾਈ ਤਾਰੂ ਸਿੰਘ ਜੀ ਆ ਗਏ। ਸਾਰਾ ਪਿੰਡ ਇਕੱਠਾ ਹੋ ਗਿਆ। ਮੈਂ ਹੈਰਾਨ ਹੋਇਆ ਪਿੰਡ ਦੇ ਮੁਸਲਮਾਨ ਤੇ ਹਿੰਦੂ ਵੀ ਭਾਈ ਤਾਰੂ ਸਿੰਘ ਤੋਂ ਕੁਰਬਾਨ ਜਾਂਦੇ ਸਨ।

ਪਿਆਰਿਉ! ਜਦੋਂ ਤੁਸੀਂ ਸਰਬੱਤ ਦੇ ਭਲੇ ਨੂੰ ਸਾਹਮਣੇ ਰੱਖ ਕੇ ਨਾਮ ਸਿਮਰਨ ਕਰੋਗੇ, ਲੋੜਵੰਦਾਂ ਦੀ ਸੇਵਾ ਕਰੋਗੇ। ਸੱਚ ਜਾਣਨਾ, ਨਫ਼ਰਤ ਕਰਨ ਵਾਲਾ ਵੀ ਇਕ ਦਿਨ ਤੁਹਾਨੂੰ ਅੰਦਰੋਂ ਪਿਆਰ ਜ਼ਰੂਰ ਕਰੇਗਾ। ਜੇ ਆਪਾਂ ਹੀ ਕਿਸੇ ਦਾ ਬੁਰਾ ਕਰਦੇ ਹਾਂ ਤਾਂ ਭਲਾ ਸਾਡਾ ਕਿਸੇ ਨੇ ਕੀ ਮੰਗਣਾ ਹੈ। ਸਾਰਾ ਪਿੰਡ ਇਕੱਠਾ ਹੋਇਆ। ਭਾਈ ਤਾਰੂ ਸਿੰਘ ਤੇ ਉਹਦੀ ਭੈਣ, ਉਥੇ ਉਹਨਾਂ ਨੇ ਕਿਹਾ ਉਸ ਭੈਣ ਨੂੰ ਵੀ ਪਕੜਨ ਦੇ ਹੁਕਮ ਸਨ। ਸਾਰੇ ਪਿੰਡ ਦੇ ਮੁਸਲਮਾਨ ਤੇ ਹਿੰਦੂ ਵੀ ਕੁਝ ਆਏ। ਉਹਨਾਂ ਨੇ ਅੱਗੇ ਵੱਧ ਕੇ ਕਿਹਾ, ਖ਼ਬਰਦਾਰ ਇਸ ਮਾਂ ਨੂੰ ਹੱਥ ਪਾਇਆ। ਇਹ ਭਾਈ ਤਾਰੂ ਸਿੰਘ ਦੀ ਮਾਂ ਨਹੀਂ, ਇਹ ਸਾਰੇ ਪੂਲੇ ਪਿੰਡ ਦੀ ਮਾਂ ਹੈ। ਇਹ ਭੈਣ ਕੇਵਲ ਤਾਰੂ ਸਿੰਘ ਦੀ ਨਹੀਂ, ਇਹ ਸਾਰੇ ਇਲਾਕੇ ਦੀ ਇਸ ਪੂਲੇ ਪਿੰਡ ਦੀ ਭੈਣ ਹੈ। ਕਹਿੰਦੇ ਹਨ, ਉਥੇ ਮਾਇਆ ਵੀ ਦਿੱਤੀ ਗਈ ਅਹਿਦਿਆਂ ਨੂੰ। ਉਹਨਾਂ ਇਹਨਾਂ ਦੇ ਸ਼ਬਦਾਂ ਨੂੰ ਸੁਣ ਕੇ ਸਿਪਾਹੀ ਮਾਂ ਤੇ ਧੀ ਨੂੰ ਨਾ ਲੈ ਕੇ ਗਏ। ਭਾਈ ਤਾਰੂ ਸਿੰਘ ਜੀ ਨੂੰ ਜਦੋਂ ਲਿਜਾਣ ਲੱਗੇ ਤਾਂ ਪਿੰਡ ਵਿਚ ਇਕੱਠੇ ਹੋ ਕੇ ਉਹਨਾਂ ਕਿਹਾ ਕਿ ਜੇ ਭਾਈ ਤਾਰੂ ਸਿੰਘ ਨੂੰ ਲੈ ਕੇ ਜਾਣਗੇ ਤਾਂ ਪਕੜਨ ਵਾਲੇ 10-12 ਇਹਨਾਂ ਸਿਪਾਹੀਆਂ ਨੂੰ ਝਟਕਾ ਦਿਉ। ਭਾਈ ਤਾਰੂ ਸਿੰਘ ਨੂੰ ਕੈਦ ਤੋਂ ਅਸੀਂ ਮੁਕਤ ਕਰਾ ਦਈਏ। ਜਦੋਂ ਭਾਈ ਤਾਰੂ ਸਿੰਘ ਨੂੰ ਕਿਹਾ ਗਿਆ ਕਿ ਇਹਨਾਂ ਸਿਪਾਹੀਆਂ ਨੂੰ ਮਾਰ ਦੇਂਦੇ ਹਾਂ ਤੇ ਤੁਹਾਨੂੰ ਅਸੀਂ ਛੁਡਾ ਲੈਂਦੇ ਹਾਂ ਤਾਂ ਕਹਿਣ ਲੱਗੇ - ਚੇਤੇ ਰਖਿਉ, ਇਹ ਸ਼ਹਾਦਤ ਦੀ ਦਾਤ ਕਈ ਜਨਮਾਂ ਦੀ ਸਿੱਖੀ ਤੋਂ ਬਾਅਦ ਮਿਲਦੀ ਹੈ। ਸਿੱਖੀ ਮਿਲਦੀ ਹੈ, ਪਰ ਸ਼ਹੀਦੀ ਨਹੀਂ ਹਰ ਇਕ ਨੂੰ ਮਿਲਦੀ। ਸ਼ਹਾਦਤ ਦੀ ਦਾਤ ਕਈ ਜਨਮਾਂ ਦੀ ਸ਼ਹਾਦਤ ਤੋਂ ਬਾਅਦ ਮਿਲਦੀ ਹੈ। ਤੁਸੀਂ ਮੈਨੂੰ ਪਿਆਰ ਕਰਦੇ ਹੋ। ਹਾਂ ਭਾਈ ਸਾਹਿਬ ਜੀ, ਅਸੀਂ ਤੁਹਾਨੂੰ ਪਿਆਰ ਕਰਦੇ ਹਾਂ। ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੈਂ ਉਹਨਾਂ ਨੂੰ ਪਿਆਰ ਕਰਦਾ ਹਾਂ ਜਿਹੜੇ ਸਾਡੀ ਅਜ਼ਾਦੀ ਲਈ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਬਾਹਰ ਜੰਗਲਾਂ ਵਿਚ ਬੈਠੇ ਹਨ। ਜੇ ਮੈਨੂੰ ਪਿਆਰ ਕਰਦੇ ਹੋ ਤਾਂ ਇਹਨਾਂ ਸਿਪਾਹੀਆਂ ਨੂੰ ਨਾ ਮਾਰੋ। ਮੇਰੇ ਜਾਣ ਤੋਂ ਬਾਅਦ ਘਰ ਘਰ ਲੋਹਾਂ ਤਪਾ ਦਿਉ। ਮੇਰੇ ਜਾਣ ਤੋਂ ਬਾਅਦ ਘਰ ਘਰ ਵਿਚ ਦੇਗਾਂ ਉਬਾਲਿਉ ਜੇ। ਇਹ ਇਕ ਘਰ ਦਾ ਦਰਵਾਜ਼ਾ ਬੰਦ ਕਰਦੇ ਪਏ ਹਨ। ਜਦੋਂ ਘਰ ਘਰ ਲੋਹ ਤਪੇਗੀ, ਪ੍ਰਸ਼ਾਦੇ ਤੇ ਦਾਲ ਦਾ ਲੰਗਰ ਜੰਗਲ ਵਿਚ ਚਲੇਗਾ। ਮੈਂ ਸਮਝਾਂਗਾ ਤੁਸੀਂ ਭਾਈ ਤਾਰੂ ਸਿੰਘ ਨੂੰ ਪਿਆਰ ਕਰਦੇ ਹੋ।

ਪਿਆਰਿਉ! ਭਾਈ ਸਾਹਿਬ ਦੀ ਦਲੀਲ ਦੇ ਸਾਹਮਣੇ ਸਾਰੇ ਖ਼ਾਮੋਸ਼ ਹੋ ਗਏ। ਅੱਜ ਅਸੀਂ ਦੇਖਦੇ ਹਾਂ। ਮੈਂ ਖ਼ਾਸ ਕਰਕੇ ਸਿੱਖ ਨੌਜਵਾਨ ਨੂੰ ਕਹਿ ਰਿਹਾ ਹਾਂ, ਕਿਉਂਕਿ ਵਿਚਾਰ ਚੱਲਣੀ ਵੀ ਹੈ। ਮੈਂ ਉਸ ਨੂੰ ਕਹਾਂਗਾ ਕਿ ਕੰਨਾਂ ਵਿਚ ਨਤੀਆਂ ਪਾ ਕੇ, ਸਿਰ ਦੇ ਉਪਰ ਕੇਸ ਨਹੀਂ ਤੇ ਜੇ ਕਿਤੇ ਤੂੰ ਅਜਾਇਬ ਘਰ ਵਿਚ ਜਾਈਂ ਤਾਂ ਭਾਈ ਤਾਰੂ ਸਿੰਘ ਦੀ ਤਸਵੀਰ ਸਾਹਮਣੇ ਨਾ ਖੜ੍ਹਾ ਹੋਵੀਂ। ਤੇਰੇ ਚਿਹਰੇ ਨੂੰ ਦੇਖ ਕੇ ਉਸ ਤਸਵੀਰ ਨੂੰ ਵੀ ਲਹੂ ਦੇ ਅਥਰੂ ਰੋਣੇ ਪੈਣੇ ਹਨ। ਧਿਆਨ ਦੇਣਾ ਭਾਈ ਸਾਹਿਬ ਚੱਲਣ ਲੱਗੇ ਤੇ ਕਹਿੰਦੇ ਹਨ ਮਾਤਾ ਦੇ ਚਰਨਾਂ

ਨੂੰ ਨਮਸ਼ਕਾਰ ਕੀਤੀ। ਮਾਂ ਨੇ ਪਿੱਠ ਉੱਤੇ ਹੱਥ ਰੱਖਿਆ। ਮਸਤਕ ਚੁੰਮ ਕੇ ਸੋਹਣਾ ਦਾੜ੍ਹਾ ਸੀ। ਕੇਸ ਕਾਲੇ, ਚਿਹਰਾ ਦਗ ਦਗ ਕਰਦਾ ਤੇ ਨਾਮ ਰਸੀਏ ਸਨ। ਮੱਥਾ ਚੁੰਮ ਕੇ ਕਿਹਾ ਪੁੱਤਰ ਮੈਂ ਮੱਖਣਾਂ ਨਾਲ, ਮੈਂ ਦਹੀਂ ਨਾਲ ਜਿਵੇਂ ਤੈਨੂੰ ਪਾਲਿਆ, ਉਦਰ ਵਿਚ ਇਸ ਤਰ੍ਹਾਂ ਤੇਰੇ ਕੇਸ ਪਾਲੇ ਹਨ। ਮੈਨੂੰ ਤੇਰੀ ਸ਼ਹਾਦਤ ਦੀ ਮੌਤ ਦੀ ਖ਼ਬਰ ਆਵੇ। ਮੈਂ ਜਿਉਂਦਿਆਂ ਨਹੀਂ ਮਰਨਾ ਚਾਹੁੰਦੀ। ਮੈਨੂੰ ਇਹ ਨਾ ਖ਼ਬਰ ਆਵੇ ਕਿ ਤਾਰੂ ਸਿੰਘ ਡੋਲ ਗਿਆ ਹੈ। ਕਹਿਣ ਲੱਗੇ ਮਾਂ ਤੂੰ ਅਰਦਾਸ ਕਰੀਂ, ਤੇਰੇ ਪੁੱਤਰ ਦੀ ਖ਼ਬਰ ਅਜਿਹੀ ਆਏਗੀ ਕਿ ਤੇਰਾ ਸਿਰ ਉੱਚਾ ਹੋਵੇਗਾ, ਨੀਵਾਂ ਨਹੀਂ। ਭੈਣ ਨੇ ਪਿਆਰ ਕੀਤਾ, ਪਿਆਰਿਉ! ਮਾਂ ਤੇ ਧੀ ਨੇ, ਭੈਣ ਨੇ ਭਰਾ ਨੂੰ ਤੋਰਿਆ, ਮਾਂ ਨੇ ਪੁੱਤਰ ਨੂੰ ਤੋਰਿਆ ਤੇ ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਲਿਜਾਇਆ ਗਿਆ।

ਗੁਰਮੁਖੋ ! ਅੱਜ ਦੇ ਦਿਨ ਤਾਂ ਸ਼ਹੀਦੀ ਹੈ। ਖੋਪੜੀ ਤਾਂ 22 ਦਿਨ ਪਹਿਲਾਂ ਉਤਰੀ ਸੀ। ਭਾਈ ਰਤਨ ਸਿੰਘ ਭੰਗੂ ਨੇ 22 ਦਿਨ ਕਹੇ। ਕਹਿੰਦੇ ਹਨ ਭਾਈ ਤਾਰੂ ਸਿੰਘ ਜੀ ਨੂੰ ਜ਼ਕਰੀਏ ਦੇ ਸਾਹਮਣੇ ਲਿਜਾਇਆ ਗਿਆ। ਉਸ ਵੇਲੇ ਬੜੇ ਸਵਾਲ ਜਵਾਬ ਹੋਏ ਸਨ। ਹਰ ਗੱਲ ਦਾ ਉੱਤਰ ਦੇਂਦੇ ਗਏ ਤੇ ਆਖ਼ਿਰ 'ਤੇ ਇਥੋਂ ਤੱਕ ਕਹਿ ਦਿੱਤਾ ਕਿ ਤੈਨੂੰ ਪੈਸੇ ਦੇਵਾਂਗਾ, ਤੈਨੂੰ ਡੋਲੇ ਦੇਵਾਂਗਾ। ਵਿਆਹ ਤੇਰਾ ਕਰਾਂਗੇ ਕਿਸੇ ਨੌਜਵਾਨ ਮੁਟਿਆਰ ਨਾਲ, ਇਕ ਕੰਮ ਕਰ ਤੂੰ ਸਿੱਖੀ ਤਿਆਗ ਦੇ। ਭਾਈ ਸਾਹਿਬ ਨੇ ਇਕ ਗੱਲ ਕਹੀ, ਸਰੀਰ ਤਿਆਗਣ ਆਇਆ ਹਾਂ, ਸਿੱਖੀ ਤਿਆਗਣ ਨਹੀਂ, ਤਨ ਤਿਆਗਣ ਵਾਸਤੇ ਆਇਆ ਹਾਂ, ਸਿੱਖੀ ਨਹੀਂ। ਉਥੇ ਰਤਨ ਸਿੰਘ ਭੰਗੂ ਲਿਖਦੇ ਹਨ-

ਨਵਾਬ ਕਿਹਾ ਤੂੰ ਹੋ ਮੁਸਲਮਾਨ। ਤਬ ਮੈ ਤੇਰੀ ਛਡਾਂਗਾ ਜਾਨ।

ਇਸ ਸਿੰਘ ਨੇ ਕਿਹਾ-

ਹਮ ਸਿਦਕ ਨਾ ਹਾਰੇ ਇਸ ਸਿਦਕ ਪਰ ਕਈ ਜਨਮ ਸੁ ਵਾਰੇ।

ਤੂੰ ਕਹਿੰਦਾ ਹੈਂ ਮੁਸਲਮਾਨ ਹੋ ਜਾ। ਪਰ ਚੇਤੇ ਰਖੀਂ ਮੈਂ ਮੁਸਲਮਾਨ ਹੋਣ ਨਹੀਂ ਆਇਆ। ਤੈਨੂੰ ਤੇਰਾ ਮਜ਼੍ਹਬ ਪਿਆਰਾ, ਪਰ ਮੈਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਕੋਲ ਜਾਣ ਲਈ ਆਇਆ ਹਾਂ। ਤੂੰ ਮੈਨੂੰ ਛੇਤੀ ਅੱਗੇ ਤੋਰ। ਕਹਿਣ ਲੱਗਾ ਮੈਨੂੰ ਸਿੱਖੀ ਪਿਆਰੀ ਹੈ ਤੇ ਸਵਾਸਾਂ ਨਾਲ ਨਿਭਾਵਾਂਗਾ। ਉਥੇ ਰਤਨ ਸਿੰਘ ਭੰਗੂ ਲਿਖਦੇ ਹਨ-ਆਕੜਿਆ ਸੀ ਹਾਕਮ, ਤੇ ਅਸੀਂ ਕਈ ਵਾਰੀ ਇਸਨੂੰ ਸੁਨਾਉਣ ਤੋਂ ਗੁਰੇਜ਼ ਕਰ ਜਾਂਦੇ ਹਾਂ। ਅਸੀਂ ਇਹੋ ਜਿਹੇ ਕਮਾਈ ਵਾਲੇ ਜੀਵਨ ਨੂੰ ਲੁਕਾਈ ਜਾਂਦੇ ਹਾਂ। ਲੋਕੀਂ ਤੇ ਮਿੱਥ ਨੂੰ ਇਤਿਹਾਸ ਬਣਾ ਕੇ ਸੁਣਾਈ ਜਾਂਦੇ ਹਨ। ਅਸੀਂ ਤੇ ਇਤਿਹਾਸ ਨੂੰ ਕਹਿੰਦੇ ਹਾਂ ਇਹ ਮਨੋਕਲਿਪਤ ਗੱਲ ਲੱਗਦੀ ਹੈ, ਕਿਉਂਕਿ ਅਸੀਂ ਅੰਦਰੋਂ ਉਹਨਾਂ ਨੂੰ ਪਿਆਰ ਨਹੀਂ ਨਾ ਕਰਦੇ।

ਮੈਂ ਬੇਨਤੀ ਕਰਦਾ ਹੁੰਦਾ ਹਾਂ ਕਿ ਜਿਹੜੀ ਮਾਂ ਬੱਚੇ ਨੂੰ ਜਨਮ ਦੇਂਦੀ ਹੈ ਉਹਦਾ ਰੋਣਾ, ਉਹਦੀਆਂ ਚੀਕਾਂ ਸੁਣਕੇ ਕੋਈ ਬਾਂਝ ਔਰਤ ਕਹੇਗੀ ਐਵੇਂ ਕਰਦੀ ਪਈ ਹੈ। ਉਹਨੂੰ ਕੀ ਪਤਾ

ਜਿਸਨੇ ਬੱਚੇ ਨੂੰ ਜਨਮ ਹੀ ਨਹੀਂ ਦਿੱਤਾ। ਉਹਨੂੰ ਪੁੱਛ ਕੇ ਦੇਖੋ ਜਿਸਨੇ ਬੱਚੇ ਨੂੰ ਜਨਮ ਦੇ ਕੇ ਮਾਂ ਦੀ ਪਦਵੀ ਲਈ। ਜਿਸਨੇ ਸਿੱਖੀ ਕਮਾਈ, ਉਹਨੂੰ ਪੁੱਛ ਕੇ ਦੇਖੋ ਕਿ ਖੋਪੜੀ ਤੋਂ ਬਿਨਾਂ ਕਿਵੇਂ ਰਿਹਾ ਜਾ ਸਕਦਾ ਹੈ। ਕਿਵੇਂ ਉਹਨਾਂ ਦੇ ਬਚਨਾਂ ਵਿਚ ਸਤਿਆ ਹੈ। ਉਥੇ ਜ਼ਕਰੀਆ ਖ਼ਾਨ ਨੇ ਕਿਹਾ ਸਿੱਖੀ ਕੇਸਾਂ ਦੀ ਗੱਲ ਕਰਨ ਲੱਗਾ ਹੈਂ। ਕਹਿੰਦਾ ਜੁੱਤੇ ਮਾਰਕੇ ਤੇਰੇ ਕੇਸ ਲਾ ਦੇਵਾਂਗਾ। ਭਾਈ ਸਾਹਿਬ ਨੇ ਕੇਸਾਂ ਦੀ ਗੱਲ ਸੁਣਦਿਆਂ ਸਾਰ ਕਿਹਾ ਕਿ ਤੂੰ ਜੁੱਤੀ ਤਾਂ ਕੀ ਮਾਰਨੀ ਹੈ। ਮੈਂ ਗੁਰੂ ਆਪਣੇ 'ਤੇ ਭਰੋਸਾ ਕਰਦਾ ਹਾਂ। ਮੈਂ ਜੁੱਤੀ ਅੱਗੇ ਲਾ ਕੇ ਤੈਨੂੰ ਲੈ ਕੇ ਜਾਵਾਂਗਾ।

ਹਕੀਕਤਾਂ ਇਤਿਹਾਸ ਦੇ ਪੰਨੇ ਹਨ। ਉਸ ਵੇਲੇ ਕਹਿੰਦੇ ਹਨ ਬੁਲਾਏ ਗਏ ਨੇ ਮੋਚੀ। ਕਿਹਾ ਗਿਆ ਭਾਈ ਤਾਰੂ ਸਿੰਘ ਦੀ ਖੋਪੜੀ ਉਤਾਰੀ ਜਾਏ। ਭਾਵੇਂ ਰਤਨ ਸਿੰਘ ਭੰਗੂ ਨੇ ਕਿਹਾ ਕਿ ਨਾਈ ਬੁਲਾਏ ਗਏ ਅਤੇ ਜਤਨ ਕੀਤਾ ਕੇਸ ਕੱਟਣ ਦਾ, ਪਰ ਕਹਿੰਦੇ ਹਨ ਜਦੋਂ ਭਾਈ ਸਾਹਿਬ ਜੀ ਦੇ ਨੇੜੇ ਹੁੰਦੇ ਸਨ ਤਾਂ ਭਾਈ ਸਾਹਿਬ ਜੀ ਦੀਆਂ ਅੱਖਾਂ ਤੋਂ ਇੰਨਾ ਡਰ ਲੱਗਦਾ ਸੀ ਕਿ ਕੇਸ ਕੱਟਣ ਵਾਲਿਆਂ ਦੇ ਹੱਥਾਂ ਵਿਚੋਂ ਕੈਂਚੀਆਂ ਡਿੱਗ ਗਈਆਂ। ਸਿੱਖ ਨੇ ਸਿਦਕ ਨਿਭਾਉਣਾ ਹੈ ਤੇ ਦੁਨੀਆਂ ਨੂੰ ਦੱਸਣਾ ਹੈ। ਜੇ ਸਿੱਖੀ ਕਮਾਈਏ ਤੇ ਕਿਸੇ ਦੀ ਕੀ ਜੁਰਤ ਕਿ ਕੇਸ ਕੱਟ ਸਕੇ। ਪਿਆਰਿਉ! ਮੋਚੀ ਬੁਲਾਏ। ਰਤਨ ਸਿੰਘ ਭੰਗੂ ਨੇ ਉਥੇ ਖੋਪੜੀ ਕੱਟਣ ਦਾ ਤਰੀਕਾ ਦੱਸਿਆ। ਕਿਵੇਂ ਕਟੀਦੀ ਹੈ। ਭਾਈ ਸਾਹਿਬ ਦੇ ਸਾਹਮਣੇ ਉਹਨਾਂ ਨੇ ਰੰਬੀਆਂ ਤਿਖੀਆਂ ਕੀਤੀਆਂ। ਰੰਬੀ ਤਿਖੀ ਕੀਤੀ ਨਾਲ ਹਥੌੜਾ ਲਿਆ। ਉਥੇ ਸ਼ਬਦ ਲਿਖੇ ਹਨ-

ਪੈਨੀ ਕੀ ਰੰਬੀ ਰੱਖੀ

ਪੈਨੀ ਦਾ ਅਰਥ ਹੁੰਦਾ ਹੈ ਤੇਜ਼।

ਮਥ ਹੈ ਮਧਿਉ ਦੀਉ ਟਿਕਾਏ।

ਪਹਿਲੇ ਰੰਬੀ ਤਿਖੀ ਕੀਤੀ, ਤੇ ਜਿਹੜਾ ਹੈ ਮੱਥਾ ਸਾਹਮਣੇ ਇਸ ਮੱਥੇ ਦੇ ਥੱਲੇ ਉਹਨਾਂ ਰੰਬੀ ਰੱਖੀ। ਖੋਪੜੀ ਕਿਵੇਂ ਉਤਾਰੀ ਗਈ। *ਮਥ ਹੈ ਮਧਿਉ ਦੀਉ ਟਿਕਾਏ।* ਕਹਿਣ ਲੱਗੇ- *ਮਥ ਹੈ ਤੇ ਕੰਨਾਂ ਤਾਈਂ ਗਿਚੀਉਂ ਦੀ ਪਟਵਾਏ।* ਪਹਿਲੇ ਮੱਥੇ ਦੇ ਨਾਲ ਲਾਈ। ਪੂਰੇ ਜ਼ੋਰ ਦੇ ਨਾਲ ਹਥੌੜਾ ਮਾਰ ਕੇ ਮੱਥੇ ਵਾਲੀ ਥਾਂ ਤੋਂ ਮਾਸ ਪੁਟਿਆ ਗਿਆ। ਥੱਲਿਉਂ ਜਦੋਂ ਹੱਡੀ ਆਈ ਤਾਂ ਇਹਨੂੰ ਚੀਰਦੇ ਹੋਏ ਪਹਿਲਾਂ ਉਹਨਾਂ ਨੇ ਸੱਜੇ ਪਾਸਿਉਂ ਥੱਲੇ ਘੁਮਾਕੇ ਕੰਨਾਂ ਤੋਂ ਇਕ ਪਾਸੇ ਗਿਚੀ ਤੱਕ ਲੈ ਗਏ। ਕੰਨ ਆਏ ਉਸ ਤੋਂ ਬਾਅਦ ਦੂਜਾ ਪਾਸਾ ਜਦੋਂ ਦੋਵੇਂ ਟਕ ਜਾ ਕੇ ਗਿਚੀ 'ਤੇ ਰੁੱਕੇ। ਕਹਿਣ ਲੱਗੇ ਮੱਥੇ 'ਤੇ ਮਾਰ ਕੇ ਜਦ ਰੰਬੀ ਸ਼ੁਰੂ ਕੀਤੀ। ਗਿਚੀ ਵਾਲੇ ਪਾਸਿਉਂ ਜਦ ਅਖ਼ੀਰਲਾ ਟੱਕ ਮਾਰਿਆਂ ਤਾਂ ਗਿਚੀ ਵਾਲੇ ਪਾਸਿਉਂ ਭਾਈ ਸਾਹਿਬ ਜੀ ਦੀ ਖੋਪੜੀ ਪੱਟ ਲਈ। ਹੁਣ ਸਿਰਫ਼ ਉਪਰ ਖੋਪੜ ਹੈ। ਤੇ ਰਤਨ ਸਿੰਘ ਭੰਗੂ ਕਹਿੰਦੇ ਹਨ ਇਹਨਾਂ ਦਾ ਚੇਹਰਾ ਸੋਹਣਾ ਸੀ।

ਜਿਮ ਜਿਮ ਸਿੰਘਣ ਤੁਰਕ ਸਿਤਾਵੇ।

ਜਿਉਂ ਜਿਉਂ ਹਥੌੜੇ ਮਾਰ ਕੇ ਸਤਾਉਂਦੇ ਹਨ, ਦੁੱਖ ਦੇਂਦੇ ਹਨ।

ਜਿਮ ਜਿਮ ਸਿੰਘਣ ਤੁਰਕ ਸਿਤਾਵੇ,
ਤਿਮ ਤਿਮ ਸਿੰਘ ਮੁਖ ਲਾਲੀ ਆਵੇ।

ਤਿਉਂ ਤਿਉਂ ਉਹਦੇ ਚੇਹਰੇ ਉੱਤੇ ਲਾਲੀ ਆਵੇ ਤੇ ਉਹ ਗੁਰੂ ਗੁਰੂ ਕਰੇ, ਵਾਹਿਗੁਰੂ ਵਾਹਿਗੁਰੂ ਕਰੇ। ਪਿਆਰਿਉ! ਉਹ ਹਥੌੜੇ ਮਾਰੀ ਜਾਵਣ, ਉਹ ਦੁੱਖ ਦੇਈ ਜਾਣ ਤੇ ਉਹ ਗੁਰੂ ਗੁਰੂ ਕਰੀ ਜਾਵੇ। ਕਹਿੰਦੇ ਹਨ ਜਿਹੋ ਜਿਹਾ ਖ਼ੂਨ ਦਾ ਰੰਗ ਲਾਲ ਸੀ, ਉਹੋ ਜਿਹਾ ਭਾਈ ਸਾਹਿਬ ਭਾਈ ਤਾਰੂ ਸਿੰਘ ਜੀ ਦੇ ਚੇਹਰੇ ਦਾ ਰੰਗ ਲਾਲ ਸੀ। ਨਾਮ ਜੱਪਿਆ ਖੋਪੜੀ ਉਤਾਰ ਦਿੱਤੀ ਗਈ। ਤੇ ਕਹਿੰਦੇ ਹਨ ਦਾੜ੍ਹਾ ਸਾਰਾ ਖ਼ੂਨ ਨਾਲ ਭਿੱਜ ਗਿਆ। ਨੁਚੜੇ ਖ਼ੂਨ ਉਥੇ। ਫਿਰ ਉਹ ਇਸ ਤਰ੍ਹਾਂ ਕਹਿੰਦੇ ਹਨ, ਭਾਈ ਸਾਹਿਬ ਜੀ ਦਾ ਇਸ ਤਰ੍ਹਾਂ ਤਨ ਸਾਰਾ ਖ਼ੂਨ ਨਾਲ ਭਿੱਜ ਗਿਆ, ਜਿਵੇਂ ਗੰਗਾ ਦੇ ਪਾਣੀ ਵਿਚ ਕੋਈ ਚੁੱਭੀ ਮਾਰ ਕੇ ਆਇਆ ਹੋਵੇ। ਜਿਵੇਂ ਕੋਈ ਚੁੱਭੀ ਮਾਰੇ ਤਾਂ ਸਾਰਾ ਤਨ ਪਾਣੀ ਨਾਲ ਭਿੱਜ ਜਾਂਦਾ ਹੈ। ਭਾਈ ਤਾਰੂ ਸਿੰਘ ਜੀ ਦਾ ਸਾਰਾ ਜਿਸਮ ਖ਼ੂਨ ਨਾਲ ਭਿੱਜ ਗਿਆ।

ਪਿਆਰਿਉ! ਇਧਰ ਭਾਈ ਤਾਰੂ ਸਿੰਘ ਦੀ ਖੋਪੜੀ ਉਤਰ ਗਈ, ਉਧਰ ਦੂਜੇ ਪਾਸੇ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਪੇਸ਼ਾਬ ਦਾ ਰਾਤ ਨੂੰ ਬੰਨ੍ਹ ਪੈ ਗਿਆ। ਸਾਰੀ ਰਾਤ ਵਿਲਕਿਆ, ਸਾਰੀ ਰਾਤ ਕਲਪਿਆ। ਤੇ ਕਹਿੰਦੇ ਹਨ ਸਵੇਰੇ ਡਰ ਗਿਆ ਕਿ ਜਿਹੜਾ ਮੈਂ ਇਹੋ ਜਿਹੇ ਧਰਮਾਤਮਾ ਨੂੰ, ਇਕ ਮਨੁੱਖਤਾ ਦਾ ਭਲਾ ਕਰਨ ਵਾਲੇ ਨੂੰ ਏਨਾ ਦੁੱਖ ਦਿੱਤਾ ਹੈ, ਉਸ ਕਰਕੇ ਮੈਨੂੰ ਇਹ ਕਸ਼ਟ ਹੋ ਰਿਹਾ ਹੈ। ਭਾਈ ਸਾਹਿਬ ਉਸੇ ਵੇਲੇ ਖ਼ਤਮ ਨਹੀਂ ਸਨ ਹੋਏ। ਉਹਨਾਂ ਨੂੰ ਸੁੱਟ ਦਿੱਤਾ ਗਿਆ। ਭਾਈ ਸਾਹਿਬ ਜਿੰਨੇ ਦਿਨ ਜਿਉਂਦੇ ਰਹੇ, ਕਹਿੰਦੇ ਹਨ, ਉੱਚੀ ਉੱਚੀ ਜਪੁਜੀ ਦਾ ਪਾਠ ਕਰੀ ਗਏ। ਜਦੋਂ ਜ਼ਕਰੀਏ ਨੂੰ ਪੇਸ਼ਾਬ ਦਾ ਬੰਨ੍ਹ ਪਿਆ ਤਾਂ ਫਿਰ ਡਰਿਆ। ਇਸਨੇ ਸਰਦਾਰ ਸੁਬੇਗ ਸਿੰਘ ਦੇ ਨਾਲ ਆਪਣਾ ਰਾਬਤਾ ਕਾਇਮ ਕੀਤਾ, ਜਿਨ੍ਹਾਂ ਨੂੰ ਚਰਖੜੀ 'ਤੇ ਚਾੜ੍ਹਿਆ ਗਿਆ ਸੀ। ਕਹਿਣ ਲੱਗਾ ਮੈਨੂੰ ਪੱਤਾ ਹੈ ਮੈਂ ਬਹੁਤ ਵੱਡਾ ਗੁਨਾਹ ਕੀਤਾ ਹੈ। ਕਹਿੰਦਾ ਹੈ ਕਿਸੇ ਤਰੀਕੇ ਦੇ ਨਾਲ ਮੇਰੀ ਭੁੱਲ ਬਖ਼ਸ਼ਾ। ਉਥੇ ਤਾਂ ਪਿਆਰਿਉ! ਸੁਖਮਨੀ ਦੀਆਂ ਤੁਕਾਂ ਵੀ ਜ਼ਕਰੀਏ ਨੇ ਕਹੀਆਂ। ਇਹਦਾ ਮਤਲੱਬ ਉਹ ਜਾਣੂ ਸੀ। ਉਹਨੇ ਕਿਹਾ ਅੱਜ ਮੈਂ ਪੰਥ ਦਾ ਹਾਂ। ਮੇਰੇ ਕੇਸਾਂ ਨੂੰ ਹੱਥ ਪਾਇਆ, ਸਿੱਖ ਪੰਥ ਨੂੰ ਹੱਥ ਪਾਇਆ। ਜੇ ਸਿੱਖ ਹੀ ਪੱਗ ਲਾਉਣ ਲੱਗ ਪਿਆ। ਪਿਆਰਿਉ, ਫਿਰ ਇਸ ਮਾਨਵਤਾ ਦੀ ਪੱਗ ਕਿੰਨੇ ਸਿਰ ਉੱਤੇ ਰੱਖਣੀ ਹੈ। ਸਿੱਖ ਤਾਂ ਡਿੱਗੀ ਹੋਈ ਪੱਗ ਸਿਰ ਉੱਤੇ ਰੱਖਦਾ ਹੈ। ਕਿਸੇ ਨੇ ਲਾਹੀ, ਕਿਸੇ ਦੀ ਲਾਹੀ, ਪਰ ਉਹ ਸਿੱਖਾਂ ਵਾਲੇ ਕਰਮ ਨਹੀਂ ਕੀਤੇ। ਫਿਰ ਅਸੀਂ ਕਹਿੰਦੇ ਹਾਂ ਪਸਚਾਤਾਪ। ਪਸਚਾਤਾਪ ਦਾ ਕੀ ਅਰਥ ਹੁੰਦਾ ਹੈ।

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥

(ਅੰਗ ੬੨੪)

ਅਸੀਂ ਕਈ ਵੇਰਾਂ ਲਾਹੀਆਂ, ਕਈ ਵੇਰਾਂ ਭਾਂਡੇ ਮਾਂਜੇ। ਪਰਤ ਕੇ ਫਿਰ ਲਾਹੀਆਂ। ਪਸਚਾਤਾਪ ਦਾ ਅਰਥ ਹੈ, ਅੱਜ ਤੋਂ ਬਾਅਦ ਮੈਂ ਗ਼ਲਤੀ ਨਹੀਂ ਕਰਾਂਗਾ, ਮੈਂ ਐਸਾ ਕਰਮ ਨਹੀਂ ਕਰਾਂਗਾ। ਹੇ ਕਲਗੀ ਵਾਲਿਆ! ਤੂੰ ਆਪਣੀ ਕਲਾ ਵਰਤਾ। ਭਾਈ ਸਾਹਿਬ ਭਾਈ ਤਾਰੂ ਸਿੰਘ ਜੀ ਨੇ ਕਿਹਾ ਮੈਂ ਨਹੀਂ। ਤੁਰਿਆ ਗੁਰਮੁਖੋ ਸੁਬੇਗ ਸਿੰਘ। ਇਕ ਵਿਦਵਾਨ ਨੇ ਲਿਖਿਆ ਪੰਜ ਹਜ਼ਾਰ ਦੇਗ ਲਈ ਦਿੱਤਾ। ਪੰਥ ਨੂੰ ਕਿਹਾ ਦੇਗ ਕਰਕੇ ਮੇਰੀ ਅਰਦਾਸ ਕਰੋ ਜ਼ਕਰੀਏ ਦੀ। ਕਹਿੰਦੇ ਹਨ ਜਦੋਂ ਉਹ ਉਥੇ ਗਏ। ਇਹ ਦੱਸਿਆ ਗਿਆ ਕਿ ਭਾਈ ਤਾਰੂ ਸਿੰਘ ਜੀ ਦੀ ਖੋਪੜੀ ਲਾਹ ਦਿੱਤੀ ਗਈ। ਤੇ ਕਹਿੰਦੇ ਨੇ ਉਸ ਵੇਲੇ ਕਿਸੇ ਨੇ ਦੂਜੀ ਗੱਲ ਨਹੀਂ ਸੁਣੀ। ਇੰਨੀ ਸੇਵਾ ਕਰਨ ਵਾਲਾ ਸਿੱਖ ਹਰ ਕੋਈ ਕਹੇ, ਇਕ ਕੰਮ ਕਰੋ ਸੂਬੇ ਨੂੰ ਰਾਤ ਮਾਰ ਮੁਕਾਓ। ਸੂਬੇ ਨੂੰ ਵੱਢ ਦਿਉ, ਕਈ ਨੌਜਵਾਨ ਕਹਿਣ, ਵਾਹਿਗੁਰੂ ਕਿਰਪਾ ਕਰੇ, ਤਾਰੂ ਸਿੰਘ ਜੀ ਦੀ ਸ਼ਹੀਦੀ ਦੀ ਖ਼ਾਤਰ ਪਹਿਲੇ ਅਸੀਂ ਸ਼ਹੀਦ ਹੋ ਜਾਈਏ। ਇੰਨਾ ਜਜ਼ਬਾ ਭਾਈ ਤਾਰੂ ਸਿੰਘ ਜੀ ਨਾਲ, ਇੰਨਾ ਪਿਆਰ। ਗੁਰਮੁਖੋ! ਉਸ ਵੇਲੇ ਸਾਰੇ ਜਜ਼ਬਾਤ ਵਿਚ ਸਨ। ਫਿਰ ਭਾਈ ਸੁਬੇਗ ਸਿੰਘ ਨੇ ਉਸ ਪੂਰਨ ਪੁਰਖ ਨੇ ਕਿਹਾ ਸੀ ਕਿ ਨਵਾਬ ਨੇ ਕਿਹਾ ਸੀ-

ਤੇਰੇ ਜੁਤਨ ਸੇਤੀ ਵਾਲ ਉਤਾਰ

ਤੇ ਤਾਰੂ ਸਿੰਘ ਨੇ ਕਿਹਾ ਸੀ-

ਮੈਂ ਤੈਨੂੰ ਮਾਰਾਂਗਾ ਜੁਤਨ ਕੀ ਮਾਰ।

ਤੂੰ ਮੈਨੂੰ ਨਹੀਂ ਮਾਰ ਸਕਦਾ। ਫਿਰ ਪੰਥ ਨੇ ਗੱਲ ਕਹੀ ਭਾਈ ਤਾਰੂ ਸਿੰਘ ਦੀ ਜੁੱਤੀ ਲਉ ਤੇ ਨਵਾਬ ਦੇ ਸਿਰ 'ਤੇ ਮਾਰੋ। ਤੇ ਜਿੰਨੀਆਂ ਮਾਰੋਗੇ ਅਰਾਮ ਮਿਲੇਗਾ, ਪਰ ਬਚਣਾ ਇਸਨੇ ਕੋਈ ਨਹੀਂ।

ਕੋਈ 20 ਦਿਨ, ਕੋਈ 21 ਦਿਨ ਕਹਿੰਦਾ ਭਾਈ ਸਾਹਿਬ ਜੀ ਸਰੀਰ ਵਿਚ ਰਹੇ। 22 ਦਿਨ ਗੁਰੂ ਗੁਰੂ ਜੱਪਦੇ ਰਹੇ। ਭਾਈ ਸਾਹਿਬ ਦੇ ਚਰਨਾਂ ਦੀ ਜੁੱਤੀ ਜ਼ਕਰੀਏ ਦੇ ਸਿਰ ਵਿਚ ਵੱਜਦੀ ਰਹੀ। ਸਕੂਨ ਮਿਲਦਾ ਰਿਹਾ, ਤੇ ਕਹਿੰਦੇ ਹਨ ਅਖ਼ੀਰ 'ਤੇ ਇਸ ਜੁੱਤੀ ਨਾਲ ਉਸ ਦੀ ਮੌਤ ਹੋਈ। ਤੇ ਇਧਰ ਸਾਰੇ ਸਿੱਖ ਇਕੱਠੇ ਹੋ ਕੇ ਕਹਿਣ ਲੱਗੇ, ਸੱਚ ਹੈ ਇਸ ਪੂਰਨ ਪੁਰਖ ਦਾ ਬਚਨ ਨਿਸਫਲ ਨਹੀਂ ਗਿਆ। *ਇਕ ਸਾਧ ਬਚਨ ਅਟਲਾਧਾ।* ਸਿੱਖ ਕਹਿੰਦਾ ਹੈ ਕਿ ਮੈਂ ਉਤਨੀ ਦੇਰ ਤੱਕ ਨਹੀਂ ਜਾਣਾ ਜਿੰਨੀ ਦੇਰ ਤੱਕ ਕੇਸਾਂ ਦੀ ਗੱਲ ਕਰਨ ਵਾਲੇ ਨੂੰ ਜੁੱਤੀਆਂ ਅੱਗੇ ਨਹੀਂ ਲਗਾ ਕੇ ਜਾਂਦਾ। ਪਿਆਰਿਉ! ਇਸ਼ਨਾਨ ਕਰਾਇਆ ਗਿਆ। ਭਾਈ ਸਾਹਿਬ ਜੀ ਦਾ ਆਪ ਇਸ਼ਨਾਨ ਕਰਾਇਆ ਸੁਬੇਗ ਸਿੰਘ ਹੋਣਾ। ਇਸ਼ਨਾਨ ਕਰਾਉਣ ਤੋਂ ਪਹਿਲਾਂ ਉਹਨਾਂ ਬੋਲ ਕੇ ਕਿਹਾ ਕਿ ਪਹਿਲਾਂ ਸਵੇਰ ਤੱਕ ਲੱਕੜਾਂ ਦਾ ਪ੍ਰਬੰਧ ਕਰੋ। ਲੱਕੜਾਂ

ਲਿਆਂਦੀਆਂ ਗਈਆਂ। ਭਾਈ ਸਾਹਿਬ ਦਾ ਇਸ਼ਨਾਨ ਅੰਮ੍ਰਿਤਸਰ ਦੇ ਜਲ ਨਾਲ ਕਰਾਇਆ ਗਿਆ। ਜੰਮਿਆ ਖ਼ੂਨ ਧੋਤਾ ਗਿਆ, ਫਿਰ ਗੁਰਮੁਖੋ! ਜਪੁਜੀ ਸਾਹਿਬ ਦਾ ਪਾਠ ਕੀਤਾ ਗਿਆ। ਕੜਾਹ ਪ੍ਰਸਾਦ ਦੀ ਦੇਗ ਭਾਈ ਸਾਹਿਬ ਜੀ ਨੇ ਬਣਵਾਈ। ਕਹਿੰਦੇ ਹਨ, ਦੇਗ ਬਣਾ ਕੇ ਅਨੰਦ ਸਾਹਿਬ ਪੜ੍ਹਿਆ ਗਿਆ। ਉਧਰ ਸਿੱਖ ਜਦੋਂ ਪੜ੍ਹਦੇ ਪਏ ਸਨ

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥

ਇਧਰ ਭਾਈ ਤਾਰੂ ਸਿੰਘ ਅਨੰਦਪੁਰ ਦੇ ਵਾਸੀ ਕੇਸਗੜ੍ਹ ਦੇ ਮਾਲਿਕ ਗੁਰੂ ਗੋਬਿੰਦ ਸਿੰਘ ਜੀ ਦੇ ਕਿਲ੍ਹੇ ਤੇ ਰੂਹਾਨੀਅਤ ਦੇ ਕਿਲ੍ਹੇ ਤੇ ਅੰਦਰ ਦੇ ਕਿਲ੍ਹੇ ਦੇ ਦਰਵਾਜ਼ੇ ਲੰਘ ਕੇ ਬਾਬਾ ਫ਼ਤਹਿ ਸਿੰਘ ਦੇ ਕੋਲ ਮਾਨੋ ਪਹੁੰਚ ਰਿਹਾ ਸੀ। ਉਹਨਾਂ ਅਨੰਦ ਪੜ੍ਹ ਕੇ ਅਰਦਾਸ ਕੀਤੀ। ਜਦੋਂ ਕਹਿੰਦੇ ਹਨ ਸਾਰਿਆਂ ਨੇ ਮੱਥਾ ਟੇਕਿਆ ਤਾਂ ਭਾਈ ਤਾਰੂ ਸਿੰਘ ਦਾ ਕੇਵਲ ਜਿਸਮ ਰਹਿ ਗਿਆ ਸੀ। ਆਤਮਾ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਚਲਾ ਗਿਆ ਸੀ। ਰਤਨ ਸਿੰਘ ਭੰਗੂ ਉਥੇ ਲਿਖਦੇ ਹਨ ਕਿ ਭਾਈ ਤਾਰੂ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਨੇ ਆਪਣੇ ਸੱਜੇ ਪਾਸੇ ਬਿਠਾਇਆ ਸੀ। ਭਾਈ ਮਨੀ ਸਿੰਘ ਉਹਨਾਂ ਦੇ ਕੋਲ ਬੈਠੇ ਸਨ। ਇਹ ਉਹਨਾਂ ਦੇ ਅੰਦਰ ਦੇ ਖ਼ਿਆਲ ਹਨ। ਤੇ ਖ਼ਿਆਲ ਹੀ ਉਹਨਾਂ ਦੀ ਹਕੀਕਤ ਹੈ।

ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥

(ਅੰਗ ੫੧੭)

ਉਸ ਮਹਾਨ ਸ਼ਹੀਦ ਦਾ ਅੱਜ ਸ਼ਹਾਦਤ ਵਾਲਾ ਦਿਨ ਹੈ।

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥

(ਅੰਗ ੧੩੪)

ਜਿਹਦਾ ਮਨ ਤਨ ਸੱਚੇ ਨਾਮ ਵਿਚ ਰੰਗਿਆ ਗਿਆ। ਪਿਆਰਿਉ! ਉਹਨੂੰ ਖ਼ੂਨ ਦਾ ਰੰਗ ਨਹੀਂ

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥

(ਅੰਗ ੮੦੮)

ਇਹ ਉਸ ਰੰਗ ਵਿਚ ਰੰਗੇ ਗਏ ਹਨ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

(ਅੰਗ ੬੭੯)

ਮਨੁ ਤਨੁ ਰਤਾ ਸਚ ਰੰਗਿ

ਤੇ ਪਤਾ ਹੈ ਰੰਗ ਕਿਵੇਂ ਚੜ੍ਹਿਆ ? ਧੰਨ ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ-

ਇਕੋ ਨਾਮੁ ਅਧਾਰੁ ॥

ਉਹਨਾਂ ਨੇ ਆਪਣੀ ਜ਼ਿੰਦਗੀ ਦਾ ਨਾਮ ਅਧਾਰ ਬਣਾਇਆ। ਮੈਂ ਬੇਨਤੀ ਕਰਾਂ ਇਕੋ ਨਾਮ ਆਧਾਰ ਹੁਣ ਨਾਮ ਨਿਰਜਿੰਦ ਨਹੀਂ।

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥ (ਅੰਗ ੨੬੩)

ਜਿਥੇ ਸਿਮਰਨ ਹੋਵੇ, ਉਥੇ ਰੱਬ ਹੁੰਦਾ ਹੈ। ਅਸੀਂ ਜੇ ਸੋਚੀਏ ਵਾਹਿਗੁਰੂ ਵਾਹਿਗੁਰੂ ਕਹਿੰਦੇ ਹਾਂ। ਕੀ ਇਹ ਆਧਾਰ ਬਣੇਗਾ? ਨਹੀਂ, ਨਾਮ ਰੱਬ ਹੈ। ਪ੍ਰਮਾਤਮਾ ਕਹਿੰਦਾ ਹੈ ਮੈਂ ਨਾਮ ਵਿਚ ਵੱਸਦਾ ਹਾਂ। ਤੇ ਜਿਨ੍ਹਾਂ ਨਾਮ ਅਧਾਰ ਬਣਾਇਆ, ਉਹਨਾਂ ਨੂੰ ਗੁਰੂ ਅਮਰਦਾਸ ਜੀ ਕਹਿੰਦੇ ਹਨ-

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥

ਤੇ ਗੁਰੂ ਅਮਰਦਾਸ ਜੀ ਕਹਿੰਦੇ ਹਨ-

ਸਾਚਾ ਨਾਮੁ ਮੇਰਾ ਆਧਾਰੋ ॥

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥

ਇਕੋ ਨਾਮੁ ਅਧਾਰੁ-

ਕਰਿ ਸਾਂਤਿ ਸੁਖ ਮਨਿ ਆਇ ਵਸਿਆ

ਜਿਨ੍ਹਾਂ ਨੇ ਇਕੋ ਨਾਮ ਅਧਾਰ ਬਣਾਇਆ।

ਕਰਿ ਸਾਂਤਿ ਸੁਖ ਮਨਿ ਆਇ ਵਸਿਆ
ਜਿਨਿ ਇਛਾ ਸਭਿ ਪੁਜਾਈਆ ॥

(ਅੰਗ ੯੧੭)

ਇਛਾ ਪੁਜਾਈਆਂ ਦਾ ਅਰਥ ਕੀ ਹੈ? ਕੀ ਇੱਛਾ ਬਣੀ ਸੀ? ਇਛਾ ਪੁਜਾਈਆਂ ਦਾ ਅਰਥ ਹੈ ਅੰਦਰ ਫੁਰਨੇ ਹੀ ਸਭ ਖ਼ਤਮ ਕਰ ਦਿੱਤੇ। ਨਾਮ ਅਧਾਰ ਕਿਥੋਂ ਮਿਲਿਆ ? ਕਹਿਣ ਲੱਗੇ-

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ

ਧੰਨ ਗੁਰੂ ਨਾਨਕ ਸਾਹਿਬ ਤੋਂ, ਧੰਨ ਗੁਰੂ ਗ੍ਰੰਥ ਸਾਹਿਬ ਜੀ ਤੋਂ-

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥

ਕੀ ਵਡਿਆਈਆਂ ?

ਸਾਚਾ ਨਾਮੁ ਮੇਰਾ ਆਧਾਰੋ ॥

ਜਿਸ ਦੀਆ ਏਹਿ ਵਡਿਆਈਆ ॥

(ਅੰਗ ੯੧੭)

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਆਧਾਰੁ ॥

ਜਿਹੜਾ ਨਾਮ ਜਪਣ ਵਾਲਾ ਹੈ, ਉਹਦੇ ਸਾਹਮਣੇ ਦੁਨੀਆਂ ਦੇ ਰੰਗ ਆਉਂਦੇ ਹਨ। ਆਉਂਦੇ ਹਨ ਕਾਮਨੀ ਬਣਕੇ, ਮਾਇਆ ਬਣਕੇ, ਕਰਾਮਾਤਾਂ ਬਣਕੇ, ਫਿਰ ਉਹ ਕਹਿੰਦਾ ਹੈ *ਬਿਖਿਆ ਰੰਗ ਕੂੜਾਵਿਆ।* ਬਿਖਿਆ ਦਾ ਅਰਥ ਹੈ ਜ਼ਹਿਰ। ਐਹ ਸੰਸਾਰ ਦਾ ਚੋਥਾ ਰੰਗ ਝੂਠਾ ਹੈ, ਕੂੜਾ ਹੈ। ਇਹ ਰੰਗ ਪਤਾ ਹੈ ਕਿਹੋ ਜਿਹਾ ਹੈ। ਗੁਰੂ ਸਾਹਿਬ ਨੇ ਬਾਣੀ ਵਿਚ ਕਿਹਾ ਹੈ-

ਹਥੁ ਨਾ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥ (ਅੰਗ ੭੯੪)

ਸ਼ੋਖ਼ ਰੰਗ ਹੈ।

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥

(ਅੰਗ ੧੩੪)

ਅੱਜ ਸਾਉਣ ਦੇ ਮਹੀਨੇ ਵਿਚ ਸਵੇਰੇ ਉਠਿਆ ਜਗਿਆਸੂ ਕਹਿੰਦਾ ਮੀਂਹ ਪਿਆ। ਤ੍ਰਿਪ ਕਰਕੇ ਬੂੰਦ ਡਿੱਗੀ ਤੇ ਅਰਦਾਸ ਕਰਕੇ ਕਹਿੰਦਾ ਹੈ—

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥

ਸਾਉਣ ਦੇ ਮਹੀਨੇ ਵਿਚ ਬਰਸਾਤ ਕਰਨ ਵਾਲਿਆ! ਕਰ ਕਿਰਪਾ ਇਕ ਬੂੰਦ ਸੁੱਟ ਇਸ ਮੂੰਹ ਵਿਚ ਕਿਧਰੇ ਅੰਮ੍ਰਿਤ ਦੀ।

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰ ॥

ਗੁਰੂ ਸਾਧੂ ਨੂੰ ਮਿਲ ਕੇ ਨਾਮ ਦੀ ਬੂੰਦ ਪੀਤੀ। ਨਾਮ ਦਾ ਅੰਮ੍ਰਿਤ ਚੱਖਿਆ। ਤੇ ਜਿਨ੍ਹਾਂ ਨੂੰ ਇਕ ਬੂੰਦ ਹੀ ਮਿਲ ਜਾਏ। ਪਿਆਲੇ ਨਾ ਮੰਗੀਏ। ਭਾਈ ਗੁਰਦਾਸ ਤੇ ਇਥੋਂ ਤੱਕ ਕਹਿੰਦੇ ਹਨ ਕਿ ਅਸੀਂ ਪਿਆਲਿਆਂ ਦੇ ਯੋਗ ਨਹੀਂ। ਪਿਆਲੇ ਉਹਨਾਂ ਨੂੰ ਮਿਲਦੇ ਹਨ ਜਿਹੜੇ ਤੇਰੇ ਕੋਲ ਬੈਠੇ ਹੋਣ। ਭਾਈ ਸਾਹਿਬ ਕਹਿੰਦੇ ਹਨ, ਗੁਰੂ ਨਾਨਕ ਜੀ! ਅਸੀਂ ਪਿਆਲੇ ਪੀਣ ਵਾਲਿਆਂ ਦੇ ਯੋਗ ਨਹੀਂ। ਜਿਥੇ ਤੇਰਾ ਪਿਆਲਾ ਪਇਆ ਹੋਵੇਗਾ, ਇਕ ਬੂੰਦ ਉਹਦੇ ਵਿਚ ਪਾ ਦੇਈਂ, ਸਾਡਾ ਉਹਦੇ ਨਾਲ ਹੀ ਸੋਰ ਜਾਣਾ ਹੈ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਆਪ ਸਾਧ ਸੰਗਤ ਜੀਉ ਕਿਰਪਾ ਕਰਕੇ ਬਖ਼ਸ਼ ਦੇਣਾ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

★★★

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ

ਸਤਿਗੁਰੂ ਗੁਰੂ ਰਾਮਦਾਸ ਜੀ ਮਹਾਰਾਜ ਦੇ ਕਲ ਦੇ ਹੀ ਇਸ ਪਦੇ ਦੀ ਵਿਚਾਰ ਨੂੰ ਅੱਗੇ ਤੋਰਿਆ ਹੈ।

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥

(ਅੰਗ ੧੧)

ਇਕ ਹੀ ਅਕਾਲ ਪੁਰਖ ਵਾਹਿਗੁਰੂ ਹੀ ਸਾਰਿਆਂ ਘਟਾਂ ਵਿਚ ਪੂਰਵਕ ਹੈ। ਸਾਰਿਆਂ ਥਾਵਾਂ 'ਤੇ ਉਹ ਆਪ ਸਮਾਏ ਹਨ। ਸਾਹਿਬ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਕੱਲ ਵੀ ਆਪਾਂ ਅਨੇਕਾਂ ਪ੍ਰਮਾਣ ਲਏ ਸਨ। ਜਿਨ੍ਹਾਂ ਪ੍ਰਮਾਣਾਂ ਦੇ ਅਧਾਰ 'ਤੇ ਯਤਨ ਕੀਤਾ ਸੀ, ਕਿ ਸਾਨੂੰ ਇਹ ਸਮਝ ਪੈ ਜਾਵੇ ਕਿ ਉਹ ਸਾਰੀਆਂ ਥਾਵਾਂ 'ਤੇ ਰੱਚਿਆ ਹੋਇਆ ਹੈ। ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਹ ਕਿਸ ਨੂੰ ਸਮਝ ਪੈ ਗਈ ਬਈ ਸਾਰਿਆਂ ਘਟਾਂ ਵਿਚ ਆਪ ਤੂੰ ਵਿਦਮਾਨ ਹੈਂ, ਆਪ ਤੂੰ ਰੱਚਿਆ ਹੋਇਆ ਹੈਂ, ਆਪ ਤੂੰ ਸਮਾਇਆ ਹੋਇਆ ਹੈਂ। ਹਜ਼ੂਰ ਦੇ ਪਿਆਰੇ ਸਿੱਖ ਭਾਈ ਨੰਦ ਲਾਲ ਜੀ ਨੇ ਇਥੇ ਆਪਣੀ ਰਚਨਾ ਵਿਚ ਬਹੁਤ ਸੋਹਣੀ ਉਦਾਹਰਣ ਦਿੱਤੀ ਹੈ।

ਹੁਣ ਇਥੇ ਦੋ ਸ਼ਬਦ ਹਨ - ਇਕ ਤਾਂ ਆਪਣੇ ਅੰਦਰ ਦੇਖਣਾ, ਤੇ ਦੂਸਰਾ ਸਾਰੀ ਮਾਨਵਤਾ ਕੀ ਹੈ, ਸਾਰੇ ਸੰਸਾਰ ਵਿਚ ਉਸ ਪ੍ਰਮਾਤਮਾ ਨੂੰ ਪਰੀਪੂਰਕ ਦੇਖ ਲੈ। ਭਾਈ ਸਾਹਿਬ ਜੀ ਬਚਨ ਕਰਦੇ ਹਨ, ਕਹਿੰਦੇ ਹਨ ਇਸ ਗੱਲ ਦੀ ਸਮਝ ਉਸ ਇਨਸਾਨ ਨੂੰ ਪਈ, ਜਿਸ ਦਾ ਆਪਣਾ ਦਿਲ ਸਵੱਛ ਹੈ, ਜਿਸ ਦਾ ਆਪਣਾ ਅੰਦਰ ਨਿਰਮਲ ਹੈ, ਉਸ ਨੂੰ ਇਹ ਸਮਝ ਪੈ ਗਈ ਕਿ ਪ੍ਰਮਾਤਮਾ ਸਾਰੀਆਂ ਘਟਾਂ ਵਿਚ ਸਮਾਇਆ ਹੈ। ਤੇ ਫਿਰ ਇਕੱਲਾ ਉਸਨੇ ਆਪਣੇ ਅੰਦਰ ਨਹੀਂ ਦੇਖਿਆ। ਜਦੋਂ ਉਹਨੇ ਨੇਤਰ ਭਰ ਕੇ ਸਾਰੇ ਸੰਸਾਰ ਨੂੰ ਦੇਖਿਆ ਤਾਂ ਕੋਈ ਅਸਥਾਨ, ਕੋਈ ਹਿਰਦਾ, ਕੋਈ ਜਗ੍ਹਾ ਐਸੀ ਨਾ ਮਿਲੀ ਜਿਥੇ ਵਾਹਿਗੁਰੂ ਜੀ ਦਾ ਆਪਣਾ ਨਿਵਾਸ ਨਾ ਹੋਵੇ। ਪਿਆਰਿਓ! ਮੈਂ ਕੱਲ ਵੀ ਅਰਜ਼ ਕੀਤੀ ਸੀ ਕਿ ਸਰਬ ਵਿਆਪਕਤਾ 'ਤੇ ਪ੍ਰਮਾਣ ਆਪਾਂ ਜ਼ਰੂਰ ਦੇਵਾਂਗੇ, ਪਰ ਇਸ ਅਵੱਸਥਾ ਨੂੰ ਗੁਰੂ ਸਾਹਿਬ ਤੇ ਰੱਬ ਦੇ ਪਿਆਰੇ ਬੰਦਗੀ ਕਰਨ ਵਾਲੇ ਜਾਣਦੇ ਹਨ। ਹਜ਼ੂਰ ਨੇ ਬਖ਼ਸ਼ਿਸ਼ ਭਰਿਆ ਬਚਨ ਕੀਤਾ। ਭਾਈ ਨੰਦ ਲਾਲ ਜੀ ਦੀ ਰਚਨਾ ਹੈ। ਕਹਿਣ ਲੱਗੇ।

ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰਸ਼ ਯਾਰ ਹਸ੍॥

ਜੇ ਤੇਰਾ ਅਸਲ ਵਿਚ ਦਿਲ ਸੋਝੀ ਵਾਲਾ ਹੈ। ਤੈਨੂੰ ਅੰਦਰ ਦੀ ਸਮਝ ਹੈ ਤਾਂ ਯਾਰ, ਉਹ ਮਿੱਤਰ, ਉਹ ਸੱਜਣ, ਉਹ ਪਿਆਰਾ ਤੇਰੇ ਤੋਂ ਦੂਰ ਨਹੀਂ

ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰਸ਼ ਯਾਰ ਹਸ੍॥

ਉਹ ਪਿਆਰਾ ਸੱਜਣ ਤੇਰੀ ਬੁੱਕਲ ਵਿਚ ਹੈ।

ਚਸ਼ਮ ਗਰ ਦੀਨਾ ਬਵਦ ਹਰ ਤਰਫ ਦੀਦਾਰ ਹਸ੍।

ਜੇ ਦਿਲ ਸਿਆਣਾ ਹੈ। ਇਥੇ ਸਿਆਣਪ ਦਾ ਅਰਥ ਅਕਲ ਨਹੀਂ, ਦੁਨੀਆਵੀ ਹੈ। ਜੇ ਤੇਰੇ ਦਿਲ ਦੀ ਸਫਾਈ ਹੈ। ਤੇ ਉਹ ਸੱਜਣ ਤੇਰੇ ਦਿਲ ਵਿਚ ਹੈ। ਤੂੰ ਦਿਲ ਵਿਚ ਝਾਤੀ ਮਾਰਕੇ ਵੇਖ। ਜੇ ਤੇਰੀ ਅੱਖ ਦੂਈ ਦਵੈਸ਼ ਦੇ ਪਰਦੇ ਨੂੰ ਹਟਾ ਚੁੱਕੀ ਹੈ ਤੇ ਝਾਤੀ ਮਾਰ ਕੇ ਵੇਖੀਂ ਉਸ ਪਿਆਰੇ ਤੋਂ ਬਿਨਾਂ ਹੋਰ ਦੂਜਾ ਕੋਈ ਹੈ ਹੀ ਨਹੀਂ।

ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰਸ਼ ਯਾਰ ਹਸ੍।
ਚਸ਼ਮ ਗਰ ਦੀਨਾ ਬਵਦ ਹਰ ਤਰਫ ਦੀਦਾਰ ਹਸ੍।

ਹਰ ਥਾਵਾਂ ਦੇ ਉੱਤੇ ਉਹ ਆਪ ਹੈ। ਇਸੀ ਕਾਰਣ ਮਹਾਂ ਪੁਰਸ਼ਾਂ ਨੇ, ਜਾਂ ਅੰਦਰੋਂ ਜਾਗਿਆਂ ਹੋਇਆਂ ਨੇ ਜਿਹੜੇ ਲੋਕ ਇਕ ਥਾਂ ਤੇ ਪ੍ਰਮਾਤਮਾ ਨੂੰ ਮੁੱਕਰਰ ਕਰਕੇ ਸਮਝੀ ਬੈਠੇ ਹਨ ਕਿ ਰੱਬ ਇਸ ਇਮਾਰਤ ਵਿਚ ਕੈਦ ਹੈ। ਪ੍ਰਮਾਤਮਾ ਇਸ ਧਰਤੀ ਦੇ ਇਸ ਖ਼ਿਤੇ ਤੱਕ ਸੀਮਿਤ ਹੈ। ਉਹਨਾਂ ਨੇ ਇਸ ਭਰਮ ਨੂੰ ਤੋੜਨ ਦਾ ਯਤਨ ਕੀਤਾ ਹੈ। ਹਾਂ, ਇਹ ਗੱਲ ਜ਼ਰੂਰ ਹੈ ਕਿ ਜ਼ਮੀਨ ਦਾ ਉਹ ਖ਼ਿਤਾ, ਧਰਤੀ ਦਾ ਹਿੱਸਾ ਜਿਸ ਹਿੱਸੇ ਵਿਚ ਬੈਠ ਦੇ ਕਰਤਾਰ ਦੀ, ਨਿਰੰਕਾਰ ਦੀ, ਪ੍ਰਮਾਤਮਾ ਦੀ ਸਿਫਤ ਸਲਾਹ ਦਿਨ ਰਾਤ ਕੀਤੀ ਜਾਏ ਤਾਂ ਉਥੇ ਕੁਦਰਤੀ ਤੌਰ 'ਤੇ ਵਾਤਾਵਰਣ ਬੰਦਗੀ ਵਾਲਾ, ਟਿਕਾਅ ਵਾਲਾ, ਰੂਹਾਨੀਅਤ ਵਾਲਾ, ਅੰਦਰ ਨੂੰ ਚਲਾਉਣ ਵਾਲਾ ਬਣ ਜਾਂਦਾ ਹੈ। ਪਰ ਜੇ ਕੋਈ ਇਹ ਕਹੇ ਬਈ ਸਿਰਫ ਏਨੇ ਕੁ ਦਾਇਰੇ ਤੱਕ ਰੱਬ ਰਹਿੰਦਾ ਹੈ ਤੇ ਬਾਕੀ ਨਹੀਂ ਤਾਂ ਇਹ ਅੰਦਰ ਦਾ ਭੁਲੇਖਾ ਹੈ।

ਗੁਰਮਤਿ ਨੇ ਕਿਹਾ ਕਿ ਕੋਈ ਥਾਂ ਐਸੀ ਨਹੀਂ ਜਿਥੇ ਪ੍ਰਮਾਤਮਾ ਦੀ ਆਪਣੀ ਜੋਤ, ਆਪਣੀ ਰਹਿਮਤ ਨਹੀਂ। ਇਸ ਕਾਰਣ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨਾਂ ਵਿਚੋਂ, ਰੱਬੀ ਪਿਆਰਿਆਂ ਨੇ ਅੰਦਰ ਨੂੰ ਘੋਖਿਆ। ਇਧਰ ਅੰਦਰ ਨੂੰ ਫ੍ਰੋਲਣ ਤੋਂ ਬਾਅਦ ਉਹਨਾਂ ਨੇ ਬਾਹਰ ਦੀ ਗੱਲ ਵੀ ਕੀਤੀ। ਹੁਣ ਕੁਝ ਲੋਕ ਐਸੇ ਹਨ, ਜਿਹੜੇ ਅੰਦਰ ਨੂੰ ਖੋਜਦੇ ਨਹੀਂ ਤੇ ਬਾਹਰ ਨੂੰ ਢੂੰਡਣ ਤੁਰ ਪੈਂਦੇ ਹਨ। ਆਪਣਾ ਅੰਦਰ ਖੋਜਿਆ ਨਹੀਂ, ਬਾਹਰ ਨੂੰ ਢੂੰਡਣ ਵਾਲਿਆਂ ਨੂੰ ਇਕੱਲੀ ਭਟਕਣਾ ਮਿਲੀ। ਜਿੰਨ੍ਹਾਂ ਨੇ ਆਪਣੇ ਅੰਤਰ ਆਤਮੇ ਦੇ ਤੱਲ ਵਿਚ ਹੀ ਖੋਜਿਆ ਤੇ ਜਦੋਂ ਉਹ ਬਾਹਰ ਨੂੰ ਢੂੰਡਣ ਤੁਰੇ ਤਾਂ ਅੰਦਰ ਦੇ ਖੋਜੀਆਂ ਨੇ ਜਿੰਨਾ ਅੰਦਰ ਪਾਇਆ, ਉੱਨਾ ਬਾਹਰ ਵੀ ਮਾਣਿਆ।

ਫਿਰ ਬੇਨਤੀ ਸਮਝਣੀ। ਅੰਦਰ ਨੂੰ ਖੋਜਿਆ ਨਹੀਂ, ਬਾਹਰ ਨੂੰ ਲੱਭਣ ਤੁਰ ਪਏ। ਜਿੰਨ੍ਹਾਂ ਨੇ ਆਪਣੇ ਹਿਰਦੇ ਵਿਚ ਪਿਆਰੇ ਨੂੰ ਦੇਖਿਆ। ਜਦੋਂ ਉਹਨਾਂ ਦੇ ਨੇਤਰ ਖੁੱਲ੍ਹੇ ਤਾਂ ਉਹਨਾਂ ਬਾਹਰ ਵੀ ਤੱਕਿਆ। ਸਤਿਗੁਰੂ ਦੇ ਅਸੀਂ ਅੰਮ੍ਰਿਤ ਬਚਨ ਪੜ੍ਹਦੇ ਹਾਂ। ਕਬੀਰ ਸਾਹਿਬ ਜੀ ਦਾ ਬਚਨ ਹੈ ਕਿ

ਨੀਚੇ ਲੋਇਨ ਕਰਿ ਰਹਉ

(ਅੰਗ ੧੩੭੭)

ਪਹਿਲਾਂ ਆਪਣੇ ਘਟ ਵਿਚ ਦੇਖਿਆ।

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ॥

(ਅੰਗ ੧੧)

ਨੀਚੇ ਲੋਇਨ ਕਰਿ ਰਹਉ

ਆਪਣੀਆਂ ਅੱਖਾਂ ਨੂੰ ਨੀਵੀਆਂ ਕਰ ਲਿਆ। ਨੇਤਰ ਬੰਦ ਕਰ ਲਏ। ਕਿਸ ਲਈ ਕੀਤੇ, ਕੱਪਟ ਲਈ ਨਹੀਂ, ਛੱਲ ਲਈ ਨਹੀ,

ਲੇ ਸਾਜਨ ਘਟ ਮਾਹਿ॥

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ

ਆਪਣੇ ਸੱਜਣ ਨੂੰ, ਆਪਣੇ ਪਿਆਰੇ ਨੂੰ ਹਿਰਦੇ ਵਿਚੋਂ ਦੇਖ ਕੇ ਨੇਤਰ ਬੰਦ ਕਰ ਲਏ।

ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਹੁ ਨਾਹਿ॥

(ਅੰਗ ੧੩੭੭)

ਕਹਿੰਦੇ ਹਨ ਆਪਣੀ ਹਿਰਦੇ ਦੀ ਸੇਜ 'ਤੇ, ਆਪਣੇ ਘਟ ਵਿਚ, ਆਪਣੇ ਪਿਆਰੇ ਦੇ ਨਾਲ ਆਤਮਿਕ ਭੋਗ, ਆਤਮਿਕ ਤੌਰ 'ਤੇ ਮਿਲਾਪ ਜਿਹੜਾ ਅਨੰਦ ਮਾਣਿਆ ਹੈ। ਕਿਸੇ ਨੂੰ ਅੰਦਰ ਦਾ ਸੁੱਖ ਦੱਸਦਾ ਨਹੀਂ ਪਿਆ। ਅਗਲਾ ਬਚਨ ਕੀਤਾ। ਕਹਿੰਦੇ ਹਨ ਕਿ ਜਿਸ ਨੇ ਅੰਦਰੋਂ ਦੇਖ ਲਿਆ, ਉਹ ਨੇਤਰ ਖੋਲ੍ਹਦਾ ਤੇ ਕਹਿੰਦਾ ਹੈ ਕਿ ਬਾਹਰ ਵੀ ਸੁੱਖ ਹੈ। ਫਿਰ ਬੇਨਤੀ ਕਰਾਂ ਕਿ ਗਰਮੀ ਦੇ ਦਿਨ ਹਨ, ਲੂ ਚੱਲ ਰਹੀ ਹੈ ਤੇ ਸੂਰਜ ਜਿਹੜਾ ਉਹ ਵੀ ਆਪਣੀ ਗਰਮੀ ਦੇ ਅੰਗਿਆਰ ਧਰਤੀ ਦੀ ਸਤਾ ਉੱਤੇ ਸੁੱਟਦਾ ਪਿਆ ਹੈ। ਪਰ ਜਦੋਂ ਕੋਈ ਬੰਦਾ ਲੂ ਵਿਚ ਕੁਝ ਸਮਾਂ ਖਲੋਤਾ ਰਹੇ ਤਾਂ ਉਹਨੂੰ ਉਹ ਲੂ ਸਾੜਦੀ ਹੋਈ, ਚਮੜੀ ਨੂੰ ਫੂਕਦੀ ਹੋਈ ਪ੍ਰਤੀਤ ਹੋਏਗੀ। ਤੇ ਉਹੀ ਇਨਸਾਨ ਕਿਤੇ ਠੰਡੇ ਪਾਣੀ ਦੇ ਦਰਿਆ ਵਿਚ ਚੁੱਭੀ ਮਾਰ ਕੇ ਬਾਹਰ ਨਿਕਲੇ ਅਤੇ ਚੁੱਭੀ ਮਾਰਨ ਤੋਂ ਬਾਅਦ ਜਦੋਂ ਉਹ ਬਾਹਰ ਨਿਕਲਦਾ ਹੈ ਤਾਂ ਉਹੀ ਲੂ ਗਰਮ ਨਹੀਂ ਭਾਸਦੀ ਪਈ। ਠੰਡੇ ਪਾਣੀ ਵਿਚੋਂ ਨਹਾਉਣ ਤੋਂ ਬਾਅਦ ਜਦੋਂ ਬਾਹਰ ਆਇਆ ਤਾਂ ਉਹ ਗਰਮ ਲੂ ਵੀ ਠੰਡੀ ਪ੍ਰਤੀਤ ਹੋਣ ਲੱਗ ਪਈ। ਉਹ ਹਵਾ ਵੀ ਠੰਡੀ ਪ੍ਰਤੀਤ ਹੋਣ ਲੱਗ ਪਈ। ਕਿਉਂਕਿ ਪਹਿਲਾਂ ਇਕੱਲਾ ਬਾਹਰ ਟਿਕਿਆ ਸੀ। ਬਾਹਰ ਟਿਕਿਆ ਹੋਇਆਂ

ਨੂੰ ਲੂ ਸਾੜਦੀ ਹੋਈ ਪ੍ਰਤੀਤ ਹੁੰਦੀ ਹੈ। ਜਦੋਂ ਕੋਈ ਬਾਹਰ ਇੰਦਰਿਆਂ ਨਾਲ ਕੋਈ ਦੌੜ ਭੱਜ ਵਿਚ ਰਹਿੰਦਾ ਹੈ ਤਾਂ ਸੱਚ ਜਾਣੋ, ਸੰਸਾਰ ਲੂ ਦੀ ਤਰ੍ਹਾਂ ਸੜਦਾ ਹੋਇਆ ਦਿੱਸਦਾ ਹੈ। ਗਰਮ ਲੂ ਚੱਲਦੀ ਹੈ, ਪਰ ਜਦੋਂ ਕੋਈ ਆਪਣੇ ਅੰਤਰ ਆਤਮੇ, ਅੰਤਰ ਤੀਰਥੀ ਇਸ਼ਨਾਨ ਕਰਕੇ ਚੁੱਭੀ ਮਾਰਕੇ ਬਾਹਰ ਨਿਕਲਦਾ ਹੈ ਤਾਂ ਅੰਦਰ ਦੀ ਠੰਡ ਮਾਣਨ ਵਾਲੇ ਨੂੰ ਬਾਹਰ ਵੀ ਠੰਡ ਪ੍ਰਤੀਤ ਹੁੰਦੀ ਹੈ। ਅੱਜ ਪਹਿਲਾਂ ਕਿਹਾ-

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥

ਪਹਿਲਾਂ ਘਟ ਘਟ ਕਿਹਾ, ਸਤਿਗੁਰੂ ਪਹਿਲਾਂ ਬਚਨ ਕਰਦੇ ਹਨ ਜਿੰਨ੍ਹਾਂ ਪਹਿਲਾਂ ਘਟ ਵਿਚੋਂ ਦੇਖਿਆ। ਆਪਣੇ ਅੰਦਰੋਂ ਦੇਖਿਆ,

ਨੀਚੇ ਲੋਇਨ ਕਰ ਰਹਉ ਲੇ ਸਾਜਣ ਘਟ ਮਾਹੇ॥

ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥

ਫਿਰ ਕਹਿਣ ਲੱਗੇ

ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥

ਹੁਣ ਅਠੇ ਪਹਿਰ ਚੌਂਹਠ ਘੜੀਆਂ ਹੇ ਪਿਆਰੇ ਵਾਹਿਗੁਰੂ ਜਦੋਂ ਨੇਤਰ ਖੋਲ੍ਹਦੇ ਹਾਂ ਤੇ ਕੋਈ ਥਾਂ ਐਸਾ ਨਹੀਂ ਜਿਥੇ ਤੂੰ ਨਜ਼ਰ ਨਹੀਂ ਆਉਂਦਾ ਪਿਆ।

ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥

ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ॥

(ਅੰਗ ੧੩੭੭)

ਹੁਣ ਕਿਉਂ ਅੱਖਾਂ ਬੰਦ ਕਰਾਂ। ਕੋਈ ਐਸੀ ਥਾਂ ਨਹੀਂ ਜਿਥੇ ਮੇਰਾ ਪਿਆਰਾ ਮੈਨੂੰ ਦਿੱਸਦਾ ਨਾ ਹੋਵੇ। ਅੱਗੇ ਸਿਰਫ਼ ਆਪਣੀ ਹੀ ਗੱਲ ਕੀਤੀ। ਘਟ ਹੀ ਵਿਚ ਆਪਣੇ ਪਤੀ ਨੂੰ ਆਪਣੇ ਪਿਆਰੇ ਦਾ ਰੱਸ ਮਾਣਿਆ। ਹੁਣ ਉਹ ਹੀ ਕ੍ਰਿਪਾਲਤਾ ਕਰਦੇ ਪਏ ਹਨ ਕਿ

ਸਭ ਘਟ ਦੇਖਉ ਪੀਉ॥

ਕਿਉਂਕਿ *ਸੋ ਅੰਤਰਿ ਸੋ ਬਾਹਰਿ ਅਨੰਤ।* ਫਿਰ ਬੇਨਤੀ ਮੈਂ ਕਰਾਂ ਇਕ ਉਦਾਹਰਣ ਆਪਾਂ ਹੋਰ ਲੈ ਲਈਏ। ਕਿਸੇ ਬੰਦੇ ਨੂੰ ਕੋਈ ਤਨ ਦੀ ਪੀੜਾ, ਕੋਈ ਤਨ ਦਾ ਰੋਗ ਹੋਵੇ। ਉਸ ਤਨ ਦਾ ਰੋਗ ਜਿਹੜਾ ਉਹਨੂੰ ਲੱਗਾ ਹੈ, ਉਹ ਕਿਸੇ ਹੋਰ ਨੂੰ ਲੱਗ ਜਾਏ ਤਾਂ ਪਿਆਰਿਓ ! ਆਮ ਬੰਦਾ ਉਸ ਬੰਦੇ ਦਾ ਹਾਲ ਚਾਲ ਪੁੱਛਣ ਵਾਸਤੇ ਆਵੇ। ਉਹ ਉਪਰਲੇ ਸ਼ਬਦਾਂ ਨਾਲ, ਬਾਹਰ ਦੇ ਸ਼ਬਦਾਂ ਨਾਲ ਪੁੱਛੇਗਾ। ਅੱਗੋਂ ਆਪਣੇ ਵੱਲੋਂ ਹਮਦਰਦੀ ਦੇ ਚਾਰ ਸ਼ਬਦ ਕਹੇਗਾ, ਪਰ ਜਿਸ ਬੰਦੇ ਨੇ ਉਸ ਬੀਮਾਰੀ ਨੂੰ ਹੰਢਾਇਆ ਹੋਵੇ, ਕਦੇ ਉਹ ਨੇੜੇ ਜਾ ਕੇ ਬੈਠੇ। ਤੇ ਫਿਰ ਉਹ ਦੱਸੇਗਾ ਕਿ ਭਰਾਵਾ, ਜੋ ਕੁਛ ਤੇਰੇ ਨਾਲ ਵਾਪਰਿਆ ਹੈ ਇਹਨੂੰ ਮੈਂ

ਆਪਣੇ ਤਨ 'ਤੇ ਹੰਢਾ ਕੇ ਦੇਖਿਆ ਹੈ। ਕਿਉਂਕਿ ਆਪਣੇ ਨਾਲ ਵਾਪਰਿਆ ਹੋਇਆ ਤਜਰਬਾ ਹੈ। ਇਸੇ ਤਰ੍ਹਾਂ ਗੁਰਮੁਖੋ! ਰੱਬ ਬਾਰੇ ਕਹਿ ਦੇਣਾ ਕਿ ਤੂੰ ਘਟ ਘਟ ਵਿਚ ਰੰਮਿਆ ਸੀ। ਕਥਾ ਕਰ ਦੇਣੀ ਹੈ। ਗੁਰੂ ਜੀ ਕਹਿੰਦੇ ਹਨ-

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥
ਸਰਬ ਲੋਕ ਪੂਰਨ ਪ੍ਰਤਿਪਾਲ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ॥

(ਅੰਗ ੨੯੪)

ਕਿਹੜੀ ਥਾਂ ਜਿਥੇ ਉਹ ਨਹੀਂ। ਤੇ ਧੰਨ ਗੁਰੂ ਰਾਮਦਾਸ ਕ੍ਰਿਪਾ ਪਏ ਕਰਦੇ ਹਨ-

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥

ਇਹ ਨਹੀਂ ਕਿ ਕਿਸੇ ਹਿਰਦੇ ਵਿਚ ਹੋਰ ਪੁਰਖ ਹੋਵੇ। ਫਿਰ ਦੇਖੋ ਸ਼ਕਲਾਂ ਵੱਖ ਹੋ ਸਕਦੀਆਂ ਹਨ, ਰੰਗ ਵੱਖ ਹੋ ਸਕਦੇ ਹਨ। ਬੰਦੇ ਦੇ ਸੁਭਾਉ ਵੱਖ ਹੋ ਸਕਦੇ ਹਨ, ਪਰ ਜਿਹੜੀ ਅੰਦਰ ਵਾਲੀ ਜੋਤ ਹੈ ਇਹ ਕਦੇ ਵੱਖ ਨਹੀਂ ਹੋ ਸਕਦੀ। ਇਹ ਗੱਲ ਅਸ਼ਟਾ ਵੱਕਰ ਨੇ ਕਹੀ ਸੀ। ਜਿਸ ਦਿਨ ਸਾਰੇ ਲੋਕ ਉਹਨੂੰ ਦੇਖ ਕੇ ਹੱਸੇ ਸਨ। ਸਿਰਫ਼ ਉਹਨੇ ਇਕੋ ਗੱਲ ਕਹੀ ਸੀ। ਮੇਰੇ ਤਨ ਨੂੰ ਇਕ ਭਾਂਡਾ ਸਮਝੋ। ਮੇਰਾ ਸਰੀਰ, ਮੇਰਾ ਜਿਸਮ ਇਕ ਭਾਂਡਾ ਹੈ। ਜੇ ਭਾਂਡਾ ਕਿਸੇ ਥਾਂ ਤੋਂ ਟੇਡਾ ਹੋ ਜਾਏ। ਜੇ ਭਾਂਡਾ ਕਿਸੇ ਥਾਂ ਤੋਂ ਵੱਖ ਵੱਖ ਰੂਪਾਂ ਵਿਚ ਬਣ ਜਾਏ, ਟੇਢਾ ਮੇਢਾ ਬਣ ਜਾਏ। ਤੇ ਜਿਹੜੇ ਭਾਂਡੇ ਵਿਚ ਅਕਾਸ਼ ਹੈ। ਜਿਹੜੇ ਭਾਂਡੇ ਵਿਚ ਆਸਮਾਨ ਹੈ। ਅਕਾਸ਼ ਕਦੇ ਵੀ ਟੇਢਾ ਨਹੀਂ ਹੋ ਸਕਦਾ। ਭਾਂਡਾ ਟੇਢਾ ਮੇਢਾ ਹੋ ਸਕਦਾ ਹੈ, ਪਰ ਜਦੋਂ ਭਾਂਡਾ ਟੁੱਟੇਗਾ, ਅਕਾਸ਼ ਉਹ ਹੀ ਰਹਿਣਾ ਹੈ। ਪਰ ਕਹਿਣ ਲੱਗੇ ਗੁਰਮੁਖੋ ! ਸਰੀਰਕ ਭਾਂਡੇ ਟੇਢੇ ਮੇਢੇ ਹੋ ਸਕਦੇ ਹਨ। ਸਰੀਰਕ ਭਾਂਡਿਆਂ ਦੇ ਰੰਗ ਕਾਲੇ ਪੀਲੇ, ਨੀਲੇ ਹੋ ਸਕਦੇ ਹਨ, ਪਰ ਯਾਦ ਰੱਖਿਉ, ਜਿਹੜਾ ਭਾਂਡੇ ਦੇ ਅੰਦਰ ਬੈਠਾ ਹੈ, ਉਹ ਕਦੇ ਟੇਢਾ ਨਹੀਂ। ਉਹ ਕਦੀ ਪੀਲਾ ਨਹੀਂ। ਉਹ ਕਦੇ ਕਾਲਾ ਨਹੀਂ। ਭਾਂਡੇ ਟੁੱਟਣ ਤੋਂ ਬਾਅਦ ਅਕਾਸ਼ ਇਕ ਹੀ ਰਹਿੰਦਾ ਹੈ। ਹਜ਼ੂਰ ਮਿਹਰ ਪਏ ਕਰਦੇ ਹਨ। ਉਹ ਅੰਦਰ ਵੀ ਹੈ, ਉਹ ਬਾਹਰ ਵੀ ਹੈ। ਸਾਰੇ ਘਟਾਂ ਵਿਚ ਉਹ ਪੂਰਵਕ ਹੈ।

ਸਾਹਿਬ ਕ੍ਰਿਪਾਲੂ ਧੰਨ ਗੁਰੂ ਤੇਗ ਬਹਾਦਰ ਸੱਚੀ ਸਰਕਾਰ ਨੇ ਇਹ ਸਲੋਕਾਂ ਵਿਚ ਬਚਨ

ਕਿਹਾ ਹੈ, ਪਰ ਸਲੋਕਾਂ ਤੋਂ ਪਹਿਲਾਂ ਅਸੀਂ ਇਕ ਬਚਨ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪੜ੍ਹਦੇ ਆਉਂਦੇ ਹਾਂ। ਜਿਹੜੇ ਲੋਕ ਅੰਦਰ ਨੂੰ ਢੂੰਡਣ ਦੀ ਥਾਂ ਬਾਹਰ ਭੱਜਦੇ ਪਏ ਹਨ, ਉਹਨਾਂ ਨੂੰ ਸਾਹਿਬ ਨੇ ਕਿਹਾ ਹੈ-

ਕਾਹੇ ਰੇ ਬਨ ਖੋਜਨ ਜਾਈ॥

ਹੁਣ ਅਸੀਂ ਕਹਾਂਗੇ ਇਕ ਪਾਸੇ ਗੁਰੂ ਅਰਜਨ ਸਾਹਿਬ ਜੀ ਕਹਿ ਰਹੇ ਹਨ, ਕਿ ਉਹ ਪਰਬਤ ਵਿਚ, ਉਹ ਤਿਨਕਿਆਂ ਵਿਚ, ਉਹ ਜੰਗਲ ਵਿਚ ਵੀ ਰੰਮਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਪੜ੍ਹਦਿਆਂ ਤੇ ਸਾਹਿਬ ਕਹਿੰਦੇ ਹਨ-

ਨੇਤ ਨੇਤ ਬਨ ਤਰਿਨ ਕਹਿਤ

ਆਪ ਜੀ ਨੂੰ ਜੰਗਲ ਦੇ ਤਿਨਕੇ ਵੀ ਨੇਤ ਨੇਤ ਕਹਿੰਦੇ ਹਨ। ਸੱਚੇ ਪਾਤਿਸ਼ਾਹ ਜੇ ਜੰਗਲ ਵਿਚ, ਤਿਨਕਿਆਂ ਵਿਚ ਉਹਦੀ ਆਵਾਜ਼ ਹੈ ਤੇ ਗੁਰੂ ਤੇਗ ਬਹਾਦਰ ਜੀ ਕਹਿ ਰਹੇ ਹਨ ਕਿ ਕਿਉਂ ਭੱਜਿਆ ਜਾਂਦਾ ਹੈਂ ਬਾਹਰ ਨੂੰ ? ਕੀ ਜੰਗਲ ਵਿਚ ਰੱਬ ਬੈਠਿਆ ਹੈ? ਇਹਦਾ ਕਾਰਣ ਹੈ, ਬਾਹਰ ਤੈਨੂੰ ਮਿਲੇਗਾ ਕੀ,

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥
ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ॥

ਤੋਹੀ ਸੰਗਿ ਸਮਾਈ॥ ਉਹ ਪਿਆਰਾ ਵਾਹਿਗੁਰੂ ਜੀ ਤਾਂ ਤੇਰੇ ਨਾਲ ਹੈ। ਤੇਰੇ ਵਿਚ ਹੈ।

ਪਹੁਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥

(ਅੰਗ ੬੮੪)

ਪਹੁਪ ਦਾ ਅੱਖਰੀ ਅਰਥ ਹੈ ਫੁੱਲ। ਜਿਵੇਂ ਫੁੱਲ ਦੇ ਵਿਚ ਸੁਗੰਧੀ ਹੈ, ਇਸੇ ਤਰ੍ਹਾਂ ਪਿਆਰਿਆ ਰੱਬ ਤੇਰੇ ਵਿਚ ਰੰਮਿਆ ਹੋਇਆ ਹੈ। ਕੀ ਸੁਗੰਧੀ ਕੇਵਲ ਫੁੱਲ ਦੇ ਇਕ ਹਿੱਸੇ ਵਿਚ ਹੈ? ਕਿਸੇ ਪੰਖੜੀ ਨੂੰ ਤੋੜੋਗੇ, ਕਿਸੇ ਥਾਂ ਤੋਂ ਫੁੱਲ ਨੂੰ ਤੋੜ ਕੇ ਆਪਣੀ ਨਾਸਕਾ ਨਾਲ ਲਾਉਗੇ ਤਾਂ ਪਿਆਰਿਉ, ਉਸ ਵਿਚੋਂ ਸੁਗੰਧੀ ਆਵੇਗੀ। ਫੁੱਲ ਦੀ ਸੁਗੰਧੀ ਦਾ ਕੋਈ ਰੂਪ ਨਹੀਂ। ਗੰਧ ਦੀ ਕੋਈ ਸ਼ਕਲ ਨਹੀਂ। ਇਸੇ ਤਰ੍ਹਾਂ ਉਹ ਪਿਆਰਾ ਵਾਹਿਗੁਰੂ ਹੈ। ਇਹ ਜਿੰਨੇ ਜਿਸਮ ਹਨ ਇਹ ਮੇਰੇ ਰੱਬ ਦੇ ਬਣਾਏ ਹੋਏ ਫੁੱਲ ਹਨ। ਇਹਨਾਂ ਫੁੱਲਾਂ ਦੇ ਵਿਚ ਮੇਰਾ ਪਿਆਰਾ ਆਪਣੀ ਮਹਿਕ ਖਿਲਾਰੀ ਬੈਠਾ ਹੈ। ਦੂਸਰੀ ਗੱਲ ਸ਼ਬਦ ਦੀ ਉਦਾਹਰਣ ਦਿੱਤੀ ਕਿ ਜਿਵੇਂ ਸ਼ੀਸ਼ੇ ਦੇ ਵਿਚ ਪ੍ਰਤੀਬਿੰਬ ਹੈ। ਹੁਣ ਇਥੇ ਇਕ ਦਿਨ ਮੈਂ ਅਰਜ਼ ਕੀਤੀ ਸੀ ਕਿ ਕਈ ਵੇਰਾਂ ਮਨ ਵਿਚ ਇਹ ਸ਼ਬਦ ਪੜ੍ਹ ਕੇ ਆਉਂਦਾ ਸੀ ਕਿ ਸ਼ੀਸ਼ੇ ਦੇ ਵਿਚ ਪਰ੍ਹਛਾਵਾਂ ਕਿਵੇਂ ਹੈ। ਹੁਣ ਸ਼ੀਸ਼ਾ ਤੇ ਖ਼ਾਲੀ ਪਿਆ ਹੈ। ਸ਼ੀਸ਼ੇ ਦੇ ਵਿਚ ਇਕ ਪਾਸੇ ਹੋ ਕੇ ਦੇਖਿਉ, ਸ਼ੀਸ਼ਾ ਬਿਲਕੁਲ ਖ਼ਾਲੀ

ਹੈ। ਪਰ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਨਹੀਂ। ਇਹਦੇ ਵਿਚ ਪ੍ਰਤੀਬਿੰਬ, ਇਹਦੇ ਵਿਚ ਪ੍ਰਛਾਵਾਂ ਹੈ। ਹਕੀਕਤ ਹੈ ਜਿੰਨੀ ਦੇਰ ਤੱਕ ਦੂਰ ਖਲੋਕੇ ਦੇਖੋਗੇ ਤਾਂ ਫਿਰ ਕੁਛ ਵੀ ਨਹੀਂ ਲੱਗੇਗਾ, ਖ਼ਾਲੀ ਲੱਗੇਗਾ। ਸ਼ੀਸ਼ੇ ਦੇ ਵਿਚ ਕੁਛ ਵੀ ਨਹੀਂ। ਜਦੋਂ ਉਸ ਦਰਪਣ ਦੇ ਸਾਹਮਣੇ ਹੋ ਜਾਉਗੇ ਤਾਂ ਪਿਆਰਿਉ! ਇਕੋ ਦਮ ਬੰਦੇ ਦੀ ਤਸਵੀਰ ਉਹਦੇ ਵਿਚੋਂ ਝਲਕਾਂ ਮਾਰੇਗੀ। ਮਨਾ! ਇਸ ਘਟ ਦੇ ਸ਼ੀਸ਼ੇ ਵਿਚੋਂ ਤੂੰ ਦੂਰ ਹੋ ਕੇ ਖਲੋਵੇਂਗਾ ਤਾਂ ਕੁਛ ਵੀ ਨਹੀਂ, ਪਰ ਜਦੋਂ ਆਪਣੇ ਅੰਤਰ ਝਾਤੀ ਮਾਰੇਂਗਾ ਤਾਂ ਸੱਚ ਜਾਣੀ ਇਸੇ ਸ਼ੀਸ਼ੇ ਵਿਚੋਂ ਰੂਪ ਪ੍ਰਗਟ ਹੋ ਜਾਏਗਾ। ਸਾਹਮਣੇ ਹੋਵੇਂਗਾ ਤਾਂ ਦੂਰ ਲਾਂਭੇ ਹੋ ਕੇ ਨਹੀਂ। ਜੇ ਤੂੰ ਸੱਚ ਮੁੱਚ ਉਸਨੂੰ ਆਪਣਾ ਕੇਂਦਰ ਬਣਾ ਕੇ ਦੇਖੇਂਗਾ ਤਾਂ ਤੇਰਾ ਪਰਛਾਵਾਂ ਦਿਸੇਗਾ ਤੇ ਜਦੋਂ ਤੂੰ ਨਿਜ ਘਰ ਦੇ ਅੰਦਰ ਦੇ ਸ਼ੀਸ਼ੇ ਸਾਹਮਣੇ ਖਲੋਵੇਂਗਾ ਤੇ ਫਿਰ ਸੱਚ ਜਾਣੀ ਤੇਰਾ ਨਿਜ ਰੂਪ ਤੇਰੇ ਸਾਹਮਣੇ ਆਏਗਾ। ਹਜ਼ੂਰ ਦੀ ਤਾਂ ਹੀ ਬਾਣੀ ਵਿਚ ਅਸੀਂ ਬਚਨ ਪੜ੍ਹਦੇ ਹਾਂ-

ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥

(ਅੰਗ ੧੧੩੬)

ਜਿਸ ਨੇ ਅੰਦਰ ਸਾਹਿਬ ਨੂੰ ਦੇਖਿਆ ਉਹਨੂੰ ਸਾਹਿਬ ਨੇ ਕਿਹਾ-

ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥

(ਅੰਗ ੬੧੦)

ਜਿਹੜਾ ਅੰਦਰੋਂ ਦੁੱਖੀ ਹੈ ਉਹਦੇ ਲਈ ਸੰਸਾਰ ਦੁੱਖ ਹੈ। ਜਿਹੜਾ ਅੰਦਰੋਂ ਸੁੱਖੀ ਹੈ ਉਹਨੂੰ ਸੁੱਖ ਭਾਸਦਾ ਪਿਆ ਹੈ। ਸਾਹਿਬ ਕਹਿੰਦੇ ਹਨ-

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

ਸੱਚੇ ਪਾਤਿਸ਼ਾਹ ! ਸਾਨੂੰ ਤੇ ਆਪਣੇ ਵਿਚ ਨਹੀਂ ਦਿੱਸਦਾ, ਬਾਹਰ ਕਿਥੇ ਦੇਖਣਾ ਹੈ। ਕਹਿਣ ਲੱਗੇ-

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥

(ਅੰਗ ੬੮੪)

ਆਪਾ ਚੀਨੈ, ਆਪਣੇ ਆਪ ਨੂੰ ਪੜਚੋਲਣ ਤੋਂ ਬਿਨਾਂ, ਪੜਚੋਲਣ ਦਾ ਅਰਥ ਕੀ ਹੈ। ਚੀਨਣ ਦਾ ਅਰਥ ਕੀ ਹੈ। ਪੜਚੋਲਣ ਦਾ ਇਹ ਅਰਥ ਥੋੜਾ ਹੈ ਕਿ ਨੇਤਰ ਬੰਦ ਕਰਕੇ ਬੰਦਾ ਆਪਣੇ ਘਰ ਦੇ ਰੁਪਇਆਂ ਦੀ ਗਿਣਤੀ ਕਰੀ ਜਾਏ। ਜੀਆਂ ਦੀ ਗਿਣਤੀ ਕਰੀ ਜਾਏ। ਪੜਚੋਲਣ ਦਾ ਅਰਥ ਇਹ ਹੈ ਕਿ ਤੂੰ ਆਪਣੇ ਆਪ ਨੂੰ ਪੁੱਛ-

ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ॥

ਆਪਣੇ ਅੰਦਰ ਨੂੰ ਪੜਚੋਲਣ ਦਾ ਮਤਲਬ ਹੈ

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥

(ਅੰਗ ੪੪੧)

ਆਪਣਾ ਚੀਨਨ ਦਾ ਮਤਲਬ ਇਹ ਹੈ-

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥

(ਅੰਗ ੧੩੭੮)

ਆਪਣੇ ਅੰਦਰ ਝਾਤੀ ਮਾਰ ਕੇ ਦੇਖ ਕਿ ਤੂੰ ਕੀ ਹੈਂ। ਹੁਣ ਜਦੋਂ ਅਸੀਂ ਆਪਾ ਪੜਚੋਲਦੇ ਹਾਂ ਤਾਂ ਆਪਾ ਪੜਚੋਲਣ ਦਾ ਮਤਲਬ ਸਰੀਰ ਦੇਖਣਾ ਥੋੜਾ ਹੈ। ਇਹ ਸਰੀਰ ਸਾਡਾ ਹੈ। ਦੇਖੋ ਤੁਸੀਂ ਇਕ ਇਕ ਅੰਗ ਤੋਂ ਤੁਰੋਗੇ ਤਾਂ ਅਖ਼ੀਰ ਵਿਚ ਉਥੇ ਉਸ ਪਾਸੇ ਨੂੰ ਤੁਰ ਪਉਗੇ ਜਿਸਦੇ ਵੱਲ ਗੁਰੂ ਜੀ ਇਸ਼ਾਰਾ ਪਏ ਕਰਦੇ ਹਨ। ਅਸੀਂ ਸਰੀਰ ਹਾਂ ਬਿਲਕੁਲ ਨਹੀਂ। ਅਸੀਂ ਸਰੀਰ ਨਹੀਂ। ਸਾਨੂੰ ਸਰੀਰ ਪ੍ਰਮਾਤਮਾ ਨੇ ਦਿੱਤਾ ਹੈ ਕਿਸੇ ਕਾਰਜ ਸਿਧੀ ਵਾਸਤੇ। ਸਰੀਰ ਇੰਦਰੀਆਂ ਦੇ ਰੱਸ ਵਿਚ ਭੋਗ ਕੇ ਖ਼ੁਆਰ ਕਰਨ ਵਾਸਤੇ ਨਹੀਂ ਦਿੱਤਾ। ਇਕੱਲੇ ਭੋਗਾਂ ਵਾਸਤੇ ਸਰੀਰ ਨਹੀਂ। ਇਹ ਤਾਂ ਸੰਜੋਗ ਵਾਸਤੇ ਹੈ। ਭੋਗ ਨਹੀਂ, ਇਹ ਸੰਜੋਗ ਵਾਸਤੇ ਹੈ। ਭੋਗ ਜਿਹੜੇ ਹਨ, ਵਿਜੋਗ ਪੈਦਾ ਕਰਦੇ ਹਨ। ਸਿਮਰਨ ਜਿਹੜਾ ਹੈ ਉਹ ਸੰਜੋਗ ਪੈਦਾ ਕਰਦਾ ਹੈ। ਸੰਜੋਗ ਦਾ ਅਰਥ ਹੈ ਮਿਲਾਪ। ਇਹ ਸਰੀਰ ਸੰਜੋਗ ਵਾਸਤੇ, ਮਿਲਣ ਵਾਸਤੇ ਦਿੱਤਾ ਹੈ। ਸਰੀਰ ਇਕੱਲਾ ਭੋਗ ਵਾਸਤੇ ਨਹੀਂ ਦਿੱਤਾ।

ਹੁਣ ਜਦੋਂ ਅਸੀਂ ਕਹਿੰਦੇ ਹਾਂ ਮੇਰਾ ਸਰੀਰ। ਇਹ ਕੌਣ ਕਹਿ ਰਿਹਾ ਹੈ ਮੇਰਾ, ਮੇਰੀਆਂ ਅੱਖਾਂ ਮੇਰੇ ਕੰਨ, ਮੇਰੀ ਨਾਸਕਾ, ਮੇਰਾ ਮਨ, ਮੇਰਾ ਹਿਰਦਾ, ਨਹੀਂ, ਜਿਹੜਾ ਮੇਰਾ ਕਹਿ ਰਿਹਾ ਹੈ ਇਹਦੀ ਤੈਅ ਤੱਕ ਜਾਈਏ। ਅਸਲ ਵਿਚ ਜਿਹੜਾ ਮੇਰਾ ਮੇਰਾ ਕਹਿੰਦਾ ਪਿਆ ਹੈ, ਉਹ ਸਰੀਰ ਦਾ ਕੋਈ ਅੰਗ ਨਹੀਂ। ਉਹਨੂੰ ਕਿਹਾ ਜਾਂਦਾ ਹੈ ਉਹ ਪ੍ਰਮਾਤਮਾ ਦੀ ਅੰਸ ਹੈ। ਜਿਹੜਾ ਕਹਿ ਰਿਹਾ ਹੈ ਪਰ ਫਰਕ ਪੈ ਜਾਂਦਾ ਹੈ ਤੇ ਫਿਰ ਆ ਕੇ। ਜਦੋਂ ਮੇਰੇ ਤੋਂ ਸ਼ੁਰੂ ਕਰੀਦਾ ਹੈ, ਇਹ ਤੇਰੇ ਤੱਕ ਜਾ ਪਹੁੰਚਦਾ ਹੈ। ਮੇਰਾ ਤਨ, ਮੇਰਾ ਘਰ, ਮੇਰਾ ਪਰਿਵਾਰ, ਗੁਰੂ ਜੀ ਕਹਿੰਦੇ ਨਹੀਂ। ਅਜੇ ਸਰੀਰ ਦੇ ਤੱਲ 'ਤੇ ਜੀਉਣ ਵਾਲਿਆ! ਤੂੰ ਮੇਰਾ ਕਹਿੰਦਾ ਹੈਂ। ਜਦੋਂ ਤੇਰਾ ਅੰਦਰ ਮਰ ਗਿਆ ਤੂੰ ਮੇਰਾ ਹੀ ਕਹੇਂਗਾ। ਉਸ ਦਿਨ ਤੇਰਾ ਹੀ ਕਹੇਂਗਾ। ਮੇਰਾ ਤਾਂ ਕਹਿੰਦਾ ਹੈਂ, ਕਿਉਂਕਿ ਇੰਦਰੀਆਂ ਤੱਕ ਸੀਮਿਤ ਹੈਂ। ਜਦੋਂ ਤੂੰ ਨਾਲ ਜੁੜੇਂਗਾ, ਤੇਰੇ ਨਾਲ ਜੁੜੇਂਗਾ, ਮੂਲ ਨੂੰ ਪਹਿਚਾਣੇਂਗਾ ਤਾਂ ਤੇਰਾ ਅੰਦਰ ਕਹੇਗਾ, ਮਨਾ ਕਾਹਦਾ ਮਾਣ ਕਰਦਾ ਪਿਆ ਹੈਂ, ਸਭ ਕੁਛ ਤੇ ਪ੍ਰਮਾਤਮਾ ਹੈ। ਬਹੁਤਾ ਮੈਂ ਮੇਰੀ ਵਿਚ ਫਸਿਆ ਹੈਂ। ਤੇਰਾ ਘਰ, ਮੇਰਾ ਪਰਿਵਾਰ, ਮੇਰਾ ਪੁੱਤਰ। ਮੇਰਾ ਖ਼ੁਮਾਰੀ ਪੈਦਾ ਕਰਦਾ ਹੈ ਤੇ ਤੇਰਾ ਖ਼ੁਮਾਰੀ ਪੈਦਾ ਕਰਦਾ ਹੈ।

ਮੇਰਾ ਖ਼ੁਆਰ ਕਰਦਾ ਹੈ ਤੇ ਤੇਰਾ ਕਹਿਣ ਵਾਲੇ ਕਿਸੇ ਖ਼ੁਮਾਰੀ ਵਿਚ ਚਲੇ ਜਾਂਦੇ ਹਨ।

ਹਜ਼ੂਰ ਕਹਿੰਦੇ ਹਨ, ਵੈਸੇ ਰੱਬੀ ਪਿਆਰੇ ਮਨ ਨੂੰ ਸਿਖਾਉਣ ਲਈ ਪਹਿਲਾਂ ਪਹਿਲਾਂ ਤੇ ਹੁਣ ਵੀ ਸ਼ਾਇਦ ਕਈ ਸੰਸਥਾਵਾਂ ਵਿਚ ਮਿਲਦਾ ਹੈ। ਡਾਇਰੀ ਬਣਾਈ ਹੁੰਦੀ ਸੀ। ਉਹਦੇ ਵਿਚ ਲਿਖਿਆ ਹੁੰਦਾ ਹੈ ਕਿ ਤੂੰ ਕਿੰਨੇ ਵੱਜੇ ਉਠੇਂਗਾ ਨਿਤਨੇਮ ਕਿੰਨੀ ਦੇਰ ਤੱਕ ਕੀਤਾ। ਸਿਮਰਨ ਕਿਤਨਾ ਕੀਤਾ, ਸੇਵਾ ਕਿੰਨੀ ਕੀਤੀ ਹੈ, ਦਸਵੰਧ ਕਿੰਨਾ ਕੱਢਿਆ ਹੈ। ਤੂੰ ਸੱਚੋ ਸੱਚ ਦੱਸੀਂ, ਕਿੰਨਿਆਂ ਨੂੰ ਤੂੰ ਈਰਖਾ ਦੀ ਬਿਰਤੀ ਨਾਲ ਦੇਖਿਆ ਹੈ। ਕਿੰਨੀ ਵੇਰੀ ਤੇਰੇ ਅੰਦਰ ਲਾਲਚ ਦਾ ਕੁੱਤਾ ਭੌਂਕਿਆ ਹੈ। ਸੱਚ ਜਾਣੋ ਗੁਰਮੁਖੋ, ਅਸਲ ਵਿਚ ਉਹ ਡਾਇਰੀ ਨਹੀਂ ਸੀ। ਸਾਡੇ ਅੰਦਰ ਦੀਆਂ ਤਸਵੀਰਾਂ ਸਨ, ਜਿਹੜੀਆਂ ਅੱਖਰਾਂ ਨਾਲ ਅਸੀਂ ਲਿਖਦੇ ਹਾਂ, ਬਸ ਆਪਣੇ ਆਪ ਨੂੰ ਨਹੀਂ ਦੇਖਿਆ ਜਾਂਦਾ। ਇਹ ਅੱਖਾਂ ਸੰਸਾਰ ਨੂੰ ਦੇਖਦੀਆਂ ਹਨ।

ਇਹ ਗੁਰ ਪ੍ਰਤਾਪ ਸੂਰਜ ਦੇ ਵਿਚ ਗੁਰੂ ਅਰਜਨ ਦੇਵ ਜੀ ਦੇ ਜੀਵਨ ਨਾਲ ਸ਼ਾਇਦ ਸਬੰਧਿਤ ਘਟਨਾ ਹੈ। ਇਕ ਸਿੱਖ ਆਇਆ ਤੇ ਉਸਨੇ ਅੰਦਰ ਨੂੰ ਟਿਕਣ ਦੀ ਜੁਗਤ ਪੁੱਛੀ। ਇਹ ਅੰਦਰ ਨਹੀਂ ਟਿਕਦਾ। ਅੰਦਰ ਖਿੰਡਾਹ ਵਿਚ ਰਹਿੰਦਾ ਹੈ ਤੇ ਵਾਹਿਗੁਰੂ ਮਿਹਰ ਕਰੇ ਸਾਨੂੰ ਇਹ ਪੁੱਛਣ ਕੀ ਜਾਚ ਆ ਜਾਏ ਕਿ ਅੰਦਰ ਕਿਵੇਂ ਟਿਕਦਾ ਹੈ। ਕਿਉਂਕਿ ਜੋ ਕੁਛ ਅਸੀਂ ਦੇਖਦੇ ਹਾਂ ਸਿਰਫ਼ ਖਿੰਡਿਆ ਹੋਇਆ ਹੈ। ਤੇ ਇਹੀ ਕਾਰਣ ਹੈ ਕਿ ਕਿਸੇ ਕੌਮ ਦਾ, ਕਿਸੇ ਮਜ਼ਬ ਦੇ ਬੰਦਿਆ ਦਾ ਅੰਦਰੋਂ ਖਿੰਡ ਜਾਏ ਉਹ ਬਾਹਰੋਂ ਵੀ ਖਿੰਡੇ ਰਹਿੰਦੇ ਹਨ। ਜੇ ਅੰਦਰ ਟਿਕਿਆ ਨਾ ਉਹ ਫਿਰ ਬਾਣੀ ਵਿਚ ਕਹਿੰਦੇ ਹਨ-

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

(ਅੰਗ ੧੧੮੫)

ਅੰਦਰ ਦਾ ਟਿਕਾਅ ਹੀ ਸਾਡਾ ਉਹ ਵੱਤਰ ਵਾਲੀ ਜ਼ਮੀਨ ਹੈ, ਜਿਥੇ ਨਾਮ ਦੇ ਬੀਜ ਵਿਚੋਂ ਅੰਕੁਰ ਨਿਕਲਣਾ ਹੈ। ਜਿਸ ਜ਼ਮੀਨ ਦੇ ਵਿਚ ਵੱਤਰ ਨਹੀਂ, ਜਿਤਨਾ ਮਰਜ਼ੀ ਕੀਮਤੀ ਬੀਜ ਪਾ ਦਿਉ, ਖਾਦ ਪਾ ਦਿਉ, ਉਸ ਦੇ ਵਿਚੋਂ ਕਦੀ ਵੀ ਪੇਠੇ ਦਾ ਬੀਜ ਦਾ ਅੰਕੁਰ ਨਹੀਂ ਬਣਦਾ। ਵੱਤਰ ਵਾਲੀ ਜ਼ਮੀਨ ਵਿਚ ਅੰਕੁਰ ਬਣਦੇ ਹਨ ਤੇ ਟਿਕੇ ਹੋਏ ਹਿਰਦਿਆਂ ਵਿਚ ਨਾਮ ਦੇ ਬੀਜ ਦਾ ਅੰਕੁਰ ਬਣਦਾ ਹੈ। ਇਕਾਗਰਤਾ ਪੂਰਨ ਟਿਕਾਅ ਬਾਰੇ ਉਹਨੇ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਨੂੰ ਪੁੱਛ ਲਿਆ ਕਿ ਅੰਦਰ ਨਹੀਂ ਟਿੱਕਦਾ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਅੰਦਰ ਨਹੀਂ ਟਿੱਕਦਾ ਤਾਂ ਤੈਨੂੰ ਪਤਾ ਹੋਣਾ ਹੈ ਬੀਮਾਰੀ ਕਿਹੜੀ ਲੱਗੀ ਹੈ। ਸੱਚੇ ਪਾਤਿਸ਼ਾਹ ! ਧਰਮ ਦੀ ਕਿਰਤ ਕਰਦਾ ਹਾਂ। ਜਤਨ ਕਰਦਾ ਹਾਂ ਦਸਵੰਧ ਵੀ ਕੱਢਣਾ ਹੈ। ਜਪ ਤਪ ਵੀ ਜਿੰਨਾ ਹੁੰਦਾ ਕਰਦਾ ਹਾਂ। ਹਜ਼ੂਰ ਕਹਿਣ ਲੱਗੇ ਫਿਰ ਹੋਰ ਕਿਹੜਾ ਔਗੁਣ ਹੈ ਜੋ ਤੇਰਾ ਅੰਦਰ ਟਿੱਕਣ ਨਹੀਂ ਦੇਂਦਾ। ਕਹਿੰਦਾ ਹੈ ਕਿ ਮਹਾਰਾਜ! ਇਕ ਭੈੜੀ

ਬੀਮਾਰੀ ਹੈ ਝੂਠ ਬੋਲਣ ਦੀ ਵਾਦੀ ਬੜੀ ਹੈ। ਝੂਠ ਬੋਲੀ ਜਾਂਦਾ ਹਾਂ ਤੇ ਬਗ਼ੈਰ ਮਤਲਬ ਤੋਂ ਬੋਲੀ ਜਾਂਦਾ ਹਾਂ।

ਹਜ਼ੂਰ ਨੇ ਉਥੇ ਇਕ ਜੁਗਤ ਕਹੀ। ਆਪਣੇ ਘਰ ਇਕ ਭਾਂਡਾ ਰੱਖ। ਜਿਤਨੀ ਵਾਰੀ ਤੂੰ ਝੂਠ ਬੋਲਿਆ ਦਿਨ ਵਿਚ, ਕਾਗਜ਼ ਵਿਚ ਲਿਖ ਕੇ ਉਸ ਭਾਂਡੇ ਵਿਚ ਪਾਈ ਜਾ। ਉਸ ਬਰਤਨ ਵਿਚ ਪਾਈ ਜਾਈਂ। ਜਦੋਂ ਤੂੰ ਸੰਗਤ ਵਿਚ ਆਏਂ ਤਾਂ ਆਪਣੇ ਭਾਂਡੇ ਵਿਚੋਂ ਪਰਚੀਆਂ ਕੱਢ ਕੱਢ ਕੇ ਸਾਨੂੰ ਸੁਣਾਈਂ। ਸੰਗਤ ਵਿਚ ਸੁਣਾਈਂ। ਕਹਿੰਦੇ ਫਿਰ ਸੱਚ ਜਾਣੀ, ਇਕ ਦਿਨ ਐਸਾ ਆਏਗਾ ਤੇਰੇ ਭਾਂਡੇ ਵਿਚ ਇਕ ਵੀ ਪਰਚੀ ਨਹੀਂ ਨਿਕਲੇਗੀ। ਕਿਉਂਕਿ ਪੜਚੋਲਦਾ ਨਹੀਂ ਤੂੰ ਤੇ ਹੁਣ ਉਹਨੇ ਸੱਚੀ ਮੁੱਚੀ ਸਵੀਕਾਰ ਕਰ ਲਿਆ ਅੰਦਰ ਨੂੰ ਖੋਜਣਾ। ਗੁਰਮੁਖੋ! ਅੰਦਰ ਨੂੰ ਟਿਕਾਉਣਾ ਆਪਣੇ ਆਪ ਨੂੰ ਇਉਂ ਕਹਿ ਲਉ ਬਈ ਮਾਨੋ ਤਨ ਤੋਂ ਬਸਤਰ ਉਤਾਰਨੇ ਹਨ। ਕਿਉਂਕਿ ਅੰਦਰ ਤੇ ਮਲੀਨਤਾ ਨਾਲ ਭਰਿਆ ਪਿਆ ਹੈ। ਹਜ਼ੂਰ ਨੇ ਅੱਜ ਪਹਿਲਾ ਬਚਨ ਕੀਤਾ—

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥

(ਅੰਗ ੧੪੨੭)

ਉਹਨਾਂ ਸੰਤ ਜਨਾਂ ਨੇ ਪੁਕਾਰ ਕੇ ਕਿਹਾ ਕਿ ਹਰ ਘਟ ਦੇ ਵਿਚ ਉਹ ਪਿਆਰਾ ਵਸਦਾ ਹੈ ਤੇ ਜਦੋਂ ਸੰਤ ਜਨਾਂ ਨੇ ਹਰ ਘਟ ਵਿਚ ਦੇਖਿਆ ਤਾਂ ਗੁਰੂ ਕਲਗੀਧਰ ਜੀ ਦੇ ਅਸੀਂ ਬਚਨ ਪੜ੍ਹਦੇ ਹਾਂ-

ਜੀਵਨ ਮੈ, ਜਲ ਮੈ, ਥਲ ਮੈ, ਰੂਪਨ ਮੈ ਸਭ ਭੂਪਨ ਮਾਹੀ॥

ਹੇ ਸਤਿਗੁਰੂ ਜੀ! ਸਰਬ ਵਿਆਪਕਤਾ ਜੇ ਦੇਖਣੀ ਹੈ, ਤਾਂ ਰੋਜ਼ੀ ਪ੍ਰੀਤਮ ਦੇ ਬਚਨ ਪੜ੍ਹਿਉ-

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੁੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ॥

(ਅੰਗ ੧੩)

ਮੈਨੂੰ ਤੇਰੇ ਚਲਿੱਤਰਾਂ ਨੇ ਮੋਹ ਲਿਆ ਹੈ ਪਿਆਰਿਆ। ਤੇਰੀਆਂ ਹਜ਼ਾਰਾਂ ਅੱਖਾਂ ਵਿਚ ਤੈਨੂੰ ਮੈਂ ਦੇਖਦਾ ਹਾਂ। ਪਰ ਜਦੋਂ ਨਿਰੰਕਾਰ ਦੀ ਗੱਲ ਕਰਦਾ ਹਾਂ ਤਾਂ ਤੂੰ ਇਕ ਅੱਖ ਵਿਚ ਵੀ ਨਹੀਂ ਆਉਂਦਾ।

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ

ਹਜ਼ਾਰਾਂ ਅੱਖਾਂ ਵਿਚੋਂ ਤੈਨੂੰ ਦੇਖਦਾ ਹਾਂ। ਤੂੰ ਮੈਨੂੰ ਦੇਖਦਾ ਪਿਆ ਹੈਂ। ਤੇ ਦੂਜੇ ਪਾਸੇ ਕੋਈ ਵੀ ਐਸੀ ਅੱਖ ਨਹੀਂ ਜਿਹੜੀ ਕਹਿ ਸਕੇ ਅਸੀਂ ਰੱਬ ਨੂੰ ਪੂਰਾ ਦੇਖ ਲਿਆ। ਮੈਂ ਹਜ਼ਾਰਾਂ ਬੋਲ ਸੁਣਦਾ ਪਿਆ ਹਾਂ। ਇਹਨਾਂ ਬੋਲਾਂ ਵਿਚ ਤੂੰ ਹੈਂ। ਪਰ ਕੋਈ ਬੋਲ ਦਾਵੇ ਵਾਲਾ ਨਹੀਂ, ਜਿਹੜਾ ਕਹਿੰਦਾ ਹੈ ਮੈਂ ਰੱਬ ਨੂੰ ਪੂਰਾ ਬਿਆਨ ਕਰ ਦਿੱਤਾ ਹੈ। ਹਜ਼ਾਰਾਂ ਤੇਰੇ ਪੈਰ ਹਨ ਜਿੰਨ੍ਹਾਂ ਨਾਲ ਤੁਰਦਾ ਹੈਂ। ਪਰ ਵਾਹਿਗੁਰੂ ਜੀ ਇਕ ਵੀ ਪੈਰ ਤੈਨੂੰ ਪੂਰੀ ਤਰ੍ਹਾਂ ਮਾਪ ਨਹੀਂ ਸਕਦਾ। ਹਜ਼ਾਰਾਂ ਨਾਸਕਾ ਤੇਰੀਆਂ ਹਨ ਜਿੰਨ੍ਹਾਂ ਨਾਲ ਗੰਧ ਤੂੰ ਸੁਗੰਧ ਜਾਂਦਾ ਹੈਂ। ਕੋਈ ਵੀ ਨਾਸਕਾ ਤੇਰਾ ਥਾ ਨਹੀਂ ਪਾ ਸਕੀ।

ਜੀਵਨ ਮੇ, ਜਲ ਮੇ, ਥਲ ਮੇ ਭੂਪਨ ਮੇ ਸਭ ਭੂਪਨ ਮਾਹੀ॥

ਪਾਣੀ ਵਿਚ ਹੈਂ। ਜੀਵਨ ਵਿਚ ਹੈਂ। ਸਭ ਰਾਜਿਆਂ ਵਿਚ ਹੈਂ। ਗੁਰੂ ਜੀ ਨੇ ਸਾਨੂੰ ਉਹਦੇ ਨਾਲ ਜੋੜਿਆ ਜਿਹੜਾ ਇਕ ਝਲਕਾਰੇ ਵਿਚ ਕਰੋੜਾਂ ਸੂਰਜਾਂ ਨੂੰ ਸੁਕਾ ਸਕਦਾ ਹੈ। ਸੂਰਜ ਦੀ ਕਿਰਨ ਨੂੰ, ਸੂਰਜ ਦੀ ਰੋਸ਼ਨੀ ਨੂੰ, ਸੂਰਜ ਦੀ ਤਪਸ਼ ਨੂੰ ਕੋਈ ਵੀ ਨਹੀਂ ਸੁਕਾ ਸਕਦਾ, ਪਰ ਧੰਨ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਨਹੀਂ, ਕਰੋੜਾਂ ਸੂਰਜਾਂ ਦਾ ਮਾਲਕ ਇਕ ਝਲਕਾਰੇ ਵਿਚ ਕਰੋੜਾਂ ਸੂਰਜ ਨੂੰ ਵੀ ਸੁਕਾ ਸਕਦਾ ਹੈ। ਇਹ ਅਦਿਤ ਸੋਕੇ ਤੂੰ ਸੂਰਜ ਨੂੰ ਵੀ ਸੁਕਾਉਣ ਵਾਲਾ ਹੈਂ। ਸੂਰਜਾਂ ਨੂੰ ਵੀ ਖ਼ਤਮ ਕਰਨ ਵਾਲਾ ਹੈਂ। ਹਜ਼ੂਰ ਕਹਿੰਦੇ ਹਨ ਸੂਰਜ ਵਿਚ ਵੀ ਤਾਂ ਤੇਰੇ ਝਲਕਾਰੇ ਹਨ, ਪਰ ਕਿਵੇਂ-

ਨਮੋ ਸੂਰਜ ਸੂਰਜੇ॥

ਤੁਸੀਂ ਸੂਰਜਾਂ ਦੇ ਸੂਰਜ ਹੋ। ਹੇ ਮੇਰੇ ਵਾਹਿਗੁਰੂ ਜੀ ਪੂਜਾ ਵਿਚ ਤੇਰੀਆਂ ਆਰਤੀਆਂ ਉਤਰਦੀਆਂ ਪਈਆਂ ਹਨ। ਤੇ ਉੱਚੀਆਂ ਨਿਮਾਜ਼ਾਂ ਪੜ੍ਹਨ ਵਾਲੇ ਤੈਨੂੰ ਪੁਕਾਰਦੇ ਪਏ ਹਨ। ਸਿਰਫ਼ ਇਹਨੂੰ ਸਰਬ ਵਿਆਪਕਤਾ ਪੱਖੋਂ ਲੈਣਾ। ਕਿਤੇ ਗੰਧਰਬ ਬਣ ਕੇ ਗਾਉਂਦਾ ਪਿਆ ਹੈਂ। ਕਿਤੇ ਤੂੰ ਜਸ ਬਣ ਕੇ ਗਾਉਂਦਾ ਪਿਆ ਹੈਂ। ਕਿਤੇ ਤੁਰਕ ਬਣ ਕੇ ਅੱਲਾਹ ਅੱਲਾਹ ਕਹਿੰਦਾ ਪਿਆ ਹੈਂ। ਕਿਤੇ ਹਿੰਦੂ ਬਣ ਕੇ ਰਾਮ ਰਾਮ ਕਹਿੰਦਾ ਹੈਂ। ਕੱਪੜੇ ਸਾਰਿਆਂ ਨੇ ਕਿਸੇ ਨੇ ਨੀਲੇ ਪਾ ਲਏ, ਕਿਸੇ ਨੇ ਪੀਲੇ ਪਾ ਲਏ, ਕਿਸੇ ਨੇ ਚਿੱਟੇ ਪਾ ਲਏ, ਕਿਸੇ ਨੇ ਕਾਲੇ ਪਾ ਲਏ, ਪਰ ਇਹਨਾਂ ਕੱਪੜਿਆਂ ਦੇ ਥੱਲੇ ਜਿਹੜੀ ਰਹਿਣ ਵਾਲੀ ਦੇਹ ਹੈ, ਉਹ ਤੇ ਪੰਜਾਂ ਤੱਤਾਂ ਦੀ ਬਣੀ ਹੈ। ਹਜ਼ੂਰ ਕਹਿਣ ਲੱਗੇ ਪਿਆਰੇ ਵੱਖ ਵੱਖ ਦੇਸ਼ਾਂ ਦਾ, ਵੱਖ ਵੱਖ ਥਾਵਾਂ ਦੇ ਭੇਸਾਂ ਦਾ ਪ੍ਰਭਾਵ ਹੈ। ਅਗਲੀ ਗੱਲ ਗੁਰੂ ਜੀ ਕਹਿਣ ਲੱਗੇ-

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ॥

ਖਾਕ ਬਾਦ ਆਤਿਸ਼ ੳ ਆਪ ਕੋ ਰਲਾਉ ਹੈ।

ਉਹ ਸਾਰਿਆਂ ਘਟਾਂ ਵਿਚ ਹੈ। ਤੇ ਸਰੀਰ ਦੀ ਬਣਤਰ ਸਭ ਇਕੋ ਜਿਹੀ ਹੈ। ਇਕੋ ਜਿਹੀਆਂ ਸਭ ਦੀਆਂ ਅੱਖਾਂ ਹਨ। ਅੱਜ ਅਸੀਂ ਦੇਖਦੇ ਹਾਂ ਮੰਨ ਲਉ ਕੋਈ ਬੰਦਾ ਬਾਹਰ ਅੱਖਾਂ

ਦਾਨ ਕਰਦਾ ਹੈ। ਤੇ ਉਹ ਅੱਖਾਂ ਇਹ ਨਹੀਂ ਕਹਿਣਗੀਆਂ ਕਿ ਜਿਹੜਾ ਇੰਡੀਆ ਵਿਚ ਪੈਦਾ ਹੋਇਆ ਹੈ ਉਸ ਬੰਦੇ ਦੇ ਜਿਸਮ ਨਾਲ ਮੈਨੂੰ ਨਾ ਲਾਉ। ਸਾਰਿਆਂ ਦੇ ਨੇਤਰ ਇਕੋ ਜਿਹੇ ਹਨ। ਅੱਖਾਂ ਇਕੋ ਜਿਹੀਆਂ ਨਹੀਂ, ਕੰਨ ਇਕੋ ਜਿਹੇ ਨਹੀਂ, ਪਿਆਰਿਉ ਦੇਹ ਇਕੋ ਜਿਹੀ ਹੈ। ਤੇ ਜਿਹੜੀ ਅਸੀਂ ਜ਼ਬਾਨ ਤੋਂ ਬੋਲਦੇ ਹਾਂ, ਸਾਡੀ ਬਨਾਵਟ ਵੀ ਇਕੋ ਜਿਹੀ ਹੈ। ਜ਼ਬਾਨ ਬੋਲਣ ਵਾਲੀ ਇਕੋ ਹੈ। ਪ੍ਰਮਾਤਮਾ ਨੇ ਗੁਰਮੁਖਾ, ਏਕੋ ਵਿਚ ਪਰੋਤਾ ਸੀ। ਤੂੰ ਵੰਡੀਆਂ ਪਾਈ ਬੈਠਾ ਹੈਂ। ਕਬੀਰ ਸਾਹਿਬ ਜੀ ਨੇ ਆਪਣੀ ਦਲੀਲ ਦਿੱਤੀ ਕਿ-

ਘਟ ਘਟ ਮੇ ਹਰਿ ਜੂ ਬਸੈ

(ਅੰਗ ੧੪੨੭)

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥

(ਅੰਗ ੧੧)

ਨੇਤਰ ਇਕ ਹੈ, ਕੰਨ ਇਕ ਹੈ, ਹਿਰਦਾ ਇਕ ਹੈ, ਖ਼ੂਨ ਇਕ ਹੈ। ਹੁਣ ਖ਼ੂਨ ਅਸੀਂ ਕਹਾਂਗੇ ਇਕ ਕਿਵੇਂ ਹੈ। ਕਈ ਵਰੀ ਆਪਣੇ ਮਾਂ, ਬਾਪ, ਭੈਣ ਭਰਾਵਾਂ ਦਾ ਖ਼ੂਨ ਨਹੀਂ ਮਿਲਦਾ। ਗੁਰੂ ਜੀ ਕਹਿੰਦੇ ਹਨ-

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥

(ਅੰਗ ੩੪੮)

ਅਗਲਾ ਬਚਨ ਹੈ ਫਿਰ ਸਰਬ ਵਿਆਪਕ ਵੱਲ ਲੈ ਜਾਈਏ। ਭੇਖਾਰੀ ਕੌਣ ਹੈ, ਤੂੰ ਆਪੇ ਦਾਤਾ - ਦੇਣ ਵਾਲਿਆਂ ਵਿਚ ਵੀ ਤੂੰ ਹੈਂ। ਆਪੇ ਭੁਗਤਾ ਜੀ- ਜਿਹੜੇ ਖਾਣ ਵਾਲੇ ਹਨ, ਜਿਹੜੇ ਮੰਗਣ ਵਾਲੇ ਹਨ, ਉਹਨਾਂ ਵਿਚ ਵੀ ਤੂੰ ਹੈਂ। ਸਾਡੀ ਸੁਰਤ ਨੂੰ ਇਹ ਨਹੀਂ ਕਿਹਾ ਕਿਧਰੇ ਭੇਖਾਰੀ ਸਮਝ ਕੇ ਆਪਣੇ ਆਪ ਨੂੰ ਉੱਚਾ ਸਮਝ ਲੈ।

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥

ਤੂੰ ਆਪੇ ਦਾਤਾ ਆਪੇ ਭੁਗਤਾ ਜੀ॥

ਤੇ ਗੁਰੂ ਰਾਮਦਾਸ ਜੀ ਦੇ ਦਿਨ ਵੇਖੋ। ਜਦੋਂ ਇਹ ਪਉੜੀ ਕਿਧਰੇ ਰਹਰਾਸਿ ਵਿਚ ਪੜ੍ਹਦੇ ਹੁੰਦੇ ਤੇ ਕਈ ਵੇਰਾਂ ਮਨ ਭਰ ਆਉਂਦਾ। ਹੇ ਸੱਚੇ ਪਾਤਿਸ਼ਾਹ! ਤੁਸੀਂ ਦੇਖੇ ਹਨ। ਉਹ ਵੀ ਦਿਨ ਦੇਖੇ ਜਿਸ ਦਿਨ ਰੋਟੀ ਨਹੀਂ ਸੀ ਮਿਲਦੀ ਲਾਹੌਰ। ਉਹ ਵੀ ਦਿਨ ਦੇਖੇ ਜਿਸ ਦਿਨ ਲੰਗਰ ਵਰਤਾਉਂਦੇ ਕਹਿੰਦੇ ਸਨ ਰੋਟੀ ਖਾਣ ਤੋਂ ਪਹਿਲੇ ਧੰਨ ਗੁਰੂ ਰਾਮਦਾਸ ਕਹਿ। ਦੇਖੇ ਹਨ ਚੋਜ। ਸਾਡੇ ਹਜ਼ੂਰ ਮਿਹਰ ਪਏ ਕਰਦੇ ਹਨ ਹੇ ਸੱਚੇ ਪਾਤਿਸ਼ਾਹ!

ਹਉ ਤੁਧੁ ਬਿਨੁ ਅਵਰੁ ਨ ਜਾਣਾ॥

(ਅੰਗ ੩੪੮)

ਜੇ ਕਿਸੇ ਲੋੜਵੰਦ ਨੂੰ ਮੈਂ ਦੇਂਦਾ ਹਾਂ ਤਾਂ ਮੈਂ ਉਹਨੂੰ ਜਾਣ ਕੇ ਨਹੀਂ। ਮੈਂ ਤਾਂ ਸਿਰਫ਼

ਤੈਨੂੰ ਦੇਖਦਾ ਪਿਆ ਹਾਂ ਕਿ ਤੂੰ ਮੇਰੇ ਘਰ ਵਿਚ ਆਇਆ। ਆਪਣੀ ਚੀਜ਼ ਆਪ ਲੈਣ ਆ ਗਿਆ। ਮੈਂ ਤੇਰੇ ਤੋਂ ਬਿਨਾਂ ਨਾ ਭੇਖਾਰੀ ਸਮਝਿਆ, ਨਾ ਦਾਤਾ ਸਮਝਿਆ। ਦੇਖੋ ਉਸ ਬਰੀਕੀ ਨੂੰ ਕਿਥੋਂ ਕਿਥੋਂ ਸਾਡੀ ਸੁਰਤ ਚੁਕਦੇ ਪਏ ਹਨ। ਕਿਉਂਕਿ

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥

(ਅੰਗ ੭੯੧)

ਹਉ ਤੁਧ ਬਿਨੁ ਅਵਰੁ ਨ ਜਾਣਾ॥

ਕਹਿਣ ਲੱਗੇ ਤੇਰੇ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਜਾਣਿਆ ਨਹੀਂ।

ਪੰਡਿਤੁ ਸਾਸਤ ਸਿਮ੍ਰਿਤ ਪੜਿਆ॥
ਜੋਗੀ ਗੋਰਖੁ ਗੋਰਖੁ ਕਰਿਆ॥
ਮੈ ਮੂਰਖ ਹਰਿ ਹਰਿ ਜਪੁ ਪੜਿਆ॥

(ਅੰਗ ੧੬੩)

ਹਉ ਤੁਧੁ ਬਿਨੁ ਅਵਰੁ ਨ ਜਾਣਾ॥
ਤੂੰ ਪਾਰਬ੍ਰਹਮ ਬੇਅੰਤੁ ਬੇਅੰਤੁ ਜੀ॥

ਹੇ ਵਾਹਿਗੁਰੂ ਤੂੰ ਬੇਅੰਤ ਹੈਂ। ਤੇਰੀ ਲੀਲਾ ਦਾ ਕੋਈ ਅੰਤ ਨਹੀਂ। ਮੈਂ ਇਹ ਗੱਲ ਜ਼ਰੂਰ ਕਹਿ ਦਿੱਤੀ ਹੈ।

ਇਕਿ ਦਾਤੇ ਇਕਿ ਭੇਖਾਰੀ ਜੀ

ਪਰ ਇਥੋਂ ਤੱਕ ਤੂੰ ਸੀਮਿਤ ਨਹੀਂ। ਤੂੰ ਬਹੁਤ ਬੇਅੰਤ ਹੈਂ। ਇਹ ਤਾਂ ਸਿਰਫ਼ ਮੈਂ ਸਮਝਾਉਣ ਵਾਸਤੇ ਕਿਹਾ ਹੈ। ਗੁਰੂ ਰਾਮਦਾਸ ਜੀ ਕਹਿ ਰਹੇ ਹਨ ਕਿ ਮੈਂ ਤਾਂ ਕਹਿ ਰਿਹਾ ਹਾਂ ਵਾਹਿਗੁਰੂ ਜੀ ਸਾਨੂੰ ਦਾਤਿਆਂ ਤੇ ਭੇਖਾਰੀਆਂ ਵਿਚੋਂ ਤੇਰੇ ਵਿਡਾਉਣੇ ਚੋਜ ਸਮਝ ਪੈ ਜਾਣ। ਹਜ਼ੂਰ ਕਹਿਣ ਲੱਗੇ *ਤੂੰ ਪਾਰਬ੍ਰਹਮ ਬੇਅੰਤੁ ਬੇਅੰਤੁ ਜੀ।* ਤੂੰ ਬੇਅੰਤ ਹੈਂ *ਤੇਰੇ ਕਿਆ ਗੁਣ ਆਖਿ ਵਖਾਣਾ।* ਜਦੋਂ ਅੰਤਰ ਆਤਮੇ ਵਿਚ ਬੇਅੰਤ ਕਹਿੰਦੇ ਅੱਖਰ ਨਹੀਂ। ਗੁਰੂ ਰਾਮਦਾਸ ਜੀ ਮਹਾਰਾਜ ਦੇ ਬਚਨ ਆਉਂਦੇ-

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥

(ਅੰਗ ੭੩੫)

ਮੇਰੇ ਮਾਲਕ ਜੀ! ਕਿਹੜੇ ਕਿਹੜੇ ਤੇਰੇ ਗੁਣ ਕਹਾਂ। ਕਿਉਂ? ਕਹਿਣ ਲੱਗੇ

ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥

ਕੀ ਤੇਰੇ ਗੁਣ ਬਿਆਨ ਕਰਾਂ?

ਜਿਹਵਾ ਏਕ ਕਵਨ ਗੁਨ ਕਹੀਐ॥
ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥

(ਅੰਗ ੬੭੪)

ਕਹਿੰਦੇ ਹਨ ਮੈਂ ਬਸ ਇਕੋ ਗੱਲ ਸਮਝਿਆ ਹਾਂ। ਉਹ ਮੈਂ ਕਹਿਣੀ ਚਾਹੁੰਦਾ ਹਾਂ। ਸੱਚੇ ਪਾਤਿਸ਼ਾਹ!

ਜੋ ਸੇਵਹਿ ਜੋ ਸੇਵਹਿ ਤੁਧੁ ਜੀ

ਇਹਦੇ ਵਿਚ ਕਿੰਨੀ ਵਾਰ ਤੁਧ ਜੀ ਸ਼ਬਦ ਆਉਂਦਾ ਹੈ। ਤੁਧ ਜੀ ਦਾ ਅਰਥ ਹੈ ਤੁਹਾਨੂੰ ਜੀ। ਮੇਰੇ ਵਾਹਿਗੁਰੂ ਜੀ! ਜਿਹੜੇ ਤੈਨੂੰ ਸਿਮਰਦੇ ਪਏ ਹਨ। ਜਿਹੜੇ ਤੈਨੂੰ ਚੇਤੇ ਕਰਦੇ ਪਏ ਹਨ। ਕਹਿੰਦੇ ਮੈਂ ਕੁਛ ਨਹੀਂ ਕਰ ਸਕਦਾ। ਮੈਂ ਇਕੋ ਕੰਮ ਕਰ ਸਕਦਾ ਹਾਂ-

ਜਨੁ ਨਾਨਕੁ ਤਿਨ ਕੁਰਬਾਣਾ॥

ਉਹਨਾਂ ਤੋਂ ਜਨ ਨਾਨਕ ਦਾਸ ਨਾਨਕ ਪੰਨ ਗੁਰੂ ਰਾਮਦਾਸ ਦਾਸ ਬਣਕੇ ਜਿਹੜੇ ਤੈਨੂੰ ਸਿਮਰਦੇ ਹਨ ਵਾਹਿਗੁਰੂ ਜੀ ਮੈਂ ਉਹਨਾਂ ਤੋਂ ਕੁਰਬਾਨ ਹਾਂ। ਕਿੰਨਾ ਕੁ ਕੁਰਬਾਨ ਹਾਂ?

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

(ਅੰਗ ੩੦੬)

ਕਿੰਨੇ ਕੁ ਕੁਰਬਾਨ ਨੇ, ਕਹਿਣ ਲੱਗੇ ਮੈਂ ਇੰਨਾ ਕੁ ਕੁਰਬਾਨ ਹਾਂ।

ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥

(ਅੰਗ ੭੨੨)

ਇੰਨਾ ਕੁਰਬਾਨ ਜਾਂਦਾ ਹਾਂ।

ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥
ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ॥

(ਅੰਗ ੧੩੬੭)

ਉਹਨਾਂ ਤੋਂ ਕੁਰਬਾਨ ਜਾਂਦੇ ਹਾਂ।

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ॥
ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ॥

ਕਹਿਣ ਲੱਗੇ

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥

ਇਹ ਸਾਰੇ ਦੁੱਖ ਕਟਣ ਤੋਂ ਬਾਅਦ ਫਿਰ ਕੀ ਹੋਵੇਗਾ। ਕਹਿਣ ਲੱਗੇ ਫਿਰ ਆਖ਼ਰੀ ਮੁਕਾਮ ਆ ਜਾਏਗਾ। ਕੀ ਜੀ?

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥

(ਅੰਗ ੧੧)

ਪਹਿਲੇ ਸੁਖ ਵਾਸੀ ਫਿਰ ਤੂਟੀ ਜਮ ਕੀ ਫਾਸੀ, ਫਿਰ ਭਉ ਸਭ ਗਵਾਸੀ, ਫਿਰ ਹਰਿ ਹਰਿ ਰੂਪਿ ਸਮਾਸੀ, ਅਖ਼ੀਰ ਤੇ ਕਹਿਣ ਲੱਗੇ *ਤਿਨ ਬਲਿ ਜਾਸੀ।* ਧੰਨ ਗੁਰੂ ਰਾਮਦਾਸ ਜੀ ਆਪ ਜੀ ਕਿਰਪਾ ਕਰਕੇ ਵਿਚਾਰ ਕਰਾਉਗੇ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

***

ਨਾਨਕ ਬਿਨੁ ਨਾਵੈ ਸੁਖੁ ਨਹੀ

ਧੰਨ ਵਾਹਿਗੁਰੂ ਸਾਹਿਬ ਜੀਉ।

ਨਾਮਿ ਲਗੇ ਸੇ ਊਬਰੇ ਬਿਨੁ ਨਾਵੈ ਜਮ ਪੁਰਿ ਜਾਹਿ ॥
ਨਾਨਕ ਬਿਨੁ ਨਾਵੈ ਸੁਖੁ ਨਹੀ ਆਇ ਗਏ ਪਛੁਤਾਹਿ ॥ ੨੪ ॥

(ਅੰਗ ੧੪੧੫)

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਪਰਮ ਸਨਮਾਨ ਯੋਗ ਜੁਗੋ ਜੁਗ ਅਟੱਲ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਮੇਵਾਰਿਉ! ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦਾ ਅੰਮ੍ਰਿਤ ਬਚਨ ਸਲੋਕ ਜੋ ਵਿਚਾਰ ਅਧੀਨ ਹੈ। ਗੁਰੂ ਅਮਰਦਾਸ ਕ੍ਰਿਪਾਲੂ ਸਤਿਗੁਰੂ ਜੀ ਨੇ ਅੱਜ ਦੇ ਇਸ ਅੰਮ੍ਰਿਤ ਬਚਨ ਵਿਚ ਇਹ ਬਖ਼ਸ਼ਿਸ਼ ਕੀਤੀ ਹੈ ਕਿ ਜਿਹੜੇ ਵੀ ਮਨੁੱਖ ਉਸ ਪ੍ਰਭੂ ਦੇ ਨਾਮ ਵਿਚ ਜੁੜ ਗਏ, ਉਹ ਇਸ ਭਵ ਸਾਗਰ ਤੋਂ ਤਰ ਗਏ ਤੇ ਪ੍ਰਮੇਸ਼ਰ ਦੇ ਨਾਮ ਤੋਂ ਜਿਹੜੇ ਵਾਂਝੇ ਰਹਿ ਗਏ, ਪ੍ਰਭੂ ਸਿਮਰਨ ਤੋਂ ਜਿਹੜੇ ਹੀਣੇ ਸਨ, ਧੰਨ ਗੁਰੂ ਅਮਰਦਾਸ ਫ਼ੁਰਮਾਉਂਦੇ ਹਨ ਕਿ ਨਾਮ ਤੋਂ ਬਿਨਾਂ ਜਮਾਂ ਦੇ ਘਰ ਨੂੰ ਚਲੇ ਗਏ। ਨਾਮ ਤੋਂ ਬਿਨਾਂ ਉਹਨਾਂ ਨੂੰ ਅੰਤਰੀਵ ਸੁੱਖ ਦੀ ਪ੍ਰਾਪਤੀ ਨਹੀਂ ਹੋਈ।

ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਵਿਚ ਹਜ਼ੂਰ ਨੇ ਇਸ ਸੰਸਾਰ ਤੇ ਇਸ ਬ੍ਰਹਿਮੰਡ ਦੇ ਸੰਬੰਧੀ ਅਨੇਕਾਂ ਪ੍ਰਮਾਣ ਅਜਿਹੇ ਲਏ ਅਤੇ ਸਮਝਾਉਣ ਦਾ ਸਾਨੂੰ ਯਤਨ ਕੀਤਾ, ਜਿਨ੍ਹਾਂ ਨੂੰ ਅਸੀਂ ਦ੍ਰਿਸ਼ਟਮਾਨ ਅੱਖਾਂ ਨਾਲ ਦੇਖ ਸਕਦੇ ਹਾਂ। ਜਿਵੇਂ ਹਜ਼ੂਰ ਨੇ ਇਸ ਸੰਸਾਰ ਨੂੰ ਇਕ ਅਖਾੜਾ ਦੱਸ ਦਿੱਤਾ ਤੇ ਬਾਣੀ ਵਿਚ ਆਪ ਵੀ ਕ੍ਰਿਪਾਲਤਾ ਕੀਤੀ ਉਹਨਾਂ ਕਿ ਸੰਸਾਰ ਇਕ ਅਖਾੜੇ ਦੀ ਤਰ੍ਹਾਂ ਹੈ। ਇਸਦੇ ਵਿਚ ਪਹਿਲਵਾਨ ਉਤਰੇ ਹਨ। ਆਪਣੇ ਬਾਹੂ-ਬੱਲ, ਆਪਣੀ ਤਾਕਤ ਦੇ ਨਾਲ ਉਹ ਲੋਕਾਂ ਨੂੰ ਢਾਹ ਕੇ ਇਸ ਅਖਾੜੇ ਵਿਚੋਂ ਜਿੱਤ ਕੇ ਜਾਂਦੇ ਪਏ ਹਨ। ਇਸ ਅਖਾੜੇ ਵਿਚ ਜਿਥੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਸਤਿਗੁਰੂ ਜੀ ਨੇ ਪਹਿਲਵਾਨਾਂ ਨਾਲ ਤੁਲਨਾ ਦਿੱਤੀ, ਉਥੇ ਗੁਰੂ ਦੇ ਸ਼ਬਦ ਨੂੰ ਆਪਣੇ ਜੀਵਨ ਵਿਚ ਕਮਾਉਣ ਵਾਲੇ ਜਿਹੜੇ ਸੰਤ ਜਨ ਹਨ, ਉਹ ਇਹਨਾਂ ਪੰਜਾਂ ਵਿਕਾਰਾਂ ਨੂੰ ਜਿੱਤ ਕੇ ਚਲੇ ਗਏ।

ਮੇਰੇ ਕਹਿਣ ਤੋਂ ਮੁਰਾਦ ਜਿਵੇਂ ਅਖਾੜੇ ਵਿਚ ਮੱਲ ਪਹਿਲਵਾਨ ਉਤਰਦੇ ਹਨ, ਇਸ ਤਰ੍ਹਾਂ ਸੰਸਾਰ ਨੂੰ ਅਖਾੜਾ ਕਹਿ ਕੇ ਜੀਵਨ ਦੇ ਘੋਲ ਨੂੰ ਬਿਆਨ ਕਰਨ ਲਈ ਇਕ ਉਦਾਹਰਨ ਦੇ ਦਿੱਤੀ। ਜ਼ਿੰਦਗੀ ਵੀ ਅਖਾੜੇ ਵਿਚ ਕੁਸ਼ਤੀ ਲੜਨ ਦੀ ਤਰ੍ਹਾਂ ਹੈ। ਅਸੀਂ ਹਜ਼ੂਰ ਦੇ ਬਚਨ ਪੜ੍ਹਦੇ ਹਾਂ ਕਿ-

ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥

(ਅੰਗ ੭੪)

ਆਪ ਹੀ ਉਸਨੇ ਛਿੰਝ ਪਾਈ ਹੈ ਤੇ ਆਪ ਹੀ ਇਸ ਮੱਲ ਅਖਾੜੇ ਨੂੰ ਉਹ ਆਪ ਦੇਖ ਰਿਹਾ ਹੈ। ਇਸੇ ਤਰ੍ਹਾਂ ਸਾਨੂੰ ਸਮਝਾਉਣ ਲਈ ਸਤਿਗੁਰੂ ਜੀ ਨੇ ਅੰਮ੍ਰਿਤ ਬਾਣੀ ਵਿਚ ਇਹ ਵੀ ਉਦਾਹਰਣਾਂ ਦਿੱਤੀਆਂ ਕਿ ਸੰਸਾਰ ਤਾਂ ਮਾਨੋ ਰੱਬ ਦਾ ਬਣਾਇਆ ਹੋਇਆ ਇਕ ਬਹੁਤ ਸੁੰਦਰ ਬਾਗ਼ ਹੈ। ਬਾਗ਼ ਤੋਂ ਬਾਅਦ ਕਹਿਣ ਲੱਗੇ ਕਿ ਸੰਸਾਰ ਇਕ ਭਿਆਨਕ ਜੰਗਲ ਦੀ ਤਰ੍ਹਾਂ ਹੈ। ਹਜ਼ੂਰ ਦੇ ਬਚਨ ਅਸੀਂ ਪੜ੍ਹਦੇ ਹਾਂ ਕਿ ਇਸ ਜੰਗਲ ਵਿਚ ਅਜਿਹੇ ਖ਼ੂਨਖ਼ਾਰ ਜਾਨਵਰ ਹਨ ਜਿਹੜੇ ਮਨੁੱਖ ਨੂੰ ਖ਼ਤਮ ਕਰਨ 'ਤੇ ਤੁਲੇ ਹੋਏ ਹਨ। ਜੰਗਲ ਵੀ ਸੰਸਾਰ ਨੂੰ ਕਿਹਾ, ਬਾਗ਼ ਵੀ ਸੰਸਾਰ ਨੂੰ ਕਿਹਾ, ਅਖਾੜਾ ਵੀ ਸੰਸਾਰ ਨੂੰ ਕਿਹਾ, ਰਣ-ਭੂਮੀ ਵੀ ਸੰਸਾਰ ਨੂੰ ਕਹਿ ਦਿੱਤਾ, ਇਸ ਜੱਗ ਨੂੰ ਸੱਚੇ ਦੀ ਕੋਠੜੀ ਵੀ ਕਹਿ ਦਿੱਤਾ। ਸਤਿਗੁਰੂ ਨੇ ਅੰਮ੍ਰਿਤ ਬਾਣੀ ਵਿਚ ਇਸ ਸੰਸਾਰ ਨੂੰ ਕੂੜ-ਤਮਾਸ਼ਾ ਵੀ ਕਹਿ ਦਿੱਤਾ। ਅਨੇਕਾਂ ਨਾਵਾਂ ਨਾਲ ਕ੍ਰਿਪਾਲੂ ਦਾਤਾ ਜੀ ਨੇ ਕਿਤੇ ਇਸਨੂੰ ਬਾਦਰ ਕੀ ਛਾਈ ਕਹਿ ਦਿੱਤਾ, ਕਿਤੇ ਹਰਿ ਚੰਦੋਰੀ ਕਹਿ ਦਿੱਤਾ, ਕਿਤੇ ਸ਼ੋਭਨੇ ਦੀ ਤਰ੍ਹਾਂ ਇਸ ਸੰਸਾਰ ਨੂੰ ਕਹਿ ਦਿੱਤਾ, ਕਿਤੇ ਬਾਜੀਗਰ ਦੀ ਖੇਡ ਦੀ ਤਰ੍ਹਾਂ ਕਿਹਾ। ਇਸ ਦਾ ਮਤਲਬ ਕੇਵਲ ਇੰਨਾ ਸੀ ਕਿ ਇਹਨਾਂ ਚੀਜ਼ਾਂ ਨੂੰ ਅਸੀਂ ਅੱਖਾਂ ਨਾਲ ਦੇਖਦੇ ਹਾਂ। ਇਹਨਾਂ ਦੀਆਂ ਉਦਾਹਰਨਾਂ ਲੈ ਕੇ ਸਾਨੂੰ ਸਮਝਾਇਆ ਜਾਏ ਕਿ ਸੰਸਾਰ ਹਕੀਕਤ ਵਿਚ ਕੀ ਹੈ?

ਅੱਜ ਮੇਰੇ ਸਤਿਗੁਰੂ ਜੀ ਨੇ ਸੰਸਾਰ ਨੂੰ ਇਕ ਸਮੁੰਦਰ ਦੇ ਨਾਲ ਤੁਲਨਾ ਦਿੱਤੀ ਹੈ। ਜਿਹੜੇ ਅਸੀਂ ਜੀਵ ਹਾਂ, ਸਾਡੀ ਜ਼ਿੰਦਗੀ ਨੂੰ ਦਾਤਾਰ ਜੀ ਨੇ ਇਸ ਸਮੁੰਦਰ ਵਿਚ ਤਰਦੇ ਹੋਏ ਬੇੜੇ ਦੇ ਨਾਲ ਤੁਲਨਾ ਦੇ ਦਿੱਤੀ। ਆਪਾਂ ਉਦਾਹਰਨ ਨੂੰ ਇਸ ਲਈ ਸਮਝਣਾ ਹੈ ਕਿ ਇਸ ਜ਼ਿੰਦਗੀ ਦੀ ਬਾਜ਼ੀ ਨੂੰ ਆਪਾਂ ਕਿਵੇਂ ਜਿੱਤ ਸਕੀਏ? ਹਜ਼ੂਰ ਨੇ ਅੱਜ ਫ਼ੁਰਮਾਇਆ ਹੈ ਕਿ ਜਿਨ੍ਹਾਂ ਨਾਮ ਦਾ ਪਲੂ ਪਕੜਿਆ ਹੈ, ਉਹ ਸੰਸਾਰ ਸਮੁੰਦਰ ਤੋਂ ਬੱਚ ਗਏ। ਕਦੀ ਸਮੁੰਦਰ ਦੇ ਕਿਨਾਰੇ ਤੁਸੀਂ ਜਾ ਕੇ ਦੇਖੋ, ਹੈ ਉਹ ਸਮੁੰਦਰ ਸ਼ਾਂਤ ਵੀ, ਪਰ ਇਹ ਨਾ ਸੋਚੀਏ ਕਿ ਉਸਨੇ ਹਮੇਸ਼ਾ ਸ਼ਾਂਤ ਰਹਿਣਾ ਹੈ। ਉਸ ਸਮੁੰਦਰ ਦੇ ਵਿਚ ਹੋ ਸਕਦਾ ਹੈ ਕਿਹੜੇ ਵੇਲੇ ਇਹੋ ਜਿਹੀ ਲਹਿਰ ਉੱਠੇ ਕਿ ਕਿਨਾਰੇ 'ਤੇ ਵੱਸੇ ਹੋਏ ਲੋਕਾਂ ਨੂੰ ਉਹ ਲਹਿਰ ਰੋੜ ਕੇ ਆਪਣੇ ਨਾਲ ਹੀ ਲੈ ਜਾਏ। ਜੇ ਹੋਰ ਧਿਆਨ ਨਾਲ ਸਮੁੰਦਰ ਵੱਲ ਝਾਤੀ ਮਾਰੀਏ ਅਤੇ ਸਮੁੰਦਰ ਦੀਆਂ ਲਹਿਰਾਂ ਨੂੰ ਦੇਖੀਏ, ਕਿੰਨੇ ਕਿੰਨੇ ਮੀਟਰ ਸਮੁੰਦਰ ਦੀਆਂ ਲਹਿਰਾਂ ਉੱਚੀਆਂ ਉਠਦੀਆਂ ਹਨ। ਕਿੰਨਾ ਕਿੰਨਾ ਉੱਚਾ ਅਸਮਾਨ ਵਿਚ ਪਾਣੀ ਉੱਛਲਦਾ ਹੈ। ਇਕ ਲਹਿਰ ਅਜੇ ਕਿਨਾਰੇ ਤੱਕ

ਪਹੁੰਚਦੀ ਨਹੀਂ ਤੇ ਹਜ਼ਾਰਾਂ ਲਹਿਰਾਂ ਉਸ ਲਹਿਰ ਦੇ ਪਿੱਛੇ ਤੁਰੀਆਂ ਆਉਂਦੀਆਂ ਹਨ। ਸੱਚ ਜਾਣੋ, ਉਸ ਸਮੁੰਦਰ ਨੂੰ ਦੇਖਕੇ ਆਪਣੇ ਮਨ ਵੱਲ ਝਾਤੀ ਮਾਰੀਦੀ ਹੈ ਤੇ ਇੰਝ ਲੱਗਦਾ ਹੈ ਜਿਵੇਂ ਦੋਨਾਂ ਦਾ ਸੁਭਾਅ ਇਕੋ ਜਿਹਾ ਹੈ।

ਮਨ ਵੀ ਇਕ ਸਮੁੰਦਰ ਦੀ ਤਰ੍ਹਾਂ ਹੈ। ਅਜੇ ਕੁਝ ਫੁਰਨੇ ਸ਼ਾਂਤ ਹੁੰਦੇ ਨਹੀਂ ਕਿ ਬੜੇ ਖ਼ਿਆਲ ਅੰਦਰ ਪੈਦਾ ਹੁੰਦੇ ਹਨ। ਇਕ ਫੁਰਨਾ ਅਜੇ ਸ਼ਾਂਤ ਕਿਨਾਰੇ 'ਤੇ ਲੱਗਾ ਨਹੀਂ ਤੇ ਹਜ਼ਾਰਾਂ ਫੁਰਨੇ ਇਸ ਮਨ ਸਮੁੰਦਰ ਵਿਚ ਹੋਰ ਉਛਾਲੇ ਮਾਰਦੇ ਆਉਂਦੇ ਹਨ। ਇਸ ਮਨ ਵਿਚ ਵਿਕਾਰਾਂ ਦੀਆਂ ਲਹਿਰਾਂ ਉੱਠਦੀਆਂ ਹਨ। ਇਸ ਸੰਸਾਰ ਵਿਚ ਦੁੱਖ ਤੇ ਸੁੱਖ ਦੀਆਂ ਲਹਿਰਾਂ ਉੱਠਦੀਆਂ ਹਨ। ਕਿਸੇ ਨੂੰ ਲਹਿਰ ਡੋਬਦੀ ਪਈ ਹੈ, ਕਿਸੇ ਨੂੰ ਲਹਿਰ ਤਾਰਦੀ ਪਈ ਹੈ। ਸੰਸਾਰ ਇਕ ਸਮੁੰਦਰ ਦੀ ਤਰ੍ਹਾਂ ਹੈ। ਸਾਹਿਬ ਕਹਿੰਦੇ ਹਨ ਕਿ ਇਸ ਸੰਸਾਰ ਸਮੁੰਦਰ ਦੀਆਂ ਲਹਿਰਾਂ 'ਚੋਂ ਜੇ ਬੱਚਣਾ ਚਾਹੁੰਦਾ ਹੈਂ ਤਾਂ ਫਿਰ ਪ੍ਰਮੇਸ਼ਵਰ ਦਾ ਨਾਮ, ਗੁਰੂ ਦਾ ਦਿੱਤਾ ਹੋਇਆ ਗੁਰਮੰਤਰ, ਇਸਨੂੰ ਆਪਣੀ ਜ਼ਿੰਦਗੀ ਵਿਚ ਦ੍ਰਿੜ੍ਹ ਕਰ ਲਏਂ ਤਾਂ ਤੇਰੀ ਜ਼ਿੰਦਗੀ ਦਾ ਬੇੜਾ ਜ਼ਰੂਰ ਕਿਨਾਰੇ ਲੱਗੇਗਾ। ਜੇ ਆਪਾਂ ਆਪਣੇ ਆਪਣੇ ਬੇੜੇ ਵੱਲ ਝਾਤੀ ਮਾਰੀਏ, ਸਰੀਰ ਇਕ ਬੇੜਾ ਹੈ। ਜਿਹੜੇ ਬੇੜੇ ਸਮੁੰਦਰ ਵਿਚ ਤਰਦੇ ਹਨ, ਯਤਨ ਕੀਤਾ ਜਾਂਦਾ ਹੈ ਕਿ ਕਿਸੇ ਵੀ ਤਰੀਕੇ ਨਾਲ ਸਮੁੰਦਰੀ ਬੇੜੇ ਵਿਚ ਕਿਤੋਂ ਵੀ ਪਾਣੀ ਨਾ ਭਰ ਜਾਏ। ਕਿਉਂਕਿ ਜੇ ਬੇੜੇ ਵਿਚ ਪਾਣੀ ਭਰ ਜਾਏਗਾ, ਪਾਣੀ ਉਸਨੂੰ ਤਾਰਦਾ ਜ਼ਰੂਰ ਹੈ ਜੇ ਬੇੜਾ ਕੇਵਲ ਪਾਣੀ ਦੇ ਉੱਪਰ ਰਹੇ। ਪਾਣੀ ਬੇੜੇ ਦੇ ਵਿਚ ਪੈ ਜਾਏ, ਉਹ ਪਾਣੀ ਹੀ ਬੇੜੇ ਨੂੰ ਡੋਬਣ ਦਾ ਕਾਰਨ ਬਣ ਜਾਂਦਾ ਹੈ। ਕਬੀਰ ਕਹਿਣ ਲੱਗੇ ਹੇ ਪ੍ਰਭੂ! ਮੇਰੀ ਜ਼ਿੰਦਗੀ, ਮੇਰਾ ਜੀਵਨ ਇਕ ਬੇੜੇ ਦੀ ਤਰ੍ਹਾਂ ਹੈ। ਇਕ ਤਾਂ ਇਹ ਬੇੜਾ ਪੁਰਾਣਾ ਹੋ ਚੁੱਕਿਆ ਹੈ। ਪਿਆਰਿਉ! ਇਕ ਹੈ ਸਰੀਰ ਦਾ ਬੇੜਾ, ਇਕ ਹੈ ਅੰਦਰ ਮਨ ਦਾ ਬੇੜਾ। ਸਰੀਰ ਦਾ ਬੇੜਾ ਤਾਂ ਤਿਆਰ ਹੁੰਦਾ ਹੈ ਜਨਮ ਤੋਂ, ਪਰ ਮਨ ਦਾ ਜਿਹੜਾ ਬੇੜਾ ਹੈ ਪਤਾ ਨਹੀਂ ਇਸ ਬੇੜੇ ਨੂੰ ਕਿੰਨੇ ਕੁ ਜਨਮ ਹੋ ਗਏ ਹਨ ਇਸ ਭਵ ਸਾਗਰ ਵਿਚ ਤਰਦਿਆਂ, ਕਦੀ ਡੁੱਬਦਾ ਹੈ,, ਕਦੀ ਉਭਰਦਾ ਹੈ।

ਕਬੀਰ ਸਾਹਿਬ ਕਹਿੰਦੇ ਹਨ - ਇਕ ਤਾਂ ਸਾਡੀ ਜ਼ਿੰਦਗੀ ਦਾ ਬੇੜਾ ਜਰਜਰਾ ਹੈ। ਭਰੋਸਾ ਤਾਂ ਨਵੇਂ ਬੇੜੇ ਦਾ ਵੀ ਨਹੀਂ ਕਿ ਕਦੋਂ ਸਮੁੰਦਰ ਵਿਚ ਤੂਫ਼ਾਨ ਉੱਠਣਾ ਹੈ ਤੇ ਉਸਨੇ ਨਵੇਂ ਬੇੜੇ ਨੂੰ ਆਪਣੀ ਘੁੰਮਣ ਘੇਰੀ ਵਿਚ ਲੈ ਕੇ ਇਸਨੂੰ ਡੋਬ ਦੇਣਾ ਹੈ। ਬੇੜੇ ਵਿਚ ਇਕ ਸੁਰਾਖ਼ ਪੈ ਜਾਏ ਤਾਂ ਇਕ ਨਿੱਕਾ ਸੁਰਾਖ਼ ਹੀ ਬੇੜੇ ਨੂੰ ਕੁਝ ਦਿਨਾਂ ਤੋਂ ਬਾਅਦ ਪਾਣੀ ਵਿਚ ਡੋਬ ਦਿੰਦਾ ਹੈ। ਕਹਿੰਦੇ ਹਨ ਆਪਣੇ ਸਰੀਰ ਦੇ ਬੇੜੇ ਵੱਲ ਝਾਤੀ ਮਾਰ ਕੇ ਦੇਖ, ਹੇ ਮਨੁੱਖ! ਇਕ ਸੁਰਾਖ਼ ਨਹੀਂ, ਤੇਰੇ ਇਸ ਬੇੜੇ ਵਿਚ ਹਜ਼ਾਰਾਂ ਸੁਰਾਖ਼ ਹੋ ਗਏ ਹਨ। ਕਿਵੇਂ ਇਸ ਬੇੜੇ ਨੂੰ ਬਚਾਏਂਗਾ। ਇਕ ਤਾਂ ਬੇੜਾ ਭਾਰ ਨਾਲ ਭਰਿਆ ਹੈ, ਦੂਸਰਾ ਇਹ ਜਰਜਰਾ ਹੈ, ਤੀਸਰਾ ਇਸ ਬੇੜੇ ਵਿਚ ਥਾਂ ਥਾਂ 'ਤੇ ਸੁਰਾਖ਼ ਪੈਦਾ ਹੋ ਚੁਕੇ ਹਨ। ਇਸ ਬੇੜੇ ਨੂੰ ਕਿਵੇਂ ਬਚਾ ਸਕਦਾ ਹੈਂ? ਤਰ ਜਾਂਦੇ ਹਨ, ਜਿਹੜੇ ਹੌਲੇ ਹਨ। ਭਾਰੇ ਕਦੀ ਵੀ ਇਸ ਭਵ ਸਾਗਰ ਨੂੰ ਤਰ ਨਹੀਂ

ਸਕਦੇ। ਹੁਣ ਇਹ ਅੱਖਾਂ ਕੰਨ ਹੀ ਨਹੀਂ, ਅਨੇਕਾਂ ਇਹੋ ਜਿਹੇ ਸੁਰਾਖ਼ ਹਨ ਜਿਨ੍ਹਾਂ ਰਾਹੀਂ ਇਸ ਸਰੀਰ ਦੇ ਬੇੜੇ ਦੇ ਅੰਦਰ ਦਿਨ ਰਾਤ ਵਿਕਾਰਾਂ ਦਾ ਪਾਣੀ ਪਿਆ ਭਰਦਾ ਹੈ। ਸਾਡੀ ਸੁਰਤ 'ਤੇ ਬੋਝ ਪੈ ਗਿਆ। ਜਿਹੜਾ ਬੰਦਾ ਹੌਲਾ ਹੈ ਕੇਵਲ ਉਸਨੇ ਹੀ ਬਾਣੀ ਨੂੰ ਤਰਨਾ ਹੈ ਤੇ ਜਿਹੜੇ ਬੰਦੇ ਦੇ ਉੱਪਰ ਆਪ ਭਾਰ ਪਿਆ ਹੋਇਆ ਹੈ, ਉਸਦਾ ਬੇੜਾ ਕਦੀ ਵੀ ਕਿਨਾਰੇ ਨਹੀਂ ਲੱਗ ਸਕਦਾ। ਕਾਮ ਦਾ ਬੋਝ ਹੈ, ਕ੍ਰੋਧ ਦਾ ਬੋਝ ਹੈ, ਈਰਖਾ ਦਾ ਬੋਝ ਹੈ, ਨਿੰਦਿਆ ਦਾ ਬੋਝ ਹੈ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਇਸ ਬੇੜੇ ਉੱਤੇ ਬੋਝ ਵੀ ਬਹੁਤ ਹੈ ਤੇ ਹਜ਼ਾਰਾਂ ਛੇਕ ਇਸਦੇ ਵਿਚ ਪੈ ਗਏ। ਪਿਆਰਿਆ! ਤਰਨਗੇ ਉਹ ਜਿਹੜੇ ਹੌਲੇ ਹਨ।

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥
ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ॥

(ਅੰਗ ੧੩੬੬)

ਅਸੀਂ ਕਹਾਂਗੇ ਕਿ ਅਸੀਂ ਤਾਂ ਭਾਰ ਸਿਰ 'ਤੇ ਚੁੱਕਿਆ ਹੀ ਨਹੀਂ। ਬਿਲਕੁਲ ਹਲਕਾ ਫੁਲਕਾ ਸਾਡਾ ਸਰੀਰ ਹੈ। ਨਹੀਂ ਪਿਆਰਿਓ! ਅਸਲ ਵਿਚ ਉਹ ਭਾਰ ਦਿੱਸਦਾ ਨਹੀਂ। ਭਾਰ ਪ੍ਰਤੀਤ ਹੀ ਉਦੋਂ ਹੁੰਦਾ ਹੈ ਜਦੋਂ ਮੌਤ ਸਾਹਮਣੇ ਦਿੱਸਦੀ ਹੈ ਤੇ ਲੋਕਾਂ ਦੀਆਂ ਪੰਡਾਂ ਚੁੱਕੀਆਂ ਹੋਈਆਂ ਸਿਰ 'ਤੇ ਨਜ਼ਰ ਆਉਂਦੀਆਂ ਹਨ, ਮੈਂ ਕਿੰਨਿਆਂ ਦਾ ਭਾਰ ਆਪਣਾ ਸਿਰ 'ਤੇ ਚੁੱਕੀ ਫਿਰਦਾ ਹਾਂ। ਸਾਹਿਬ ਨੇ ਇਕ ਬਚਨ ਕਿਹਾ ਹੈ ਅਸੰਖ। ਲੋਕ ਅਜਿਹੇ ਹਨ, ਦਿਨ ਰਾਤ ਆਪਣੇ ਸਿਰ 'ਤੇ ਭਾਰ ਚੁੱਕਦੇ ਹਨ। ਮਹਾਰਾਜ ਉਹ ਭਾਰ ਕਿਹੋ ਜਿਹਾ ਹੈ? ਹਜ਼ੂਰ ਦਾ ਬਚਨ ਹੈ ਕਿ *ਬੇਕਾਰ ਪਾਥਰ ਗਲੇ ਬਾਧੇ*- ਜਿਹੜੇ ਵਿਕਾਰ ਹਨ, ਇਹਨਾਂ ਨੂੰ ਪੱਥਰਾਂ ਦੀ ਮਾਲਾ ਬਣਾ ਕੇ ਆਪਣੇ ਗਲੇ ਵਿਚ ਬੰਨ੍ਹ ਲਿਆ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਹ ਭਾਰ ਹਨ, ਇਹ ਪੱਥਰ ਹਨ, ਜਿਹੜੇ ਅਸੀਂ ਆਪਣੇ ਗਲੇ ਵਿਚ ਪਾ ਕੇ ਤੁਰਦੇ ਹਾਂ। *ਬੇਕਾਰ ਪਾਥਰ ਗਲੇ ਬਾਧੇ ਨਿੰਦ ਪੋਟ ਸੁਰਾਏ।* ਆਪਣੇ ਸਿਰ 'ਤੇ ਨਿੰਦਾ ਦੀਆਂ ਪੰਡਾਂ ਚੁੱਕੀਆਂ ਤੇ ਦਿਨ ਰਾਤ ਪੰਡਾਂ ਚੁੱਕੀ ਜਾਂਦੇ ਹਾਂ। ਮਹਾਂ ਸਾਗਰ ਸਮੁੰਦ ਲੰਘਣਾ। ਬੜਾ ਭਿਅੰਨਕ ਸਮੁੰਦਰ ਹੈ ਜਿਸਨੂੰ ਤੂੰ ਪਾਰ ਕਰਨਾ ਹੈ। ਜੇ ਇੰਨਾ ਭਾਰ ਚੁੱਕ ਕੇ ਤੁਰ ਪਇਓਂ ਤਾਂ ਤੂੰ ਭਵ ਸਾਗਰ ਨੂੰ ਪਾਰ ਨਹੀਂ ਕਰ ਸਕੇਗਾ। ਹਾਂ, ਜਦੋਂ ਇਨਸਾਨ ਨੂੰ ਇਹ ਸਮਝ ਪੈ ਜਾਏ ਕਿ ਮੇਰੇ ਸਿਰ ਦੇ ਉੱਤੇ ਬੋਝ ਹੈ, ਇਸ ਭਵ ਸਾਗਰ ਵਿਚ ਮੈਂ ਹੁਣ ਵੀ ਡੁੱਬਾ, ਚਾਰ ਘੜੀਆਂ ਖਲੋ ਕੇ ਵੀ ਡੁੱਬਾ। ਭਾਗਾਂ ਵਾਲੇ ਉਹ ਗੁਰਮੁਖ ਹਨ ਜਿਹੜੇ ਇਸ ਭਵ ਸਾਗਰ ਤੋਂ ਤਰਨ ਦੇ ਲਈ ਆਪਣੇ ਬੇੜੇ ਦਾ ਖ਼ਿਆਲ ਰੱਖਦੇ ਹਨ ਤੇ ਇਸ ਬੇੜੇ ਨੂੰ ਬੰਨ੍ਹ ਕੇ ਭਵ ਸਾਗਰ ਤੋਂ ਪਾਰ ਹੋ ਜਾਂਦੇ ਹਨ।

ਭਗਤ ਨਾਮਦੇਵ ਜੀ ਨੇ ਇਕ ਅਰਦਾਸ ਕੀਤੀ ਹੈ। ਸੰਸਾਰ ਸਮੁੰਦਰ ਤੋਂ ਤਰਨ ਦੇ ਲਈ ਕੇਵਲ ਮਰਨ ਤੋਂ ਬਾਅਦ ਹੀ ਅਰਦਾਸ ਨਹੀਂ, ਆਪਣੇ ਜੀਊਂਦੇ ਜੀਅ ਆਪਣੇ ਕਰਤਾਰ ਦੇ ਚਰਨਾਂ ਵਿਚ ਅਰਦਾਸ ਕਰ ਕਿ ਹੇ ਪ੍ਰਮਾਤਮਾ! ਮੈਨੂੰ ਇਸ ਭਵ ਸਾਗਰ ਦੀਆਂ

ਲਹਿਰਾਂ ਤੋਂ ਬਚਾ। ਹਜ਼ੂਰ ਮੇਹਰ ਕਰਦੇ ਹਨ, ਕਹਿੰਦੇ ਹਨ ਹੇ ਪ੍ਰਭੂ! ਮੇਰਾ ਇਕ ਬੇੜਾ ਹੈ। ਆ ਦੇਖੋ ਇਕ ਲਾਲਚ ਦੀ ਲਹਿਰ ਉੱਠੀ। ਇਹੋ ਜਿਹੀ ਮੇਰੇ ਤਨ ਦੇ ਬੇੜੇ ਨਾਲ ਆ ਕੇ ਟਕਰਾਈ ਕਿ ਇਸਨੇ ਮੇਰੇ ਬੇੜੇ ਨੂੰ ਚਕਨਾਚੂਰ ਕਰਕੇ ਰੱਖ ਦਿੱਤਾ ਹੈ। ਜੇ ਭਵ ਸਾਗਰ ਤੋਂ ਬੇੜਾ ਕਿਨਾਰੇ ਲਗਾਉਣਾ ਹੈ ਤਾਂ ਬਾਬਾ ਨਾਮਦੇਵ ਜੀ ਕਹਿ ਰਹੇ ਹਨ-

ਲੋਭ ਲਹਰਿ ਅਤਿ ਨੀਝਰ ਬਾਜੈ॥

(ਅੰਗ ੧੧੯੬)

ਹੇ ਪ੍ਰਭੂ! ਲੋਭ, ਲਾਲਚ ਦੀਆਂ ਜਿਹੜੀਆਂ ਲਹਿਰਾਂ ਹਨ, ਇਹ ਮੇਰੇ ਤਨ ਦੇ ਬੇੜੇ ਨੂੰ ਆ ਕੇ ਵੱਜਦੀਆਂ ਪਈਆਂ ਹਨ। ਜਦੋਂ ਲਾਲਚ ਦੀ ਲਹਿਰ ਵੱਜੀ ਤਨ ਦੇ ਬੇੜੇ ਨੂੰ ਤਾਂ ਕਹਿੰਦੇ ਨੇ, ਹੇ ਸੋਹਣੇ ਕੇਸਾਂ ਵਾਲੇ ਪ੍ਰਭੂ! ਮੇਰੀ ਜ਼ਿੰਦਗੀ ਦਾ ਬੇੜਾ ਹੁਣ ਡੁੱਬਣ ਲੱਗਾ ਹੈ। ਜੇ ਬੇੜੇ ਨੂੰ ਬਚਾਉਣਾ ਚਾਹੁੰਦਾ ਹੈਂ ਤੇ ਸਾਹਿਬ ਕਹਿੰਦੇ ਹਨ-

ਲੋਭ ਲਹਰਿ ਅਤਿ ਨੀਝਰ ਬਾਜੈ॥
ਕਾਇਆ ਡੂਬੈ ਕੇਸਵਾ॥ ੧॥
ਸੰਸਾਰੁ ਸਮੁੰਦੇ ਤਾਰਿ ਗੋਬਿੰਦੇ॥

ਹੇ ਧਰਤੀ ਨੂੰ ਸਹਾਰਾ ਦੇਣ ਵਾਲੇ ਪ੍ਰਮਾਤਮਾ! ਕ੍ਰਿਪਾ ਕਰ, ਮੇਰੇ ਇਸ ਜ਼ਿੰਦਗੀ ਦੇ ਬੇੜੇ ਨੂੰ ਤਾਰ ਦੇ।

ਤਾਰਿ ਲੈ ਬਾਪ ਬੀਠੁਲਾ॥ ੧॥ ਰਹਾਉ॥

(ਅੰਗ ੧੧੯੬)

ਪੁੱਛਿਆ ਕਿਉਂ ਜੀ ਤੁਹਾਡੇ ਕੋਲ ਆਪਣੇ ਜੀਵਨ ਦੇ ਬੇੜੇ ਦੇ ਚੱਪੂ ਨਹੀਂ ਵੱਜਦੇ? ਅੱਗੋਂ ਭਗਤ ਜੀ ਨੇ ਬਚਨ ਕੀਤੇ। ਕਹਿਣ ਲੱਗੇ - ਹੇ ਪ੍ਰਭੂ! ਹਵਾ ਇੰਨੀ ਕੁ ਤੇਜ਼ ਚੱਲਦੀ ਹੈ ਵਿਕਾਰਾਂ ਦੀ ਕਿ ਮੇਰੇ ਹੱਥਾਂ ਵਿਚ ਫੜੇ ਹੋਏ ਚੱਪੂ, ਇਨ੍ਹਾਂ ਹਵਾਵਾਂ ਦਾ, ਇਨ੍ਹਾਂ ਪਾਣੀ ਦੀਆਂ ਲਹਿਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਜੇ ਤੂੰ ਤਰੁੱਠਿਆ ਹੈਂ ਤਾਂ ਮੈਨੂੰ ਪੂਰਾ ਸਤਿਗੁਰੂ ਮਿਲਾ ਦੇ। ਜੇ ਤੂੰ ਤਰੁੱਠਾ ਹੈਂ ਤਾਂ ਡੁੱਬਦੇ ਹੋਏ ਨਾਮਦੇਵ ਨੂੰ ਬਾਂਹ ਦੇ ਕੇ, ਆਪਣੀ ਬਾਂਹ ਫੜਾ ਕੇ ਇਹਨਾਂ ਲਹਿਰਾਂ ਤੋਂ ਬਾਹਰ ਕੱਢ ਦੇ। ਹੁਣ ਮੇਰੇ ਬੇੜੇ ਤੇ ਮੇਰੇ ਚੱਪੂ ਦੇ ਭਰੋਸੇ ਨਾਲ ਮੈਂ ਇਸ ਭਵ ਸਾਗਰ ਤੋਂ ਪਾਰ ਨਹੀਂ ਹੋ ਸਕਦਾ।

ਅਨਿਲ ਬੇੜਾ ਹਉ ਖੇਵਿ ਨ ਸਾਕਉ ਤੇਰਾ ਪਾਰੁ ਨ ਪਾਇਆ ਬੀਠੁਲਾ॥ ੨॥
ਹੋਹੁ ਦਇਆਲੁ ਸਤਿਗੁਰੁ ਮੇਲਿ ਤੂੰ ਮੋਕਉ॥ ਪਾਰਿ ਉਤਾਰੇ ਕੇਸਵਾ॥ ੩॥

(ਅੰਗ ੧੧੯੬)

ਹੇ ਸੋਹਣੇ ਕੇਸਾਂ ਵਾਲਿਆ! ਮੈਨੂੰ ਸਤਿਗੁਰੂ ਮਿਲਾ ਦੇ। ਕਿਉਂਕਿ ਸਤਿਗੁਰੂ ਅਜਿਹੇ ਹਨ

ਜਿਹੜੇ ਭਵ ਸਾਗਰ ਤੋਂ ਤਾਰ ਸਕਦੇ ਹਨ। ਗੁਰੂ ਆਪ ਤਰਿਆ ਹੈ ਤੇ ਤਾਰੇਗਾ ਵੀ ਉਹ, ਜਿਸਨੂੰ ਆਪ ਤਰਨ ਦੀ ਜਾਚ ਹੈ। ਜਿਹੜਾ ਆਪ ਡੁੱਬ ਚੁੱਕਾ ਹੈ, ਉਸਨੇ ਡੁੱਬੇ ਹੋਏ ਨੂੰ ਕੀ ਤਾਰਨਾ ਹੈ। ਅਸੀਂ ਗੁਰੂ ਨੂੰ ਕਹਿੰਦੇ ਜ਼ਰੂਰ ਹਾਂ ਕਿ ਤੁਹਾਡੇ ਦਰਸ਼ਨ ਕਰਕੇ ਮੈਂ ਜੀਵਾਂ, ਤੁਹਾਡੇ ਦਰਸ਼ਨਾਂ ਵਿਚ ਸੁੱਖ ਹੈ। ਜੇ ਦਰਸ਼ਨਾਂ ਦਾ ਝਲਕਾਰਾ ਮਿਲ ਜਾਏ ਤਾਂ ਉਸਨੂੰ ਅਸੀਂ ਭਰਮ ਕਰਕੇ ਇਕ ਪਾਸੇ ਸੁੱਟ ਦਿੰਦੇ ਹਾਂ, ਛੱਡੋ ਜੀ, ਇਹ ਬੰਦਾ ਝੂਠ ਬੋਲਦਾ ਹੈ। ਸ਼ਬਦ ਦਰਸ਼ਨ ਦੇ ਪੜ੍ਹੇ ਜਾਂਦੇ ਹਨ ਪਰ ਜੇਕਰ ਕਿਸੇ ਨੂੰ ਹੋ ਜਾਏ ਤਾਂ ਉਸਨੂੰ ਲੋਕ ਮੰਨਣ ਲਈ ਤਿਆਰ ਨਹੀਂ।

ਗੁਰੂ ਨੂੰ ਹਰ ਥਾਂ 'ਤੇ ਅੰਗ ਸੰਗ ਅਸੀਂ ਗਾਉਂਦੇ ਜ਼ਰੂਰ ਹਾਂ ਪਰ ਜਦੋਂ ਪ੍ਰਤੱਖ ਹੋ ਕੇ ਗੁਰੂ ਕਿਤੇ ਖੇਡ ਵਰਤਾਉਂਦੇ ਹਨ, ਤਾਂ ਉਦੋਂ ਮਨ ਮੰਨਣ ਨੂੰ ਤਿਆਰ ਨਹੀਂ ਹੁੰਦਾ। ਆਪਣਾ ਮਨ 100% ਨਹੀਂ, 101% ਇਸ ਗੱਲ 'ਤੇ ਯਕੀਨ ਕਰਦਾ ਹੈ ਕਿ ਹੇ ਸਤਿਗੁਰੂ! ਆਪ ਸਮਰੱਥ ਹੋ। ਸਿੱਖ ਦੇ ਬੇੜੇ ਕਿਨਾਰੇ ਲਗਾਉਂਦੇ ਹੋ। ਮੱਖਣ ਸ਼ਾਹ ਦਾ ਬੇੜਾ ਡੋਲਦਾ ਸੀ। ਸਾਰੇ ਜਵਾਬ ਦੇ ਗਏ ਉਸ ਜਹਾਂ ਨੂੰ ਚਲਾਉਣ ਵਾਲੇ ਚਾਲਕ ਤੇ ਇਸ ਸਿੱਖ ਨੇ ਬੇੜੇ ਵਿਚ ਬੈਠਿਆਂ ਇਕ ਕਿਨਾਰੇ ਸਿਰਫ ਦੋ ਕੰਮ ਕੀਤੇ ਸਨ। ਜਦੋਂ ਛੱਲਾਂ ਵੱਜ ਵੱਜ ਕੇ ਬੇੜਾ ਡੁੱਬਣ ਲੱਗਾ ਤਾਂ ਸਭ ਨੇ ਕਹਿ ਦਿੱਤਾ ਕਿ ਹੁਣ ਬੱਚਣ ਦਾ ਕੋਈ ਵੀ ਥਾਂ ਨਹੀਂ। ਮੱਖਣ ਸ਼ਾਹ ਨੇ ਕਿਹਾ ਨਹੀਂ ਭਲਿਆ, ਇਕ ਮਲਾਹ ਉਹ ਵੀ ਹੈ ਜਿਹੜਾ ਜ਼ਿੰਦਗੀ ਦੇ ਬੇੜੇ ਕਿਨਾਰੇ ਲਗਾਉਂਦਾ ਹੈ। ਮੈਨੂੰ ਸਮਾਂ ਦਿਉ ਮੈਂ ਉਸ ਮਲਾਹ ਨੂੰ ਪੁਕਾਰ ਸਕਾਂ। ਦੋ ਕੰਮ ਕੀਤੇ। ਚੌਕੜਾ ਮਾਰ ਕੇ ਭਾਈ ਮੱਖਣ ਸ਼ਾਹ ਬੈਠ ਗਏ। ਇਕਾਗਰ ਹੋ ਕੇ ਉਹਨਾਂ ਨੇ ਸੁਰਤ ਨਾਲ ਸਿਰਫ ਇਕ ਜਪੁਜੀ ਸਾਹਿਬ ਦਾ ਪਾਠ ਕੀਤਾ। ਨਾਲ ਗੱਲ ਵਿਚ ਪੱਲੂ ਪਾ ਕੇ ਅਰਦਾਸ ਕੀਤੀ ਤੇ ਜਿਹੜਾ ਬੇੜਾ ਡੋਲਦਾ ਪਿਆ ਸੀ, ਸਤਿਗੁਰੂ ਗੁਰੂ ਤੇਗ ਬਹਾਦਰ ਜੀ ਨੇ ਉਸਦੇ ਡੋਲਦੇ ਹੋਏ ਬੇੜੇ ਨੂੰ ਕਿਨਾਰੇ ਲਾ ਦਿੱਤਾ।

ਜਦੋਂ ਵੀ ਸਾਡੇ 'ਤੇ ਮੁਸੀਬਤ ਆਉਂਦੀ ਹੈ ਤਾਂ ਕੀ ਗੁਰੂ ਤੇਗ ਬਹਾਦਰ ਅੱਜ ਨਹੀਂ? ਕੀ ਗੁਰੂ ਨਾਨਕ ਸਾਹਿਬ ਜੀ ਦਾ ਅੱਜ ਜਪੁ ਜੀ ਸਾਹਿਬ ਨਹੀਂ? ਜਦੋਂ ਮੁਸੀਬਤ ਆ ਜਾਏ, ਬਹੁਤਾ ਰੌਲਾ ਪਾਉਣ ਦੀ ਥਾਂ, ਦਰ ਦਰ 'ਤੇ ਝੋਲੀ ਅੱਡਣ ਦੀ ਥਾਂ, ਟਿੱਕ ਕੇ, ਸੁਰਤ ਟਿਕਾ ਕੇ ਜਪੁ ਜੀ ਸਾਹਿਬ ਦਾ ਇਕ ਪਾਠ ਕਰ ਤੇ ਅਰਦਾਸ ਕਰ ਤੇ ਸੱਚ ਜਾਣੀ ਤੇਰੀ ਜ਼ਿੰਦਗੀ ਦਾ ਬੇੜਾ ਅੱਜ ਵੀ ਗੁਰੂ ਕਿਨਾਰੇ ਲਗਾਏਗਾ। ਜੇ ਦੁਕਾਨ 'ਤੇ ਬੈਠਾ ਹੈਂ ਕਿਉਂਕਿ ਅਸੀਂ ਸੰਸਾਰੀ ਲੋਕ ਹਾਂ। ਕਹਿੰਦਾ ਦੁਕਾਨ ਵਿਚ ਬਰਕਤ ਨਹੀਂ। ਕਦੀ ਦੁਕਾਨ ਦੀ ਕੁਰਸੀ 'ਤੇ ਬੈਠ ਕੇ ਲੋਕਾਂ ਦੀਆਂ ਦੁਕਾਨਾਂ ਵੱਲ ਦੇਖਕੇ ਮਾੜੇ ਫੁਰਨੇ ਬਣਾਉਣ ਦੀ ਥਾਂ, ਕਿਤੇ ਅੰਤਰ-ਮੁਖ ਹੋ ਕੇ ਜਪੁ ਜੀ ਸਾਹਿਬ ਦਾ ਪਾਠ ਕਰਕੇ ਦੇਖ, ਤੇਰਾ ਗੁਰੂ ਤੇਰੀ ਗੱਦੀ 'ਤੇ ਬੈਠਿਆਂ ਬਰਕਤ ਪਾਏਗਾ।

ਭਾਈ ਮਨਸੁਖ ਨੂੰ ਬਾਬਾ ਬਕਾਲਾ ਸਾਹਿਬ ਦੀ ਧਰਤੀ 'ਤੇ ਸਵੇਰ ਤੋਂ ਸ਼ਾਮ ਤੱਕ ਪੂਰੇ ਗੁਰੂ ਦੀ ਪ੍ਰਾਪਤੀ ਨਾ ਹੋਈ। ਸੂਰਜ ਢੱਲਦੇ ਸਮੇਂ ਉਸਨੇ ਅਰਦਾਸ ਕੀਤੀ ਕਿ ਸਮੁੰਦਰ ਵਿਚ

ਬੇੜੇ ਨੂੰ ਕਿਨਾਰੇ ਲਗਾਉਣ ਵਾਲਿਆ! ਹੁਣ ਦੁਬਿਧਾ ਦੀਆਂ ਲਹਿਰਾਂ ਵਿਚ ਮੇਰਾ ਮਨ ਡੋਲਦਾ ਪਿਆ ਹੈ, ਤੂੰ ਕ੍ਰਿਪਾ ਕਰ। ਜੇ ਬਾਹਰ ਦੇ ਬੇੜੇ ਨੂੰ ਕਿਨਾਰੇ ਲਾਇਆ ਹੈ ਤਾਂ ਮੇਰੇ ਅੰਦਰ ਦਾ ਬੇੜਾ ਵੀ ਹੁਣ ਕਿਨਾਰੇ ਲਗਾ ਦੇ। ਹਜ਼ੂਰ ਸਿਰਫ ਬਾਹਰ ਦੇ ਬੇੜੇ ਨਹੀਂ, ਅੰਦਰ ਦੇ ਬੇੜੇ ਵੀ ਕਿਨਾਰੇ ਲਗਾਉਂਦੇ ਹਨ। ਬਾਬਾ ਜੀ ਨੇ ਬਾਣੀ ਵਿਚ ਇਕ ਬਚਨ ਕਿਹਾ-

ਭੂਲੇ ਮਾਰਗੁ ਜਿਨਹਿ ਬਤਾਇਆ॥
ਐਸਾ ਗੁਰੁ ਵਡਭਾਗੀ ਪਾਇਆ॥ ੧॥ •
ਸਿਮਰਿ ਮਨਾ ਰਾਮ ਨਾਮੁ ਚਿਤਾਰੇ॥
ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ॥ ੧॥ ਰਹਾਉ॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ॥ ੨॥
ਦੁਖ ਸੁਖ ਕਰਤ ਜਨਮਿ ਫੁਨਿ ਮੂਆ॥
ਚਰਨ ਕਮਲ ਗੁਰਿ ਆਸ੍ਰਮੁ ਦੀਆ॥ ੩॥
ਅਗਨਿ ਸਾਗਰ ਬੂਡਤ ਸੰਸਾਰਾ॥

ਮੇਰੀ ਜ਼ਿੰਦਗੀ ਦਾ ਬੇੜਾ ਇਸ ਅੱਗ ਦੇ ਭਵ ਸਾਗਰ ਵਿਚ ਡੁੱਬਦਾ ਪਿਆ ਸੀ।

ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ॥ ੪॥

(ਅੰਗ ੮੦੩)

ਗੁਰੂ ਨੇ ਮੇਰੀ ਬਾਂਹ ਪਕੜ ਕੇ ਮੇਰੇ ਇਸ ਡੁੱਬਦੇ ਹੋਏ ਬੇੜੇ ਨੂੰ ਕਿਨਾਰੇ ਲਗਾ ਦਿੱਤਾ। ਆਪਣੇ ਸਰੀਰ ਦੇ ਸੁੱਖਾਂ ਦੇ ਯਤਨ ਕਰਨ ਵਾਲਿਆ! ਆਪਣੇ ਮਨ ਦੇ ਲਈ ਕਦੀ ਇਕ ਨਾਮ ਵਾਲਾ ਆਹਰ ਵੀ ਕਰ ਲੈ। ਜਿਸ ਉੱਦਮ ਰਾਹੀਂ ਤੂੰ ਭਵ ਸਾਗਰ ਨੂੰ ਪਾਰ ਕਰਨਾ ਹੈ, ਉਸ ਵਿਚ ਤੂੰ ਲੱਗ ਜਾ। ਸਤਿਗੁਰੂ ਗੁਰੂ ਅਰਜਨ ਸਾਹਿਬ ਸਾਨੂੰ ਆਵਾਜ਼ ਦੇ ਕੇ ਸ਼ਬਦ ਕਹਿੰਦੇ ਹਨ- *ਸਰੰਜਾਮਿ ਲਾਗੁ-* ਇਸ ਉੱਦਮ ਵਿਚ ਲੱਗ ਜਾ। ਕਿਹੜੇ ਉੱਦਮ?

ਸਰੰਜਾਮਿ ਲਾਗੁ ਭਵਜਲ ਤਰਨ ਕੈ॥

ਇਸ ਭਵ ਸਾਗਰ ਨੂੰ ਤਰਨ ਦਾ ਉੱਦਮ ਕਰ ਲੈ। ਕਿਉਂ? ਕਹਿਣ ਲੱਗੇ-

ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥

ਤੇਰੀ ਜ਼ਿੰਦਗੀ, ਤੇਰਾ ਜਨਮ ਵਿਅਰਥ ਚਲਾ ਗਿਆ ਜੇ ਬੇੜਾ ਨਹੀਂ ਬੰਨ੍ਹਿਆ। ਕਿਉਂਕਿ ਸਾਨੂੰ ਹਉਮੈ ਦਾ ਇਕ ਭੁਲੇਖਾ ਹੈ। ਜੇ ਕੋਈ ਕਹਿ ਦੇਵੇ ਤੂੰ ਬੜਾ ਭਗਤ ਹੈਂ, ਉਸ ਵਿਚ ਅਸੀਂ ਜੀਉਂਦੇ ਹਾਂ। ਜੇ ਦੁਨੀਆਂ ਨੇ ਕਹਿ ਦਿੱਤਾ ਮੈਂ ਭਗਤ ਹਾਂ ਤਾਂ ਸੱਚੀ ਮੁੱਚੀ ਭਗਤ ਹਾਂ। ਪਿਆਰਿਉ! ਕਦੀ ਵੀ ਦੁਨੀਆਂ ਦੀ ਵਾਹ ਵਾਹ 'ਤੇ ਅਤੇ ਦੁਨੀਆਂ ਦੇ ਦਿੱਤੇ ਹੋਏ

ਸਰਟੀਫਿਕੇਟ 'ਤੇ ਭਰੋਸਾ ਨਾ ਕਰਿਉ। ਕਿਉਂ? ਉਹ ਸ਼ਹੁ ਬੜਾ ਬੇਪਰਵਾਹ ਹੈ। ਉਹ ਕਦੀ ਕਿਸੇ ਦੀਆਂ ਗੱਲਾਂ 'ਤੇ ਭਰੋਸਾ ਨਹੀਂ ਕਰਦਾ। ਕਬੀਰ ਸਾਹਿਬ ਇਕ ਪਾਸੇ ਇਹ ਸ਼ਬਦ ਕਹਿੰਦੇ ਹਨ ਕਿ ਕਦੀ ਵੀ ਜੀਉਂਦੇ ਜੀਅ ਤੇ ਮਰਨ ਤੋਂ ਬਾਅਦ ਵੀ ਇਹ ਦਾਅਵਾ ਨਾ ਕਰੀਏ ਕਿ ਰੱਬ ਦੇ ਘਰ ਵਿਚ ਸਾਨੂੰ ਯਕੀਨ ਹੈ, ਉਹ ਪ੍ਰਵਾਨ ਹੋ ਗਿਆ। ਜਿਹੜਾ ਦੁੱਖ ਵਿਚ ਅਤਿ ਦਾ ਦੁੱਖ ਪਾ ਕੇ ਜਾਂਦਾ ਹੈ, ਅਸੀਂ ਸੋਚਦੇ ਹਾਂ ਪਤਾ ਨਹੀਂ ਨਰਕਾਂ ਦੀ ਅੱਗ ਵਿਚ ਸੜੇਗਾ ਕੀ ਪਤਾ ਇਹ ਉਸਨੂੰ ਰਹਿਮਤ ਦੇ ਘਰ ਵਿਚ ਬਖ਼ਸ਼ ਦੇਵੇ ਤੇ ਜਿਹੜਾ ਜੱਪ ਤੱਪ ਦੇ ਦਾਅਵੇ ਕਰੀ ਜਾਂਦਾ ਹੈ, ਹੋ ਸਕਦਾ ਹੈ ਜੱਪ ਤੱਪ ਦੀ ਹਉਮੈ ਉਸਨੂੰ ਡੋਬ ਦੇਵੇ।

ਗੁਰੂ ਜੀ ਕਹਿੰਦੇ ਹਨ, ਜੇ ਤੇਰੇ ਅੰਦਰ ਕਿਤੇ ਵੀ ਇਹ ਥੋੜਾ ਜਿਹਾ ਫੁਰਨਾ ਹੈ ਤਰਨ ਲਈ ਤੇ ਮੇਰੀ ਗੱਲ ਨੂੰ ਧਿਆਨ ਨਾਲ ਸੁਣ, ਤੂੰ ਭਵ ਸਾਗਰ ਤੋਂ ਪਾਰ ਹੋ ਸਕਦਾ ਹੈਂ। ਜੇ ਜੁੜ ਸਕਦਾ ਹੈਂ ਤਾਂ ਅੱਲਾਹ ਦੀ ਬੰਦਗੀ ਨਾਲ ਜੁੜ ਜਾ। ਕਿਉਂ ਜੀ? ਕਹਿਣ ਲੱਗੇ ਬੇੜਾ ਤੂੰ ਬੰਨ੍ਹਦਾ ਨਹੀਂ ਪਿਆ, ਦੇਖ ਤੇਰੇ ਇਸ ਤਨ ਨੇ ਇਕ ਦਿਨ ਮਿੱਟੀ ਬਣ ਜਾਣਾ ਹੈ। ਜਿਸ ਕਬਰ ਨੂੰ ਕਦੀ ਕਿਸੇ ਨੇ ਮਾਣ ਨਹੀਂ ਦਿੱਤਾ, ਉਸ ਨਿਮਾਣੀ ਕਬਰ ਦੇ ਵਿਚ ਜਾ ਕੇ ਤੇਰਾ ਵਸੇਬਾ ਹੋਣਾ ਹੈ, ਇਸ ਕਰਕੇ ਜੇ ਪਿਆਰੇ ਲੱਗ ਸਕਦਾ ਹੈਂ ਤਾਂ ਅੱਲਾਹ ਦੇ ਚਰਨਾਂ ਵਿਚ ਲੱਗ। ਬਾਬਾ ਜੀ ਕਹਿਣ ਲੱਗੇ ਕਿ ਰੱਬ ਦਾ ਪਾਉਣਾ ਬੜਾ ਮੁਸ਼ਕਿਲ ਹੈ। ਕਿਵੇਂ ਪਾਈਏ? ਰਹਾਉ ਦੀ ਇਕ ਤੁੱਕ ਵਿਚ ਕਹਿਣ ਲੱਗੇ-

ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥

(ਅੰਗ ੪੮੮)

ਸ਼ੇਖ ਫਰੀਦ, ਅੱਜ ਹੀ ਤੈਨੂੰ ਰੱਬ ਲੱਭ ਸਕਦਾ ਹੈ, ਬਸ ਇਕ ਕੰਮ ਕਰ ਲੈ। ਰੋਕ ਲੈ। ਕਿੰਨ੍ਹਾਂ ਨੂੰ? ਕੂੰਜੜੀਆਂ। ਤੇਰੇ ਅੰਦਰ ਜਿਹੜੀਆਂ ਤੇਰੀਆਂ ਇੰਦਰੀਆਂ ਕੂੰਜਾਂ ਬਣ ਕੇ ਕੁਰਲ ਕੁਰਲ ਕਰਕੇ ਚਾਰ ਚੁਫੇਰੇ ਭੱਜਦੀਆਂ ਹਨ, ਆਪਣੀਆਂ ਇੰਦਰੀਆਂ ਕੂੰਜਾਂ ਨੂੰ ਰੋਕਣ ਦਾ ਯਤਨ ਕਰ, ਰੱਬ ਤੈਨੂੰ ਅੱਜ ਹੀ ਮਿਲ ਸਕਦਾ ਹੈ। ਆਪਾਂ ਬੇੜਾ ਬੰਨ੍ਹਣਾ ਹੈ। ਉਹ ਬੇੜਾ ਬੱਝੇਗਾ ਕਿ

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥ ੧॥
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ॥

(ਅੰਗ ੭੨੯)

ਇਕ ਤਾਂ ਤੇਰਾ ਆਤਮਿਕ ਜੀਵਨ ਕਮਜ਼ੋਰ ਹੈ। ਦੂਜਾ ਸ਼ਹੁ ਦੇ ਬੋਲ ਬੜੇ ਸਖ਼ਤ ਹਨ, ਉਹਨਾਂ ਨੂੰ ਕੋਈ ਝੁਠਲਾ ਨਹੀਂ ਸਕਦਾ। ਹੇ ਜੀਵ-ਇਸਤਰੀਏ! ਜਿਹੜੇ ਜ਼ਿੰਦਗੀ ਦੇ ਦਿਨ ਲੰਘ ਗਏ ਹਨ, ਇਹ ਪਰਤ ਕੇ ਨਹੀਂ ਲੱਭਣੇ। ਹਜ਼ੂਰ ਕਹਿਣ ਲੱਗੇ ਕਿ *ਨਾਮਿ ਲਗੇ।*

ਜਿਹੜੇ ਨਾਮ ਵਿਚ ਲੱਗ ਗਏ। ਸੋਚਦੇ ਰਹੇ ਉਹ ਨਹੀਂ ਜਿਹੜੇ ਨਾਮ ਦੀ ਗੱਲ ਕਰਦੇ ਰਹੇ। ਪਿਆਰਿਉ! ਨਾਮ ਨਾ ਜੱਪਿਆ ਕੀ ਉਹ ਤਰ ਗਏ? ਕਿਵੇਂ ਨਾਮ ਵਿਚ ਲੱਗ ਗਏ?

ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥

(ਅੰਗ ੨੮੬)

ਨਾਮਿ ਲਗੇ ਸੇ ਊਬਰੇ

ਦੇਖੋ, ਜਿਹੜੇ ਨਾਮ ਵਿਚ ਲੱਗ ਗਏ, ਸੇ ਊਬਰੇ, ਉਹ ਤਰ ਗਏ। ਨਾਮ ਤੋਂ ਬਿਨਾਂ ਕਿਸੇ ਨੇ ਤਰਨਾ ਨਹੀਂ। ਆਪਣੇ ਨਾਮ ਨੂੰ ਜੱਪਣ ਵਾਲੇ ਡੁੱਬਦੇ ਹਨ, ਪ੍ਰਭੂ ਦਾ ਨਾਮ ਜੱਪਣ ਵਾਲੇ ਤਰਦੇ ਹਨ। ਜਿਨ੍ਹਾਂ ਦਾ ਜੱਪ ਕੋਈ ਨਹੀਂ ਸੀ, ਤੱਪ ਕੋਈ ਨਹੀਂ ਸੀ, ਕੁਲ ਕੋਈ ਨਹੀਂ ਸੀ, ਕਰਮ ਚੰਗੇ ਨਹੀਂ ਸਨ, ਤਰ ਗਏ, ਪਰ ਕਿਵੇਂ? ਜਿਹੜੇ ਨਾਮ ਨਾਲ ਜੁੜ ਗਏ ਸਨ। ਹਜ਼ੂਰ ਮੇਹਰ ਕਰਦੇ ਹਨ-

ਬਿਨੁ ਨਾਵੈ ਜਮ ਪੁਰਿ ਜਾਂਹਿ॥

ਨਾਮ ਤੋਂ ਬਿਨਾ ਜਮਾਂ ਦੇ ਘਰ ਨੂੰ ਚਲੇ ਗਏ। ਹਜ਼ੂਰ ਕਹਿੰਦੇ ਹਨ-

ਨਾਨਕ ਬਿਨੁ ਨਾਵੈ ਸੁਖੁ ਨਹੀ॥

ਨਾਮ ਤੋਂ ਬਿਨਾਂ ਕਦੀ ਸੁੱਖ ਨਹੀਂ ਮਿਲਿਆ। ਜੇ ਅਸੀਂ ਆਤਮਕ ਸੁੱਖ ਚਾਹੁੰਦੇ ਹਾਂ ਤਾਂ ਆਤਮਕ ਸੁੱਖ ਕੇਵਲ ਨਾਮ ਵਿਚ ਹੈ। ਹੋਰ ਜਿਥੇ ਵੀ ਜਾਉਗੇ ਅੱਗ ਦੇ ਭਾਂਬੜ ਹੀ ਬੱਲਦੇ ਦਿੱਸਣਗੇ। ਹਜ਼ੂਰ ਕਹਿਣ ਲੱਗੇ

ਨਾਨਕ ਬਿਨੁ ਨਾਵੈ ਸੁਖੁ ਨਹੀ ਆਇ ਗਏ ਪਛੁਤਾਹਿ॥ ੨੪॥

(ਅੰਗ ੧੪੧੫)

ਨਾਮ ਤੋਂ ਬਿਨਾਂ ਸੁੱਖ ਨਹੀਂ। ਜਿਹੜੇ ਬੰਦੇ ਨਾਮ ਨਹੀਂ ਜੱਪਦੇ, ਆਉਂਦੇ ਵੀ ਪਛਤਾਉਂਦੇ ਹਨ, ਜਾਂਦੇ ਵੀ ਪਛਤਾਉਂਦੇ ਹਨ। ਗੁਰੂ ਕ੍ਰਿਪਾ ਕਰੇ, ਆਪਾਂ ਨਾਮ ਨਾਲ ਜੁੜੀਏ। ਆਤਮਕ ਤਰੱਕੀ ਵਾਲੇ ਪਾਸੇ ਤੁਰੀਏ। ਗੁਰੂ ਨਦਰ ਕਰੇ ਤਾਂ ਜੋ ਸਾਡੀ ਜ਼ਿੰਦਗੀ ਦਾ ਬੇੜਾ ਕਿਨਾਰੇ ਲੱਗ ਸਕੇ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

***

ਜੀਵਨ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ

ਪਰਮ ਸਨਮਾਨ ਯੋਗ ਸਾਹਿਬ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋ! ਅੱਜ ਅਸੀਂ ਉਹਨਾਂ ਨੂੰ ਯਾਦ ਕਰਨ ਲੱਗੇ ਹਾਂ ਜਿੰਨ੍ਹਾਂ ਨੇ ਇਸ ਸੰਸਾਰ 'ਤੇ ਪੰਜ ਭੌਤਿਕ ਸਰੀਰ ਵਿੱਚ 125 ਸਾਲ ਬਤੀਤ ਕੀਤੇ। ਲਗਪਗ 113 ਸਾਲ ਉਹਨਾਂ ਨੇ ਸਿੱਖੀ ਨੂੰ ਕਮਾਇਆ। ਪੰਜ ਪਾਤਿਸ਼ਾਹੀਆਂ ਨੂੰ ਆਪਣੇ ਹੱਥੀਂ ਗੁਰਤਾ-ਗੱਦੀ ਦਾ ਤਿਲਕ ਦਿੱਤਾ। ਛੇ ਪਾਤਸ਼ਾਹੀਆਂ ਦੇ ਆਪਣੇ ਨੇਤਰਾਂ ਨਾਲ ਦੀਦਾਰ ਪਾਏ ਤੇ ਉਹ ਮਹਾਨ ਮਹਾਂਪੁਰਸ਼ ਜਿਸਨੇ ਗੁਰਬਾਣੀ ਦਾ ਅਨੰਦ ਵੀ ਆਪਣੇ ਤਨ 'ਤੇ ਹੰਢਾ ਕੇ ਦੇਖਿਆ ਤੇ ਜਿਸਨੇ ਕੁਰਬਾਨੀ ਦੇ ਯੁੱਗ ਨੂੰ ਵੀ ਆਪਣੇ ਨੇਤਰਾਂ ਨਾਲ ਦੇਖਿਆ, ਉਹ ਹਨ ਬਾਬਾ ਬੁੱਢਾ ਸਾਹਿਬ ਜੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਦੇ ਵਿੱਚ ਜਿੱਥੇ ਜਗਿਆਸੂ ਆਪਣੇ ਗੁਰੂ ਤੋਂ ਬਾਰ ਬਾਰ ਕੁਰਬਾਨ ਜਾਂਦਾ ਹੈ, ਉਥੇ ਸਤਿਗੁਰੂ ਆਪਣੇ ਸਿੱਖ ਤੋਂ ਬਾਰ ਬਾਰ ਬਲਿਹਾਰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਹਜ਼ੂਰ ਗੁਰੂ ਅਰਜਨ ਦੇਵ ਜੀ ਦਾ ਇੱਕ ਅੰਮ੍ਰਿਤ ਬਚਨ ਹੈ ਕਿ ਆਮ ਤੌਰ ਤੇ ਅਸੀਂ ਰੂਹਾਨੀਅਤ ਦੇ ਮਾਰਗ 'ਤੇ ਚੱਲਣ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਵਿਚੋਂ ਚਾਰ-ਪੰਜ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਕਿਸੇ ਲਈ ਸ਼ਬਦ ਵਰਤਦੇ ਹਾਂ ਕਿ ਇਹ ਮਹਾਨ ਸੰਤ ਹੈ। ਕਿਸੇ ਲਈ ਸ਼ਬਦ ਵਰਤਦੇ ਹਾਂ ਕਿ ਇਹ ਅਸਲ ਵਿੱਚ ਰੱਬ ਦਾ ਪਿਆਰਾ ਭਗਤ ਹੈ। ਕਿਸੇ ਲਈ ਗੁਰੂ ਗ੍ਰੰਥ ਸਾਹਿਬ 'ਚੋਂ ਸ਼ਬਦ ਪੜ੍ਹਦੇ ਹਾਂ ਕਿ ਇਹ ਤਾਂ ਪੂਰਨ ਸਾਧ ਹੈ। ਕਿਸੇ ਲਈ ਪੜ੍ਹਦੇ ਹਾਂ ਕਿ ਇਹ ਤਾਂ ਗੁਰਮੁਖ ਹੈ। ਪੰਜਵਾਂ ਸ਼ਬਦ ਅਸੀਂ ਪੜ੍ਹਦੇ ਹਾਂ ਕਿ ਇਹ ਮਹਾਨ ਗੁਰੂ ਕਾ ਸਿੱਖ ਹੈ। ਗੁਰੂ ਅਰਜਨ ਦੇਵ ਜੀ ਨੇ ਉਥੇ ਫਿਰ ਇੱਕ ਇੱਕ ਇਸ ਮਹਾਂ ਪੁਰਸ਼ ਦੀ ਜ਼ਿੰਦਗੀ ਨੂੰ ਬਿਆਨ ਕਰਦਿਆਂ ਕਿ ਭਗਤ ਕੀ ਕਰ ਰਿਹਾ ਹੈ, ਸੰਤ ਦੀ ਕਮਾਈ ਕੀ ਹੈ, ਸਾਧ ਨੇ ਜ਼ਿੰਦਗੀ ਵਿੱਚ ਕੀ ਕਮਾਇਆ ਹੈ, ਗੁਰਮੁਖ ਦੀ ਘਾਲਣਾ ਕੀ ਹੈ, ਚਾਰਾਂ ਦਾ ਜ਼ਿਕਰ ਕਰ ਕੇ ਅਖ਼ੀਰ 'ਤੇ ਗੁਰੂ ਦੇ ਸਿੱਖ ਦੀ ਗੱਲ ਕੀਤੀ। ਹਜ਼ੂਰ ਦੇ ਬਚਨ ਪੜ੍ਹਦੇ ਹਾਂ-

ਧੰਨੁ ਧੰਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ॥
ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ॥

ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ॥
ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ॥

ਚਾਰਾਂ ਦੀ ਗੱਲ ਕਰਕੇ ਅਖ਼ੀਰ ਤੇ ਕਿਹਾ ਕਿ-

ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥

(ਅੰਗ ੬੪੯)

ਸਭ ਤੋਂ ਵੱਡੇ ਭਾਗ ਉਸ ਗੁਰਸਿੱਖ ਦੇ ਹਨ, ਜਿਹੜਾ ਗੁਰੂ ਦੇ ਚਰਨਾਂ ਵਿੱਚ ਜਾ ਪਿਆ। ਇਸਦਾ ਮਤਲਬ ਹੈ ਗੁਰਸਿੱਖਾ! ਤੇਰੇ ਸਭ ਤੋਂ ਉੱਤਮ ਭਾਗ ਹਨ। ਦੂਸਰਾ ਪ੍ਰਮਾਣ ਇਕ ਗੁਰਸਿੱਖ ਦੇ ਕੋਲ ਕਿੰਨਾ ਕੁ ਖ਼ਜ਼ਾਨਾ ਹੈ? ਕਿਹੜੀਆਂ ਰਹਿਮਤਾਂ ਬਾਬੇ ਨੇ ਉਸਦੇ ਵਿੱਚ ਟਿਕਾਅ ਦਿੱਤੀਆਂ ਹਨ?

ਇੱਕ ਜਗਿਆਸੂ ਤੁਰਿਆ ਆਉਂਦਾ ਹੈ, ਜਿਸ ਨੂੰ ਕੋਈ ਸਮਝ ਨਹੀਂ ਕਿ ਨਾਮ ਕੀ ਹੈ? ਜਿਸ ਨੂੰ ਕੋਈ ਸਮਝ ਨਹੀਂ ਗੁਰੂ ਦੀ ਸੇਵਾ ਕੀ ਹੈ? ਉਹ ਪਹਿਲਾਂ ਗੁਰੂ ਕੋਲ ਨਹੀਂ ਗਿਆ। ਉਸ ਨੂੰ ਗੁਰੂ ਦੇ ਦਰਵਾਜ਼ੇ ਵਿਚੋਂ ਸਿੱਖ ਮਿਲ ਗਿਆ। ਹੱਥ ਜੋੜ ਕੇ ਕਹਿੰਦਾ ਹੈ, ਮੇਰੇ ਭਰਾਵਾ, ਮੈਂ ਤੇਰੇ ਚਰਨ ਫੜਦਾ ਹਾਂ, ਤੂੰ ਕ੍ਰਿਪਾ ਕਰ ਕੇ ਗੁਰੂ ਦੇ ਘਰ ਜਾਣ ਵਾਲਾ ਮਾਰਗ ਦੱਸ ਦੇ। ਮੈਨੂੰ ਉਹ ਮਰਯਾਦਾ ਸਮਝਾ ਦੇ, ਜਿਸ ਦੇ ਨਾਲ ਮੇਰੇ ਮਨ ਦਾ ਖਿੰਡਾਉ ਖ਼ਤਮ ਹੋ ਜਾਏ। ਗੁਰੂ ਨਹੀਂ ਮਿਲਿਆ, ਇਕੱਲਾ ਸਿੱਖ ਮਿਲਿਆ ਹੈ ਤੇ ਗੁਰਸਿੱਖ ਦੀ ਉਪਮਾ ਕਿੰਨੀ ਕੁ ਹੈ? ਅੰਮ੍ਰਿਤ ਬਚਨ ਪੜ੍ਹਦੇ ਹਾਂ ਕਿ-

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ॥

(ਅੰਗ ੭੬੩)

ਕਿਉਂਕਿ ਗੁਰਸਿੱਖ ਕੋਲ ਇੰਨੀ ਕੁ ਤਾਕਤ ਹੈ ਕਿ ਉਸਦੀ ਸਫਾਰਸ਼ ਚੱਲੇ ਤੇ ਪਾਪੀ ਬੰਦਿਆਂ ਉੱਤੇ ਵੀ ਗੁਰੂ ਉਸਦੀ ਸਫਾਰਸ਼ ਨਾਲ ਤਰੁੱਠ ਪੈਂਦਾ ਹੈ। ਸਿੱਖਾ! ਮੈਨੂੰ ਟਾਲੀਂ ਨਾ, ਦੇਖ ਅੱਜ ਮੈਨੂੰ ਮਨੁੱਖਾ ਦੇਹੀ ਮਿਲੀ ਹੈ। ਪਤਾ ਨਹੀਂ ਮੇਰੀ ਜੀਵ-ਆਤਮਾ ਨੇ ਕਿੰਨੀਆਂ ਕੁ ਜੂਨਾਂ ਦਾ ਸਫ਼ਰ ਕੀਤਾ ਹੈ। ਮੈਂ ਤਰਲਾ ਲੈ ਕੇ ਤੈਨੂੰ ਕਹਿੰਦਾ ਹਾਂ-

ਹਉ ਆਇਆ ਦੂਰਹੁ ਚਲਿ ਕੈ

ਮੈਂ ਕਿੰਨੀ ਦੂਰ ਤੋਂ ਸਫ਼ਰ ਕਰਕੇ ਆਇਆ ਹਾਂ। ਮੇਰੀ ਅੰਦਰ ਵਾਲੀ ਜੀਵ-ਆਤਮਾ ਸਫ਼ਰ ਕਰਦਿਆਂ ਕਰਦਿਆਂ ਬਾਬੇ ਨਾਨਕ ਦੇ ਸਿੱਖ ਕੋਲ ਖਲੋ ਕੇ ਕਹਿੰਦੀ ਹੈ ਕਿ ਮੈਨੂੰ ਨਿਰਾਸ਼ ਨਾ ਤੋਰੀਂ। ਮੇਰੀ ਦੂਰੀ ਨੂੰ ਤੂੰ ਮਿਟਾ ਸਕਦਾ ਹੈਂ।

ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥

ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥

ਅੱਗੋਂ ਫਿਰ ਗੁਰਸਿੱਖ ਬੋਲਿਆ, ਉਸ ਦੇ ਸ਼ਬਦ ਹਨ, ਹਜ਼ੂਰ ਨੇ ਕਿਹਾ, ਸਿੱਖ ਬੋਲ ਕੇ ਕਹਿੰਦਾ ਹੈ ਭਰਾਵਾ!

ਇਤੁ ਮਾਰਗਿ ਚਲੇ ਭਾਈਅੜੇ

ਭਾਈਅੜੇ ਦੇ ਅੱਖਰੀ ਅਰਥ ਹਨ ਭਰਾ। ਮੇਰੇ ਭਰਾਵਾ ! ਜੇ ਇਸ ਮਾਰਗ 'ਤੇ ਚੱਲਣਾ ਹੈ ਤਾਂ ਸਭ ਤੋਂ ਪਹਿਲਾਂ ਆਪਣੀ ਅਕਲ ਦੇ ਖੰਭ ਸਾੜ ਕੇ ਗੁਰੂ ਦੇ ਚਰਨਾਂ ਵਿੱਚ ਸਮਰਪਿਤ ਹੋ ਜਾ।

ਗੁਰੁ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥

ਮੈਂ ਤੈਨੂੰ ਗੁਰੂ 'ਤੇ ਭਰੋਸਾ ਕਰਕੇ ਕਹਿੰਦਾ ਹਾਂ-

ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥

ਜਗਿਆਸੂ ਪੁੱਛਦਾ ਹੈ, ਸੱਜਣਾ! ਤੂੰ ਇਨੇ ਭਰੋਸੇ ਨਾਲ ਗੱਲ ਪਿਆ ਕਹਿੰਦਾ ਹੈਂ, ਤੈਨੂੰ ਇਹ ਸਮਝ ਕਿਵੇਂ ਮਿਲ ਗਈ? ਕਹਿਣ ਲੱਗਾ ਇਸ ਤੋਂ ਪਹਿਲਾਂ ਇਕ ਬਚਨ ਕਿਹਾ। ਕਹਿਣ ਲੱਗੇ ਕਿ ਇਹ ਮੇਰੇ ਸ਼ਬਦ ਨਹੀਂ-

ਹਉ ਆਪਹੁ ਬੋਲਿ ਨ ਜਾਣਦਾ

ਮੈਂ ਨਹੀਂ ਬੋਲਦਾ, ਮੇਰੇ ਵਿੱਚ ਮੇਰਾ ਗੁਰੂ ਪਿਆ ਬੋਲਦਾ ਹੈ। ਮੈਨੂੰ ਅਕਲ ਕੋਈ ਨਹੀਂ ਬੋਲਣ ਦੀ।

ਮੈ ਕਹਿਆ ਸਭੁ ਹੁਕਮਾਉ ਜੀਉ॥
ਹਰਿ ਭਗਤਿ ਖਜਾਨਾ ਬਖਸਿਆ
ਗੁਰਿ ਨਾਨਕਿ ਕੀਆ ਪਸਾਉ ਜੀਉ॥

(ਅੰਗ ੭੬੩)

ਤੀਸਰਾ ਬਚਨ ਹੈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ, ਹਜ਼ੂਰ ਸਿੱਖ ਲਈ ਕਿੰਨੀ ਕੁ ਤੜਪ ਰੱਖਦੇ ਹਨ। ਇੱਕ ਸ਼ਬਦ ਜਦੋਂ ਅਸੀਂ ਪ੍ਰੇਮ ਨਾਲ ਭਿੱਜ ਕੇ ਪੜ੍ਹਦੇ ਹਾਂ—

ਆਏ ਮਿਲੁ ਗੁਰਸਿਖ ਆਏ ਮਿਲੁ॥

ਕੌਣ? ਭੇਖੀ ? ਕਹਿਣ ਲੱਗੇ ਨਹੀਂ—

ਤੂ ਮੇਰੇ ਗੁਰੂ ਕੇ ਪਿਆਰੇ॥

(ਅੰਗ ੭੨੫)

ਜੇ ਮੇਰੇ ਗੁਰੂ ਨੂੰ ਪਿਆਰਾ ਲੱਗਦਾ ਹੈ, ਮੈਨੂੰ ਮਿਲ ਤਾਂ ਸਹੀ। ਕਹਿਣ ਲੱਗੇ-

ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰ ਲੰਘਾਇ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥

(ਅੰਗ ੧੪੨੪)

ਭਾਈ ਗੁਰਦਾਸ ਜੀ ਕਹਿੰਦੇ ਹਨ, ਗੁਰਸਿੱਖੋ! ਕਮਾਈ ਵਾਲਿਆਂ ਨੂੰ ਨਿੰਦੀਏ ਨਾ। ਕੇਵਲ ਆਪਣੀ ਹਉਮੈ 'ਤੇ ਜੀਏ ਨਾ। ਪਤਾ ਨਹੀਂ ਉਹ ਸਾਧ ਮੁਰਾਦੇ ਸਿੱਖਾਂ ਵਿੱਚ ਗੁਰੂ ਕਿੰਨੀ ਕੁ ਰਹਿਮਤ ਪਿਆ ਵਰਸਾਉਂਦਾ ਹੈ। ਭਾਈ ਸਾਹਿਬ ਨੇ ਪਉੜੀ ਅੰਦਰ ਸਿੱਖ ਵਿੱਚ ਕਿੰਨੀ ਕੁ ਸ਼ਕਤੀ ਹੈ ਦੁਨੀਆਂ ਨੂੰ ਤਾਰਨ ਦੀ, ਉਸ ਨੂੰ ਬਿਆਨ ਕੀਤਾ ਹੈ। ਬਚਨ ਹਨ ਕਿ- ਬਲਿਹਾਰੀ ਤਿਨ੍ਹਾਂ ਗੁਰਸਿੱਖਾਂ - ਜਿਨ੍ਹਾਂ ਗੁਰਸਿੱਖਾਂ ਨੇ ਗੁਰੂ ਦੇ ਦਰਸ਼ਨ ਕੀਤੇ-

ਬਲਿਹਾਰੀ ਤਿਨ੍ਹਾਂ ਗੁਰਸਿਖਾਂ ਜਾਇ ਜਿਨਾ ਗੁਰ ਦਰਸਨੁ ਡਿਠਾ।
ਬਲਿਹਾਰੀ ਤਿਨ੍ਹਾਂ ਗੁਰਸਿਖਾਂ ਪੈਰੀ ਪੈ ਗੁਰ ਸਭਾ ਬਹਿਠਾ।
ਬਲਿਹਾਰੀ ਤਿਨ੍ਹਾਂ ਗੁਰਸਿਖਾਂ ਗੁਰਮਤਿ ਬੋਲ ਬੋਲਦੇ ਮਿਠਾ।
ਬਲਿਹਾਰੀ ਤਿਨ੍ਹਾਂ ਗੁਰਸਿਖਾਂ ਪੁਤ੍ਰ ਮਿਤ੍ਰ ਗੁਰਭਾਈ ਇਠਾ।

ਕਹਿੰਦੇ ਹਨ ਉਸ ਸਿੱਖ ਤੋਂ ਕੁਰਬਾਨ ਹਾਂ ਜਿਹੜਾ ਪੁੱਤਰਾਂ ਨੂੰ, ਭਰਾਵਾਂ ਨੂੰ, ਖ਼ੂਨ ਦੇ ਰਿਸ਼ਤੇ ਨੂੰ ਇੱਕ ਪਾਸੇ ਕਰਕੇ ਸ਼ਬਦ ਦੇ ਰਿਸ਼ਤੇ ਨੂੰ ਪਾਲ ਕੇ ਸਿੱਖ ਨੂੰ ਆਪਣੇ ਗਲੇ ਨਾਲ ਲਾਉਂਦਾ ਹੈ। ਇਕੱਲਾ ਉਹ ਆਪ ਨਹੀ ਜੇ ਤਰਦਾ ਲੋਕੋ! ਭਾਈ ਗੁਰਦਾਸ ਕਹਿੰਦੇ ਹਨ ਕਿ ਮੈਂ ਅੱਖਾਂ ਨਾਲ ਦੇਖਿਆ ਬਾਬੇ ਬੁੱਢੇ ਵਰਗੇ ਮਹਾਂਪੁਰਸ਼ ਨੂੰ-

ਬਲਿਹਾਰੀ ਤਿਨ੍ਹਾਂ ਗੁਰਸਿਖਾਂ ਆਪ ਤਰੇ ਤਾਰੇਨਿ ਸਰਿਠਾ॥

ਆਪ ਤਰੇ ਹਨ ਤੇ ਸ੍ਰਿਸ਼ਟੀ ਨੂੰ ਤਾਰਦੇ ਹਨ। ਇਹੋ ਜਿਹੇ ਗੁਰਸਿੱਖ ਦੀ ਜਦੋਂ ਗੱਲ ਕਰੀਏ ਤਾਂ-

ਗੁਰਸਿੱਖ ਮਿਲਿਆ ਪਾਪ ਪਣਿਠਾ॥

(ਵਾਰ ੧੨, ਪਉੜੀ ੧)

ਸਿੱਖ ਨੂੰ ਮਿਲਕੇ ਅੰਦਰ ਦੇ ਪਾਪ ਨਾਸ ਹੋ ਜਾਂਦੇ ਹਨ।

ਪੰਜਾਬ ਦੀ ਧਰਤੀ ਕਿੰਨੀ ਕੁ ਭਾਗਾਂ ਵਾਲੀ ਹੈ। ਆਪ ਸਿਆਣੇ ਬੈਠੇ ਹੋ। ਰਿਗਵੇਦ ਵੀ ਇਸ ਧਰਤੀ 'ਤੇ ਲਿਖਿਆ ਗਿਆ। ਦੁਨੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਰਿਗਵੇਦ ਹੈ। ਇਥੇ ਨੌਂ ਪਾਤਿਸ਼ਾਹੀਆਂ ਦੀ ਆਮਦ ਹੋਈ ਹੈ। ਪੰਜਾਬ ਦੀ ਧਰਤੀ ਦਾ ਇੱਕ ਪਿੰਡ ਹੈ ਕਥੂਨੰਗਲ। ਇਸ ਕਥੂਨੰਗਲ ਵਿੱਚ ਭਾਈ ਸੁਘਾ ਰੰਧਾਵਾ ਜ਼ਿਮੀਂਦਾਰ ਰਹਿੰਦਾ ਹੈ। ਇਸ ਦੀ ਪਤਨੀ ਦਾ ਨਾਮ ਹੈ ਬੀਬੀ ਗੌਰਾ। ਮਾਲਕ ਨੇ ਮੇਹਰ ਕੀਤੀ ਹੈ। ਜ਼ਿਮੀਂਦਾਰਾ ਕਰਨ ਵਾਲਾ ਇੱਕ ਸਾਦ

ਮੁਰਾਦਾ ਇਹ ਪਰਿਵਾਰ ਹੈ। ਅਕਤੂਬਰ ਦਾ ਮਹੀਨਾ ਹੈ ਤੇ ਸੰਨ 1506 ਦਾ ਦਿਨ ਆਇਆ। ਭਾਈ ਸੁਘੇ ਰੰਧਾਵੇ ਦੇ ਘਰ ਅੰਦਰ ਮਾਤਾ ਗੌਰਾ ਦੀ ਕੁੱਖ ਵਿਚੋਂ ਬਾਲਕ ਨੇ ਜਨਮ ਲਿਆ। ਉਸ ਬਾਲਕ ਦਾ ਨਾਮ ਪਰਿਵਾਰ ਨੇ ਬੂੜਾ ਰੱਖਿਆ। ਪਿੰਡ ਦੇ ਲੋਕ ਇਸਨੂੰ ਕਹਿੰਦੇ ਹਨ ਭਾਈ ਬੂੜਾ। ਸਮਾਂ ਆਪਣੀ ਚਾਲ ਨਾਲ ਨਿਕਲਦਾ ਗਿਆ। ਇਸ ਬੂੜੇ ਦੀ ਉਮਰ ਤਕਰੀਬਨ 12 ਸਾਲ ਦੀ ਹੋ ਚੁੱਕੀ ਹੈ। ਸੰਨ 1518 ਆ ਗਿਆ ਹੈ। ਇਸੇ ਕਥੂਨੰਗਲ ਦੇ ਇਲਾਕੇ ਵਿੱਚ ਅੰਮ੍ਰਿਤਸਰ ਦੀ ਧਰਤੀ ਦੇ ਨੇੜੇ ਮੇਰੇ ਬਾਬਾ ਨਾਨਕ ਜੀ ਤੇ ਭਾਈ ਮਰਦਾਨਾ ਜੀ ਆਏ। 1518 ਦੀ ਘਟਨਾ ਹੈ। ਹਜ਼ੂਰ ਇਕਾਂਤ ਵਿਚ ਬੈਠੇ ਅੰਮ੍ਰਿਤ ਬਾਣੀ ਦਾ ਕੀਰਤਨ ਪਏ ਕਰਦੇ ਹਨ। ਭਾਈ ਮਰਦਾਨੇ ਦੀ ਰਬਾਬ ਛਿੜੀ। ਹਜ਼ੂਰ ਨੇ ਸਾਈਂ ਦਾ ਕੀਰਤਨ ਕੀਤਾ। ਇੰਨੀ ਦੇਰ ਨੂੰ ਇੱਕ ਬੱਚਾ ਆਇਆ ਹੈ। 12 ਸਾਲ ਦੇ ਉਸ ਬੱਚੇ ਨੇ ਇਸ ਮਹਾਂਪੁਰਸ਼ ਨੂੰ ਦੇਖਿਆ ਤੇ ਚਿੱਤ ਕੀਤਾ ਕਿ ਘਰੋਂ ਜਾ ਕੇ ਦੁੱਧ ਲੈ ਕੇ ਆਵਾਂ। ਕੀਰਤਨ ਦੀ ਧੁੰਨੀ ਕੰਨਾਂ ਵਿਚ ਪਈ ਤਾਂ ਇਹ ਬਾਲਕ ਆਪਣੇ ਘਰੋਂ ਦੁੱਧ ਲੈਣ ਚਲਾ ਗਿਆ। ਮਾਂ ਨੂੰ ਕਹਿੰਦਾ ਹੈ ਕਿ ਅੱਜ ਜੰਗਲ ਵਿਚ ਕੋਈ ਰੱਬ ਦਾ ਫਕੀਰ ਆਇਆ ਬੈਠਾ ਹੈ। ਉਸ ਦੇ ਨਾਲ ਇਕ ਸੱਜਣ ਤਾਰ ਵਜਾਉਂਦਾ ਹੈ। ਉਹ ਆਪਣੀ ਰਸਨਾ ਤੋਂ ਪਹਿਲਾਂ ਗਾਉਂਦਾ ਸੀ, ਫਿਰ ਇਕੋ ਦਮ ਖ਼ਾਮੋਸ਼ ਹੋ ਗਿਆ ਤੇ ਉਸਦੀ ਚੁੱਪ ਵੀ ਲੋਕਾਂ ਨੂੰ ਕੁਝ ਦਾਨ ਪਈ ਵੰਡਦੀ ਸੀ। ਉਸ ਦੇ ਨੇਤਰ ਬੰਦ ਕੀਤੇ ਵੀ ਦ੍ਰਿਸ਼ਟੀ ਪਏ ਕਰਦੇ ਸਨ। ਉਸਦੇ ਬੁੱਲ੍ਹ ਬੰਦ ਹੋਣ ਦੇ ਬਾਵਜੂਦ ਵੀ ਅੰਮ੍ਰਿਤ ਪਏ ਝੜਦੇ ਸਨ ਤੇ ਮਾਂ ਚਿੱਤ ਕੀਤਾ ਹੈ ਉਸ ਫ਼ਕੀਰ ਨੂੰ ਮੈਂ ਦੁੱਧ ਦਾ ਬਾਟਾ ਜਾ ਕੇ ਦੇ ਕੇ ਆਵਾਂ। 12 ਸਾਲ ਦਾ ਬੱਚਾ ਘਰੋਂ ਦੁੱਧ ਲੈ ਕੇ ਗਿਆ ਤੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਿੱਚ ਰੱਖਿਆ। ਹੱਥ ਜੋੜੇ, ਸਤਿਗੁਰੂ ਜੀ ਨੇ ਨੇਤਰ ਖੋਲ੍ਹੇ ਤਾਂ ਕਹਿਣ ਲੱਗਾ ਸੰਤ ਜੀ! ਦੁੱਧ ਛਕੋ। ਪਤਾ ਨਹੀਂ ਸੀ ਕਿ ਇਸ 12 ਸਾਲ ਦੇ ਬੱਚੇ ਦੀ ਅੱਜ ਇਸ ਦੁੱਧ ਦੇ ਬਾਟੇ ਕਰਕੇ ਇਸ ਗੁਰੂ ਸੰਤ ਨਾਲ ਸਾਂਝ ਪੈਣੀ ਹੈ ਤੇ ਅੱਜ ਤੋਂ ਬਾਅਦ ਇਹ ਜਿੰਨੀ ਜ਼ਿੰਦਗੀ ਜੀਏਗਾ, ਬਸ ਇਸ ਗੁਰੂ ਸੰਤ ਦੇ ਚਰਨਾਂ ਵਿੱਚ ਹੀ ਜੀਏਗਾ।

ਉਸ ਨੇ ਦੁੱਧ ਵਾਲਾ ਬਾਟਾ ਸਾਹਮਣੇ ਰੱਖਿਆ ਕਿ ਸੰਤ ਜੀ ਕ੍ਰਿਪਾ ਕਰੋ, ਮੇਰੀ ਮਾਂ ਨੇ ਦੁੱਧ ਕਾੜਨੀ ਵਿਚੋਂ ਕੱਢ ਕੇ ਦਿੱਤਾ ਹੈ। ਜਿਹੜਾ ਕੜਿਆ ਦੁੱਧ ਹੁੰਦਾ ਹੈ ਉਸਦੇ ਵਿੱਚ ਤਾਕਤ ਵੀ ਦੂਜੇ ਦੁੱਧ ਨਾਲੋਂ ਜ਼ਿਆਦਾ ਹੁੰਦੀ ਹੈ। ਆਪ ਕ੍ਰਿਪਾ ਕਰਕੇ ਇਸਨੂੰ ਛਕਣ ਦੀ ਕ੍ਰਿਪਾਲਤਾ ਕਰੋ। ਹਜ਼ੂਰ ਨੇ ਨੇਤਰ ਖੋਲ੍ਹੇ, ਕਹਿਣ ਲੱਗੇ-ਤੈਨੂੰ ਇੰਨਾ ਪਿਆਰ ਸਾਡੇ ਨਾਲ। ਕੋਲ ਬੈਠ ਕੇ ਕਹਿਣ ਲੱਗਾ ਸੰਤ ਜੀ। ਦੁੱਧ ਛੱਕ ਕੇ ਕੋਈ ਰੱਬ ਦੇ ਘਰ ਦੀ ਸੁਣਾਇਆ ਜੇ। ਹਜ਼ੂਰ ਨੇ ਦੁੱਧ ਵਾਲਾ ਬਾਟਾ ਰੱਖ ਦਿੱਤਾ। ਕਹਿਣ ਲੱਗੇ-ਬੇਟਾ, ਤੇਰੀ ਉਮਰ ਕਿੰਨੀ ਹੈ? ਹੇ ਸੰਤ ਜੀ! ਮੇਰੀ ਉਮਰ 12 ਸਾਲ ਦੀ ਹੈ। ਗੁਰੂ ਜੀ ਕਹਿੰਦੇ ਹਨ ਕਿ ਤੈਨੂੰ ਕਿਥੋਂ ਗਿਆਨ ਹੋ ਗਿਆ, ਰੱਬ ਦੀ ਗੱਲ ਦਾ? ਇਕੋ ਦਮ ਗੰਭੀਰ ਹੋ ਕੇ ਉਸ 12 ਸਾਲ ਦੇ ਬੱਚੇ ਨੇ ਕਿਹਾ, ਬਾਬਾ ਜੀ, ਮੌਤ ਨੇ ਕਦੀ ਇੰਤਜ਼ਾਰ ਨਹੀਂ ਕਰਨੀ। ਇੰਝ ਲੱਗਦਾ ਪਿਆ ਹੈ ਕਿ ਮੌਤ ਸਿਰ 'ਤੇ ਕੂਕਦੀ ਪਈ ਹੈ। ਇਸ ਕਰਕੇ ਸੋਚਦਾ ਪਿਆ ਹਾਂ ਕਿ ਮੌਤ ਆਉਣ ਤੋਂ ਪਹਿਲਾਂ ਪਹਿਲਾਂ ਰੱਬ ਦੀ ਗੱਲ ਸੁਣ

ਲਵਾਂ। ਹਜ਼ੂਰ ਨੇ ਕਿਹਾ, ਬੇਟਾ ਇੱਕ ਤੇਰੀ ਉਮਰ 12 ਸਾਲ ਦੀ, ਤੂੰ ਕਹਿੰਦਾ ਪ੍ਰਭੂ ਦੇ ਘਰ ਦੀ ਗੱਲ ਤੇ ਦੂਸਰੀ ਤੂੰ ਕਹਿੰਦਾ ਪਿਆ ਹੈਂ ਕਿ ਮੌਤ ਨੇੜੇ ਹੈ, ਤੈਨੂੰ ਕਿਵੇਂ ਸਮਝ ਪੈ ਗਈ ਕਿ ਮੌਤ ਇੰਨੀ ਨਜ਼ਦੀਕ ਹੈ?

ਉਸ ਵੇਲੇ ਇਸ ਭਾਈ ਬੂੜੇ ਨੇ 12 ਸਾਲ ਦੀ ਉਮਰ ਵਿਚ ਕਿਹਾ-ਬਾਬਾ ਜੀ! ਜ਼ਿਮੀਂਦਾਰ ਦਾ ਬੱਚਾ ਹਾਂ। ਬਾਪੂ ਖੇਤੀ ਕਰਦੇ ਹਨ। ਖੇਤਾਂ ਵਿੱਚ ਕੁਝ ਫ਼ਸਲ ਅਜੇ ਬਿਲਕੁਲ ਹਰੀ, ਜ਼ਮੀਨ ਵਿਚੋਂ ਅੰਕੁਰ ਫੁੱਟੇ ਤੇ ਬਾਹਰ ਨਿਕਲਦੀ ਪਈ ਸੀ। ਕੁਝ ਫ਼ਸਲ ਅਜੇ ਅੱਧੀ ਕੱਚੀ ਤੇ ਅੱਧੀ ਪੱਕੀ ਡਰਦੀ ਸੀ, ਕੁਝ ਫ਼ਸਲ ਪੱਕੀ ਸੀ। ਮੈਂ ਆਪਣੇ ਬਾਪੂ ਨਾਲ ਖੇਤਾਂ ਵਿੱਚ ਗਿਆ। ਹਾਕਮਾਂ ਦੇ ਘੋੜੇ ਤੇ ਸਿਪਾਹੀ ਆਏ। ਉਹਨਾਂ ਨੇ ਸਾਡੀ ਜੰਮਦੀ ਹੋਈ ਫ਼ਸਲ ਨੂੰ ਘੋੜਿਆਂ ਦੀਆਂ ਟਾਪਾਂ ਦੇ ਨਾਲ ਮਿੱਧ ਕੇ ਰੱਖ ਦਿੱਤਾ। ਪੱਕੀ ਹੋਈ ਫ਼ਸਲ ਵੱਢ ਕੇ ਲੈ ਗਏ। ਮੇਰਾ ਬਾਪੂ ਖੂਹ 'ਤੇ ਖਲੋਤਾ ਦੇਖਦਾ ਰਿਹਾ, ਉਹਨਾਂ ਹਾਕਮਾਂ ਨੂੰ ਰੋਕ ਨਾ ਸਕਿਆ। ਬਸ ਉਸ ਦਿਨ ਦਾ ਨਿਰਣਾ ਕਰ ਲਿਆ ਮਨਾਂ! ਇਹ ਤਾਂ ਬੰਦੇ ਹਨ। ਜਿਸ ਦਿਨ ਆ ਪੈਣ ਹਾਕਮ ਤੇ ਪੱਕੀ ਫ਼ਸਲ ਨੂੰ ਧੱਕੇ ਨਾਲ ਕੱਢ ਕੇ ਲੈ ਜਾਂਦੇ ਹਨ ਤੇ ਮੈਨੂੰ ਉਸ ਦਿਨ ਦਾ ਇੰਝ ਲੱਗਦਾ ਹੈ ਕਿ ਮੌਤ ਦਾ ਕੋਈ ਪਤਾ ਨਹੀਂ ਕਿ ਇਸ ਸਰੀਰ ਦੀ ਫ਼ਸਲ ਨੇ ਡਰਦੀ ਹੋਣਾ ਵੀ ਹੈ ਕਿ ਨਹੀਂ। ਇਸ ਬਚਪਨ ਵਿੱਚ ਹੀ ਜੰਮਦੀ ਫ਼ਸਲ ਨੂੰ ਮੌਤ ਲੈ ਜਾਏ। ਕੀ ਪਤਾ ਹੈ ਕਿ ਡਰਦੀ ਹੋਣ ਤੋਂ ਬਾਅਦ ਜਦੋਂ ਪੱਕੇ ਤਾਂ ਉਸ ਤੋਂ ਪਹਿਲਾਂ ਹੀ ਮੌਤ ਲੈ ਜਾਏ। ਬਸ ਬਾਬਾ ਜੀ, ਉਸ ਉਜੜੀ ਹੋਈ ਫ਼ਸਲ ਨੇ ਮੈਨੂੰ ਆਪਣੇ ਅੰਦਰ ਨਾਮ ਦਾ ਬੀਜ ਬੀਜਣ ਵਾਸਤੇ ਪ੍ਰੇਰਿਆ ਹੈ ਤੇ ਇੱਕ ਕ੍ਰਿਪਾ ਕਰੋ, ਸੁਣਾਉ ਕੋਈ ਮੈਨੂੰ ਰੱਬ ਦੇ ਘਰ ਦੀ ਗੱਲ। ਹਜ਼ੂਰ ਨੇ ਇਸਨੂੰ ਆਪਣੇ ਗਲੇ ਨਾਲ ਲਾਇਆ, ਦੁੱਧ ਨਹੀਂ ਪੀਤਾ। 12 ਸਾਲ ਦੇ ਬੱਚੇ ਦਾ ਸਿਰ ਜਦੋਂ ਗੁਰੂ ਨਾਨਕ ਸਾਹਿਬ ਦੇ ਸੀਨੇ ਨਾਲ ਲੱਗਾ ਤਾਂ ਮੇਰੇ ਬਾਬੇ ਦੇ ਸੀਨੇ ਵਿੱਚ ਪਿਆ ਹੋਇਆ ਰੱਬ ਦੇ ਨਾਮ ਦਾ ਖ਼ਜ਼ਾਨਾ ਇਸ ਬੱਚੇ ਦੇ ਵਿੱਚ ਪ੍ਰਵੇਸ਼ ਕਰ ਗਿਆ। ਘੁੱਟ ਕੇ ਛਾਤੀ ਨਾਲ ਲਾ ਕੇ ਕਿਹਾ, ਮੇਰੇ ਲਾਲ ! ਤੇਰੀ ਉਮਰ ਬੱਚਿਆਂ ਵਾਲੀ ਹੈ ਪਰ ਤੂੰ ਗੱਲਾਂ ਬੁੱਢਿਆਂ ਵਾਲੀਆਂ ਕਰਦਾ ਹੈਂ। ਇਸ ਲਈ ਅੱਜ ਤੋਂ ਬਾਅਦ ਤੂੰ ਸਾਡਾ ਬਾਬਾ ਬੁੱਢਾ ਹੈਂ। ਸੱਚ ਜਾਣਿਉ, ਬਾਬੇ ਨਾਨਕ ਦੇ ਘਰ ਵਿੱਚ ਬਜ਼ੁਰਗੀ ਤਾਂ ਕੇਵਲ ਰੱਬ ਦੀ ਬੰਦਗੀ ਕਰਕੇ ਹੈ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਇੱਕ ਬਚਨ ਕਿਹਾ ਹੈ। ਕਹਿੰਦੇ ਹਨ ਕਿ ਜੇ ਤੂੰ ਚਾਹੁੰਦਾ ਹੈਂ ਕਿ ਮੈਨੂੰ ਬਜ਼ੁਰਗੀ ਮਿਲੇ ਤਾਂ ਬਜ਼ੁਰਗੀ ਕੇਸ ਚਿੱਟੇ ਹੋਣ ਨਾਲ ਨਹੀਂ, ਬਜ਼ੁਰਗੀ ਤਾਂ ਰੱਬ ਦੀ ਬੰਦਗੀ ਕਰਨ ਨਾਲ ਮਿਲਦੀ ਹੈ। ਘਰ ਜਾ ਕੇ ਬਾਬਾ ਬੁੱਢਾ ਜੀ ਨੇ ਕਿਹਾ- ਅੰਮੀਏ! ਅੱਜ ਤੋਂ ਬਾਅਦ ਮੈਂ ਉਸੇ ਸੰਤ ਨਾਲ ਹੀ ਚਲੇ ਜਾਣਾ ਹੈ। ਜਿਥੇ ਉਹ ਜਾਣਗੇ, ਮੈਂ ਉਥੇ ਟਿਕਾਂਗਾ। ਹਜ਼ੂਰ ਕਰਤਾਰਪੁਰ ਦੀ ਧਰਤੀ 'ਤੇ ਆਏ ਤਾਂ ਇਸ ਭਾਈ ਬੁੱਢੇ ਨੇ ਸਭ ਕੁਝ ਛੱਡਕੇ ਕਰਤਾਰਪੁਰ ਆਪਣਾ ਵਸੇਬਾ ਕਰ ਲਿਆ। ਇਸ ਕਰਤਾਰਪੁਰ ਦੀ ਉਸਾਰੀ ਵਿੱਚ ਬਾਬੇ ਬੁੱਢੇ ਦਾ ਪੂਰਾ ਯੋਗਦਾਨ ਹੈ। ਕਰਤਾਰਪੁਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਾਲ ਬਾਬਾ

ਬੁੱਢਾ ਜੀ ਨੇ ਹੱਲ ਵਾਹੇ। ਇਸੇ ਕਰਤਾਰਪੁਰ ਦੀ ਧਰਤੀ 'ਤੇ ਧਰਮਸ਼ਾਲਾ ਵਿੱਚ ਦੀਵਾਨ ਸੱਜੇ, ਕੀਰਤਨ ਸੁਣਨ ਤੇ ਕਰਨ ਵਾਲਿਆਂ ਵਿੱਚ ਬਾਬਾ ਬੁੱਢਾ ਜੀ ਵੀ ਹਨ।

ਸੰਨ ਆ ਗਿਆ 1539। ਭਾਈ ਲਹਿਣਾ ਜੀ ਨੂੰ ਸੱਤ ਸਾਲ ਹੋ ਗਏ ਹਨ ਬਾਬੇ ਨਾਨਕ ਦੇ ਘਰ ਵਿੱਚ ਆਇਆਂ। ਅੱਜ ਹਜ਼ੂਰ ਨੇ ਇੱਕ ਅਸਚਰਜ ਕੌਤਕ ਵਰਤਾਇਆ ਹੈ। ਤਨ ਦੇ ਉੱਤੇ ਲੰਮਾ ਚੋਲਾ ਪਾ, ਕੁਝ ਕੁ ਸ਼ਿਕਾਰੀ ਕੁੱਤੇ ਨਾਲ ਲਏ। ਹੱਥ ਵਿੱਚ ਫੜਕੇ ਸੋਟਾ ਕਰਤਾਰਪੁਰ ਤੋਂ ਬਾਹਰ ਜੰਗਲ ਵੱਲ ਨੂੰ ਤੁਰ ਪਏ। ਹੋਰ ਵੀ ਬਹੁਤ ਸਾਰੇ ਨਾਲ ਤੁਰੇ। ਕੋਈ ਸੋਨਾ, ਕੋਈ ਹੀਰੇ ਚੁੱਕ ਕੇ ਵਾਪਿਸ ਆ ਗਿਆ। ਅਖ਼ੀਰ 'ਤੇ ਦੋ ਰਹਿ ਗਏ, ਜਿੰਨ੍ਹਾਂ ਨੂੰ ਸੋਨੇ, ਹੀਰੇ ਤੇ ਮੋਤੀ ਨੇ ਨਾ ਭਰਮਾਇਆ। ਇਹ ਸੀ ਇਕ ਬਾਬਾ ਲਹਿਣਾ ਜੀ ਤੇ ਦੂਸਰਾ ਸੀ ਮੇਰੇ ਗੁਰੂ ਨਾਨਕ ਦਾ ਬਾਬਾ ਬੁੱਢਾ ਜੀ। ਬਾਬਾ ਬੁੱਢਾ ਜੀ ਤੇ ਭਾਈ ਲਹਿਣਾ ਜੀ ਕੋਲ ਖਲੋਤੇ ਹਨ। ਹਜ਼ੂਰ ਨੇ ਆਪਣੀ ਨਜ਼ਰ ਬਾਬੇ ਬੁੱਢੇ 'ਤੇ ਟਿਕਾਈ। ਕਹਿਣ ਲੱਗੇ, "ਬੁੱਢਿਆ, ਚਲਾ ਜਾ ਆਪਣੇ ਘਰ ਨੂੰ। ਕੀ ਲੈਣਾ ਈ ਮੇਰੇ ਪਿੱਛੇ ਆ ਕੇ? ਤੈਨੂੰ ਹੀਰੇ ਚਾਹੀਦੇ ਹਨ, ਮੋਤੀ ਚਾਹੀਦੇ ਹਨ, ਸੋਨਾ ਚਾਹੀਦਾ ਹੈ, ਚੁੱਕ ਜੋ ਕੁਝ ਲੈਣਾ ਈ। ਸੋਟਾ ਮਾਰ ਕੇ ਕਹਿਣ ਲੱਗੇ, ਤੈਨੂੰ ਕੀ ਚਾਹੀਦਾ ਹੈ? ਇਸਨੇ ਹੱਥ ਜੋੜ ਕੇ ਕਿਹਾ, ਮੈਨੂੰ ਕੇਵਲ ਤੂੰ ਚਾਹੀਦਾ ਹੈਂ। ਪਰਤ ਕੇ 1539 ਨੂੰ ਇਸ ਸਰੀਰਕ ਚੋਲੇ ਨੂੰ ਪਲਟਣ ਤੋਂ ਪਹਿਲਾਂ ਸੀਨੇ ਨਾਲ ਲਾ ਕੇ ਸਿਰ ਉੱਤੇ ਹੱਥ ਰੱਖਕੇ ਕਿਹਾ, ਬੁੱਢਿਆ! ਤੇਰੇ ਕੋਲੋਂ ਓਹਲੇ ਕਦੀ ਨਾ ਹੋਸਾਂ। ਕਹਿਣ ਲੱਗੇ ਸੱਚ ਜਾਣੀ, ਮੈਂ ਕਿਸੇ ਰੂਪ ਵਿੱਚ ਵੀ ਹੋਵਾਂਗਾ, ਕਿਸੇ ਥਾਂ 'ਤੇ ਵੀ ਹੋਵਾਂਗਾ, ਤੂੰ ਕਿਤੇ ਵੀ ਬੈਠਾ ਹੋਵੇਂ, ਕਿਸੇ ਨੂੰ ਪਤਾ ਲੱਗੇ ਨਾ ਲੱਗੇ, ਪਰ ਮੇਰੇ ਬੁੱਢੇ ਬਾਬਾ ਤੈਨੂੰ ਜ਼ਰੂਰ ਪਤਾ ਲੱਗੇਗਾ ਕਿ ਗੁਰੂ ਨਾਨਕ ਦੀ ਜੋਤ ਕਿੱਥੇ ਹੈ।

ਬਾਬਾ ਬੁੱਢਾ ਜੀ ਅਸੀਸ ਲੈ ਕੇ ਕਰਤਾਰਪੁਰ ਆ ਗਏ ਤੇ ਗੁਰੂ ਗੱਦੀ 'ਤੇ ਅੰਗਦ ਸਾਹਿਬ ਸੱਚੇ ਪਾਤਿਸ਼ਾਹ ਬਿਰਾਜਮਾਨ ਹੋਏ। ਅੱਜ ਕਰਤਾਰਪੁਰ ਦੀ ਧਰਤੀ 'ਤੇ ਇਕੱਠ ਹੋਇਆ। ਇਸ ਮਹਾਨ ਸਿੱਖ ਨੂੰ ਪਹਿਲਾਂ ਸਨਮਾਨ ਮਿਲਣ ਲੱਗਾ ਹੈ। ਧੰਨ ਗੁਰੂ ਨਾਨਕ ਸਾਹਿਬ ਨੇ ਭਰੀ ਸੰਗਤ ਵਿਚ ਕਿਹਾ-ਭਾਈ ਬੁੱਢਾ ਜੀ! ਅੱਜ ਅਸੀਂ ਆਪਣੀ ਜੋਤ ਭਾਈ ਲਹਿਣਾ ਜੀ ਦੇ ਅੰਦਰ ਟਿਕਾਅ ਦੇਣੀ ਹੈ। ਤੁਸੀਂ ਇੱਕ ਕੰਮ ਕਰੋ ਕਿ ਗੁਰਤਾ ਗੱਦੀ ਦੀ ਮਰਿਯਾਦਾ ਤੁਸੀਂ ਨਿਭਾਉਗੇ। ਬਾਬਾ ਬੁੱਢਾ ਜੀ ਨੇ ਇਸ ਰਸਮ ਨੂੰ ਅਦਾ ਕਰਦਿਆਂ ਹੋਇਆਂ ਆਪਣੇ ਕਰ ਕਮਲਾਂ ਨਾਲ ਧੰਨ ਗੁਰੂ ਅੰਗਦ ਸਾਹਿਬ ਜੀ ਦੇ ਮਸਤਕ ਉੱਤੇ ਗੁਰਤਾ ਗੱਦੀ ਦਾ ਤਿਲਕ ਲਾਇਆ ਤੇ ਉਸ ਦਿਨ ਪਹਿਲਾਂ ਬਾਬੇ ਨਾਨਕ ਨੇ ਭਾਈ ਲਹਿਣੇ ਨੂੰ ਮੱਥਾ ਟੇਕਿਆ ਤੇ ਦੂਸਰਾ ਮੱਥਾ ਟੇਕਿਆ ਬਾਬੇ ਬੁੱਢੇ ਨੇ ਤੇ ਜਿਥੇ ਬਾਬੇ ਬੁੱਢੇ ਦਾ ਮੱਥਾ ਟਿੱਕ ਜਾਏ, ਸੰਗਤ ਭਰੋਸਾ ਕਰਨ ਲੱਗ ਪਈ ਕਿ ਗੁਰੂ ਨਾਨਕ ਦੀ ਜੋਤ ਇਥੇ ਹੀ ਟਿਕੀ ਹੈ।

ਹਜ਼ੂਰ ਗੁਰੂ ਅੰਗਦ ਸਾਹਿਬ ਖਡੂਰ ਸਾਹਿਬ ਦੀ ਧਰਤੀ 'ਤੇ ਆ ਗਏ। ਬਾਬਾ ਬੁੱਢਾ ਜੀ ਕਰਤਾਰਪੁਰ ਸਾਹਿਬ ਰਹੇ। ਗੁਰੂ ਅੰਗਦ ਸਾਹਿਬ ਆਏ ਤੇ ਮਾਈ ਭਿਰਾਈ ਦੇ ਘਰ ਟਿੱਕ ਗਏ

ਤੇ ਨਾਲ ਕਹਿ ਦਿੱਤਾ ਕਿ ਮਾਈ ਕਿਸੇ ਨੂੰ ਸੁਨੇਹਾ ਨਹੀਂ ਦੇਣਾ ਕਿ ਅਸੀਂ ਤੇਰੇ ਘਰ ਟਿਕੇ ਹਾਂ। ਸੰਗਤ ਬਿਹਬਲ ਹੋ ਗਈ। ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨੇ ਹਨ। ਇਹ ਪਤਾ ਹੈ ਕਿ ਭਾਈ ਲਹਿਣਾ ਜੀ ਗੁਰੂ ਅੰਗਦ ਸਾਹਿਬ ਬਣ ਗਏ ਹਨ, ਪਰ ਇਹ ਨਹੀਂ ਪਤਾ ਕਿ ਉਹਨਾਂ ਨੇ ਆਪਣਾ ਟਿਕਾਣਾ ਕਿਥੇ ਕੀਤਾ ਹੈ? ਸਭ ਤੋਂ ਪਹਿਲਾਂ ਨਜ਼ਰ ਗਈ ਬਾਬੇ ਬੁੱਢੇ ਕੋਲ। ਸੰਗਤ ਕੋਲ ਪਹੁੰਚ ਗਈ। ਬਾਬਾ ਜੀ, ਤੁਹਾਨੂੰ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਤੇਰੇ ਤੋਂ ਓਹਲੇ ਕਦੇ ਨਾ ਹੋਸਾਂ। ਕ੍ਰਿਪਾ ਕਰਕੇ ਦੱਸੋ ਕਿ ਤੁਹਾਡਾ ਗੁਰੂ ਨਾਨਕ ਕਿੱਥੇ ਟਿੱਕਿਆ ਹੈ?

ਅੰਦਰ ਦੀ ਸੁਰਤ ਕਰਕੇ ਮਹਾਂਪੁਰਸ਼ ਬਾਬਾ ਬੁੱਢਾ ਜੀ ਕਰਤਾਰਪੁਰ ਤੋਂ ਸੰਗਤ ਲੈ ਕੇ ਚੱਲੇ। ਰਾਵੀ ਪਾਰ ਕੀਤੀ, ਖਡੂਰ ਸ਼ਹਿਰ ਵਿਚ ਆ ਪਹੁੰਚੇ ਹਨ। ਸਿੱਧੇ ਮਾਈ ਭਿਰਾਈ ਦੇ ਘਰ ਵਿੱਚ ਆ ਪਹੁੰਚੇ। ਬਾਬਾ ਜੀ ਨੇ ਕਿਹਾ ਮਾਂ, ਤੇਰੇ ਘਰ ਅੰਦਰ ਸਤਿਗੁਰੂ ਕੀ ਜੋਤ ਲਟਿ ਲਟਿ ਕਰਕੇ ਬਲ ਰਹੀ ਹੈ। ਕਹਿਣ ਲੱਗੀ ਬਾਬਾ ਜੀ, ਤੁਹਾਨੂੰ ਕਿਸਨੇ ਦੱਸ ਦਿੱਤਾ ਹੈ ਕਿ ਮੇਰੇ ਘਰ ਗੁਰੂ ਨਾਨਕ ਸਾਹਿਬ ਦੀ ਜੋਤ ਹੈ। ਬਾਬਾ ਜੀ ਮੁਸਕਰਾ ਕੇ ਕਹਿਣ ਲੱਗੇ ਮਾਂ, ਸੱਚ ਜਾਣੀ, ਤੇਰੇ ਮਸਤਕ ਤੇ ਜਿਹੜਾ ਨੂਰ ਡਲ੍ਹਕਾਂ ਮਾਰਦਾ ਹੈ, ਕਿਸੇ ਅੰਦਰ ਦੇ ਖ਼ਜ਼ਾਨੇ ਦੀ ਇਹ ਸਾਨੂੰ ਸੂਚਨਾ ਪਿਆ ਦਿੰਦਾ ਹੈ, ਤੂੰ ਝੂਠ ਨਾ ਬੋਲ, ਤੇਰੇ ਘਰ ਅੰਦਰ ਗੁਰੂ ਨਾਨਕ ਸਾਹਿਬ ਟਿਕੇ ਹਨ। ਹੱਥ ਜੋੜ ਕਿਹਾ, ਬਾਬਾ ਦੇਖ ਤੈਨੂੰ ਨਾਂਹ ਨਹੀਂ। ਤੂੰ ਗੁਰੂ ਨਾਨਕ ਦਾ ਅਨਿਨ ਸਿੱਖ ਹੈਂ, ਪਰ ਮੈਨੂੰ ਹੁਕਮ ਹੈ ਕਿਸੇ ਨੂੰ ਦੱਸਣਾ ਨਹੀਂ ਤੇ ਬਾਬੇ ਬੁੱਢੇ ਨੇ ਪਹਿਲੀ ਜੁਗਤ ਸਾਨੂੰ ਦੱਸੀ ਕਿ ਜਦੋਂ ਗੁਰੂ ਪ੍ਰਗਟ ਕਰਨਾ ਹੋਵੇ ਤਾਂ ਗੁਰੂ ਪ੍ਰਗਟ ਕਿਵੇਂ ਕਰੀਦਾ ਹੈ? ਆਪ ਬੈਠ ਗਏ ਦਰਵਾਜ਼ੇ ਦੇ ਸਾਹਮਣੇ। ਰਬਾਬੀਆਂ ਨੂੰ ਆਵਾਜ਼ ਦਿੱਤੀ, ਰਬਾਬੀ ਉੱਠ ਕੇ ਆਏ। ਕਹਿਣ ਲੱਗੇ ਮੇਰੇ ਗੁਰੂ ਨਾਨਕ ਦਾ ਸ਼ਬਦ ਪੜ੍ਹੋ। ਮੈਨੂੰ ਭਰੋਸਾ ਹੈ ਕਿ ਗੁਰੂ ਜ਼ਰੂਰ ਆਣਗੇ। ਰਬਾਬੀਆਂ ਨੇ ਕੀਰਤਨ ਸ਼ੁਰੂ ਕੀਤਾ। ਕੀਰਤਨ ਦੀ ਜਦੋਂ ਧੁਨੀ ਉੱਠੀ ਕਿ

ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥

(ਅੰਗ ੭੩੧)

ਇਕੋ ਦਮ ਕਵਾੜ ਖੁੱਲ੍ਹਿਆ ਤੇ ਧੰਨ ਗੁਰੂ ਅੰਗਦ ਸਾਹਿਬ ਸੰਗਤ ਵਿੱਚ ਆ ਬਿਰਾਜਮਾਨ ਹੋਏ। ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਉੱਠੇ ਤੇ ਹਜ਼ੂਰ ਦੇ ਚਰਨਾਂ ਵਿੱਚ ਮੱਥਾ ਟੇਕਿਆ। ਕਹਿਣ ਲੱਗੇ, ਬਾਬਾ ਜੀ, ਤੁਹਾਨੂੰ ਸੂਚਨਾ ਨਹੀਂ ਸੀ ਕਿ ਇਸ ਘਰ ਦੇ ਅੰਦਰ ਕਿਸੇ ਨੇ ਕਵਾੜ ਨਹੀਂ ਖੋਲ੍ਹਣਾ। ਕਹਿਣ ਲੱਗੇ, "ਦਾਤਾ, ਮੈਂ ਤਾਂ ਕਵਾੜ ਖੜਕਾਇਆ ਹੀ ਨਹੀਂ।" ਕਹਿਣ ਲੱਗੇ, "ਸੱਚ ਜਾਣੀ, ਲੋਕ ਬਾਹਰ ਦੀਆਂ ਕੁੰਡੀਆਂ ਖੜਕਾਉਂਦੇ ਹਨ। ਤੈਨੂੰ ਗੁਰੂ ਨਾਨਕ ਅੰਦਰ ਦੇ ਬੂਹੇ ਖੜਕਾਉਣ ਦੀ ਜਾਚ ਦੱਸ ਗਿਆ ਹੈ।" "ਸੱਚੇ ਪਾਤਿਸ਼ਾਹ! ਇਸ ਸੰਗਤ 'ਤੇ ਕਰੋ ਮੇਹਰ।" ਹਜ਼ੂਰ ਦੇ ਨੇਤਰ ਛਲਕ ਆਏ ਜਦੋਂ ਕਿਹਾ ਕਿ ਗੁਰੂ ਨਾਨਕ ਸਾਹਿਬ ਤੁਹਾਨੂੰ ਇਸ ਸੰਗਤ ਲਈ ਉਧਾਰ ਕਰਨ ਲਈ ਥਾਪੀ ਦੇ ਗਏ ਹਨ। ਬਸ 'ਨਾਨਕ' ਸ਼ਬਦ ਦੀ ਦੇਰ ਸੀ ਤੇ ਗੁਰੂ ਅੰਗਦ ਸਾਹਿਬ ਦੇ ਨੇਤਰ ਛਲਕੇ, ਕਹਿਣ ਲੱਗੇ-

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥

(ਅੰਗ ੮੩)

ਬਾਬਾ ਬੁੱਢਾ ਸਾਹਿਬ ਨੇ ਕਿਹਾ, ਇਸ ਬੁੱਢੇ ਦੇ ਪ੍ਰਤੀ ਹੁਕਮ ਕੀ ਹੈ? ਗੁਰੂ ਅੰਗਦ ਸਾਹਿਬ ਨੇ ਬਾਬਾ ਬੁੱਢਾ ਸਾਹਿਬ ਨੂੰ ਮੁਖ਼ਾਤਬ ਕਰਕੇ ਇਹ ਸ਼ਬਦ ਕਹੇ ਸਨ ਕਿ

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥

(ਅੰਗ ੧੫੦)

ਕੀ ਉਪਦੇਸ਼ ਤੁਹਾਨੂੰ ਦੇਣਾ ਹੈ, ਜਿੰਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਨੇ ਸੀਨੇ ਨਾਲ ਲਾ ਕੇ ਬੱਚਿਆਂ ਤੋਂ ਬੁੱਢਿਆਂ ਵਾਲੀ ਪਦਵੀ ਦੇ ਦਿੱਤੀ। ਖਡੂਰ ਸਾਹਿਬ ਵਿਚੋਂ ਬਾਬਾ ਬੁੱਢਾ ਜੀ ਗੁਰੂ ਅੰਗਦ ਦੇਵ ਜੀ ਕੋਲ ਟਿਕੇ ਰਹੇ। ਗੁਰਤਾ ਗੱਦੀ ਦਿੱਤੀ ਧੰਨ ਗੁਰੂ ਅਮਰਦਾਸ ਜੀ ਨੂੰ।

ਅੱਜ ਫਿਰ ਬਾਬਾ ਬੁੱਢਾ ਸਾਹਿਬ ਆਏ। ਪਹਿਲਾਂ ਮੱਥਾ ਗੁਰੂ ਅੰਗਦ ਸਾਹਿਬ ਜੀ ਨੇ ਟੇਕਿਆ ਤੇ ਦੂਸਰਾ ਮੱਥਾ ਬਾਬਾ ਬੁੱਢਾ ਜੀ ਨੇ ਗੁਰੂ ਅਮਰਦਾਸ ਜੀ ਨੂੰ ਟੇਕਿਆ ਤੇ ਗੁਰਤਾ ਗੱਦੀ ਦਾ ਤਿਲਕ ਦਿੱਤਾ। ਇਹ ਮਹਾਂਪੁਰਸ਼ ਗੁਰਤਾ ਗੱਦੀ ਦਾ ਤਿਲਕ ਦੇ ਕੇ ਕੁਝ ਸਮੇਂ ਲਈ ਆਪਣੇ ਘਰ ਚਲੇ ਗਏ। ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਆ ਗਏ। ਅੱਜ ਗੁਰੂ ਦੇ ਪੁੱਤਰ ਬਾਬੇ ਦਾਤੂ ਨੇ ਭਰੇ ਦਰਬਾਰ ਵਿੱਚ ਧੰਨ ਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ। ਹਜ਼ੂਰ ਨੇ ਚਰਨ ਫੜ ਕੇ ਕਿਹਾ ਸੀ, ਗੁਰੂ ਦੇ ਲਾਲ ! ਦੋਸ਼ ਤੇਰਾ ਨਹੀਂ, ਮੇਰਾ ਹੈ। ਤੁਹਾਡੇ ਦਰ 'ਤੇ ਗਾਗਰ ਢੋਣ ਵਾਲਾ ਦਾਸ ਤੇ ਮੇਰੇ ਗੁਰੂ ਕਾ ਲਾਲ ਆਵੇ ਤੇ ਮੈਂ ਅੱਗੋਂ ਜੀ ਆਇਆਂ ਨਾ ਕਹਿਣ ਜਾਵਾਂ। ਬਾਬੇ ਦਾਤੂ ਨੇ ਕਿਹਾ ਅੱਜ ਸ਼ਾਮ ਤੱਕ ਤੁਸੀਂ ਇਥੋ ਟਿਕੋਗੇ, ਕੱਲ ਅੰਮ੍ਰਿਤ ਵੇਲੇ ਦੇ ਦੀਵਾਨ ਤੱਕ ਤੁਸੀਂ ਗੋਇੰਦਵਾਲ ਨਹੀਂ ਰਹਿਣੇ ਚਾਹੀਦੇ। ਬਾਬਾ ਅਮਰਦਾਸ ਜੀ ਕਹਿਣ ਲੱਗੇ-ਮੈਂ ਕੱਲ ਸਵੇਰ ਤੱਕ ਗੋਇੰਦਵਾਲ ਨਹੀਂ ਰਹਾਂਗਾ, ਰਾਤ ਨੂੰ ਮੈਂ ਚਲਾ ਜਾਵਾਂਗਾ। ਇੱਕ ਰਾਤ ਮੈਨੂੰ ਦਿਉ।

ਕਿਸੇ ਸੰਗਤ ਹੋਰ ਨੂੰ ਪਤਾ ਨਹੀਂ। ਗੁਰੂ ਜੀ ਘੋੜੀ 'ਤੇ ਅਸਵਾਰ ਹੋ ਕੇ ਆਪਣੇ ਪਿੰਡ ਬਾਸਰਕੇ ਚਲੇ ਗਏ, ਜਿਥੇ ਗੁਰਦੁਆਰਾ ਸੰਨ੍ਹ ਸਾਹਿਬ ਹੈ। ਬਾਹਰੋਂ ਦਰਵਾਜ਼ੇ ਲਿਪ ਦਿੱਤੇ ਗਏ ਤੇ ਨਾਲ ਲਿਖ ਦਿੱਤਾ, ਜੋ ਬਾਹਰਲੇ ਦਰਵਾਜ਼ੇ ਨੂੰ ਖੋਲ੍ਹੇਗਾ ਸੋ ਗੁਰੂ ਕਾ ਸਿੱਖ ਨਹੀਂ। ਇੱਧਰ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਸੰਗਤ ਬੇਹਬਲ ਹੋਈ। ਸੰਗਤ ਬੈਰਾਗ ਵਿੱਚ ਆਈ ਕਿ ਹਜ਼ੂਰ ਗਏ ਕਿੱਥੇ? ਸੰਗਤ ਨੇ ਕਿਹਾ ਬਾਬੇ ਬੁੱਢੇ ਨੂੰ ਪੁੱਛੋ ਕਿ ਗੁਰੂ ਨਾਨਕ ਦੀ ਜੋਤ ਹੁਣ ਕਿੱਥੇ ਟਿੱਕੀ ਹੈ? ਬਾਬਾ ਬੁੱਢਾ ਜੀ ਸੰਗਤ ਨੂੰ ਲੈ ਕੇ ਪਿੰਡ ਬਾਸਰਕੇ ਉਸ ਮਕਾਨ ਦੇ ਕੋਲ ਜਾ ਖਲੋਤੇ, ਜਿਥੇ ਧੰਨ ਗੁਰੂ ਅਮਰਦਾਸ ਜੀ ਹਨ। ਮਕਾਨ ਦੀ ਪ੍ਰਕਰਮਾ ਕੀਤੀ, ਬਾਹਰ ਵਾਲੇ ਦਰਵਾਜ਼ੇ

ਬੰਦ ਸਨ। ਬਾਬੇ ਬੁੱਢੇ ਨੇ ਇਕ ਜੁਗਤ ਸੋਚੀ। ਉਹਨਾਂ ਨੇ ਬਾਹਰ ਦੇ ਦਰਵਾਜ਼ੇ ਨਹੀਂ ਖੋਲ੍ਹੇ। ਉਹਨਾਂ ਨੇ ਪਿਛਲਿਉਂ ਪਾਸੇ ਸੰਨ੍ਹ ਲਾਈ। ਗੁਪਤ ਦਰਵਾਜ਼ਾ ਖੋਲ੍ਹ ਦਿੱਤਾ ਤੇ ਬਾਬਾ ਬੁੱਢਾ ਕਹਿ ਰਿਹਾ ਸੀ ਕਿ ਦੁਨੀਆਂ ਦੇ ਲੋਕੋ! ਸ਼ਬਦ ਗੁਰੂ ਪ੍ਰਗਟ ਕਰਨਾ ਹੈ ਤਾਂ ਬਾਹਰ ਦੇ ਦਰਵਾਜ਼ੇ ਬੰਦ ਕਰੀਏ ਤੇ ਅੰਦਰ ਦੇ ਗੁਪਤ ਦਰਵਾਜ਼ੇ ਵਿੱਚ ਸੰਨ੍ਹ ਲਾਈਏ ਤਾਂ ਗੁਰੂ ਦੇ ਦਰਸ਼ਨ ਹੁੰਦੇ ਹਨ।

ਬਾਬਾ ਬੁੱਢਾ ਸਾਹਿਬ ਸੰਨ੍ਹ ਲਾ ਕੇ ਅੰਦਰ ਗਏ। ਅੰਦਰ ਗੁਰੂ ਅਮਰਦਾਸ ਕ੍ਰਿਪਾਲੂ ਚੌਕੜਾ ਮਾਰ ਕੇ ਬੈਠੇ ਹਨ। ਬਾਬਾ ਜੀ ਨੇ ਨਮਸਕਾਰ ਕੀਤੀ। ਹਜ਼ੂਰ ਕ੍ਰਿਪਾਲੂ ਜੀ ਦੇ ਨੇਤਰ ਖੁਲ੍ਹੇ। ਕਹਿਣ ਲੱਗੇ, ਬਾਬਾ ਜੀ ਤੁਸੀਂ। ਚਰਨ ਫੜ ਕੇ ਕਹਿਣ ਲੱਗੇ, ਬਖ਼ਸ਼ ਦਿਉ, ਆਪ ਜੀ ਦਾ ਦਾਸ ਹਾਂ। ਸਿੱਖ ਸੰਗਤ ਤੁਹਾਡੇ ਦਰਸ਼ਨ ਤੋਂ ਬਿਨਾਂ ਉਤਾਵਲੀ ਹੈ। ਸਾਹਿਬ ਨੇ ਕਿਹਾ, ਤੁਹਾਨੂੰ ਪਤਾ ਨਹੀਂ ਸੀ ਕਿ ਦਰਵਾਜ਼ਾ ਕਿਸੇ ਨੇ ਨਹੀਂ ਖੋਲ੍ਹਣਾ। ਹੱਥ ਜੋੜ ਕੇ ਕਿਹਾ, ਦਾਤਾ ਜੀ! ਕੋਈ ਨਹੀਂ ਖੋਲ੍ਹੇਗਾ। ਅਸੀਂ ਤਾਂ ਉਹ ਦਰਵਾਜ਼ੇ ਖੋਲ੍ਹ ਕੇ ਆਏ ਹਾਂ ਜਿਨ੍ਹਾਂ ਦਰਵਾਜ਼ਿਆਂ ਨੂੰ ਖੋਲ੍ਹਣ ਦੀ ਗੱਲ ਤੁਸੀਂ ਬਾਣੀ ਵਿਚ ਕਰਦੇ ਹੋ। ਗੁਰੂ ਜੀ ਦੇ ਨਾਲ ਬਾਬਾ ਜੀ ਬਾਹਰ ਆਏ। ਇਕੋ ਦਮ ਸੰਗਤ ਵਿਚੋਂ ਆਵਾਜ਼ ਆਈ ਧੰਨ ਬਾਬਾ ਬੁੱਢਾ ਜਿਨੇ ਗੁਰੂ ਲੱਧਾ। ਗੁਰੂ ਜੀ ਨੇ ਕਿਹਾ ਜੇ ਗੁਰੂ ਦਾ ਨਾਮ ਲੈ ਕੇ ਪਾਪ ਕੱਟੇ ਜਾਂਦੇ ਹਨ, ਤਾਂ ਜਿਹੜਾ ਬਿਰਧ ਬਾਬੇ ਦਾ ਨਾਮ ਲਏਗਾ ਪਾਪ ਉਸਦੇ ਵੀ ਕੱਟੇ ਜਾਣਗੇ।

ਬਾਬਾ ਬੁੱਢਾ ਸਾਹਿਬ ਹਜ਼ੂਰ ਨੂੰ ਬਾਸਰਕੇ ਤੋਂ ਗੋਇੰਦਵਾਲ ਸਾਹਿਬ ਲੈ ਕੇ ਆਏ। ਅੱਜ ਜਦੋਂ ਪਤਾ ਲੱਗਾ ਕਿ ਦਰਿਆ ਤੋਂ ਪਾਣੀ ਨਹੀਂ ਭਰਨ ਦਿੰਦੇ ਉੱਚੀ ਜਾਤ ਵਾਲੇ। ਮਸ਼ਕਾਂ ਫਾੜ ਦੇਂਦੇ ਹਨ, ਘੜੇ ਤੋੜ ਦਿੰਦੇ ਹਨ ਤਾਂ ਗੁਰੂ ਅਮਰਦਾਸ ਜੀ ਨੇ ਕਿਹਾ ਬਾਬਾ ਬੁੱਢਾ ਜੀ, ਆਪਾਂ ਪਾਣੀ ਦਾ ਪ੍ਰਬੰਧ ਆਪਣੇ ਘਰ ਵਿੱਚ ਕਰੀਏ। ਜਿਹੜੀ ਬਾਉਲੀ ਸਾਹਿਬ ਦੇ ਤੁਸੀਂ ਦਰਸ਼ਨ ਕਰਦੇ ਹੋ ਗੁਰਸਿੱਖੋ! ਇਸ ਮਹਾਨ ਗੁਰਸਿੱਖ ਦੀ ਕਰਨੀ ਨੂੰ ਤੱਕਿਉ! ਕਹਿਣ ਲੱਗੇ ਬਾਬਾ ਜੀ ਅਸੀਂ ਆਪਣੇ ਘਰ ਵਿੱਚ ਬਾਉਲੀ ਬਣਾਵਾਂਗੇ। ਸਿੱਖ ਸੰਗਤ ਨੂੰ ਦੱਸ ਦਿੱਤਾ ਇਸ ਦਿਨ ਬਾਉਲੀ ਦਾ ਟੱਕ ਲਾਇਆ ਜਾਵੇਗਾ। ਬਾਬਾ ਬੁੱਢਾ ਸਾਹਿਬ ਆਏ ਤੇ ਗਲ ਵਿੱਚ ਪੱਲੂ ਪਾ ਕੇ ਅਰਦਾਸ ਕੀਤੀ। ਸੰਗਤ ਦੇ ਮਨ ਵਿੱਚ ਸੀ ਕਿ ਗੁਰੂ ਅਮਰਦਾਸ ਨੇ ਟੱਕ ਲਾਉਣਾ ਹੈ। ਹਜ਼ੂਰ ਨੇ ਕਹੀ ਫੜੀ, ਅਵਾਜ਼ ਦਿੱਤੀ, ਬਾਬਾ ਜੀ! ਇਸ ਬਾਉਲੀ ਦਾ ਟੱਕ ਤੁਸੀਂ ਲਾਉਗੇ। ਬਾਬਾ ਬੁੱਢਾ ਸਾਹਿਬ ਜੀ ਨੇ ਟੱਕ ਲਾਇਆ ਬਾਉਲੀ ਸਾਹਿਬ ਦਾ ਤੇ ਭਰ ਕੇ ਟੋਕਰੀ ਮਿੱਟੀ ਦੀ ਆਪਣੇ ਸਿਰ 'ਤੇ ਚੁੱਕ ਕੇ ਬਾਹਰ ਸੁੱਟ ਕੇ ਆਏ। ਉਸ ਬਾਬੇ ਦੇ ਲਾਏ ਹੋਏ ਟੱਕ ਦੀ ਬਰਕਤ ਹੈ ਕਿ ਸਦੀਆਂ ਲੰਘ ਗਈਆਂ, ਅੱਜ ਵੀ ਸਿੱਖ ਉਸ ਬਾਉਲੀ ਦਾ ਇਸ਼ਨਾਨ ਕਰਕੇ ਅੰਦਰ ਦੀ ਸੰਤੁਸ਼ਟੀ ਪਏ ਲੈਂਦੇ ਹਨ।

ਸਮਾਂ ਆ ਗਿਆ, ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਘਰ ਵਿੱਚ ਆ ਪਹੁੰਚੇ ਹਨ। ਸਿਰ 'ਤੇ ਟੋਕਰੀਆਂ ਚੁੱਕਦੇ ਹਨ, ਭਾਵੇਂ ਦਾਮਾਦ ਤੇ ਸੁਹਰੇ ਦਾ ਰਿਸ਼ਤਾ ਬਣ ਚੁੱਕਾ ਹੈ। ਅੱਜ

ਲਾਹੌਰ ਦੇ ਲੋਕਾਂ ਨੇ ਕਿਹਾ ਕਿ ਦੇਖੋ ਜੀ, ਜਵਾਈ ਬਣਾ ਕੇ ਸਿਰ 'ਤੇ ਮਿੱਟੀ ਦੀਆਂ ਟੋਕਰੀਆਂ ਢੁਆਉਂਦੇ ਹਨ। ਹਜ਼ੂਰ ਨੇ ਕਿਹਾ, ਬਾਬਾ ਬੁੱਢਾ ਜੀ! ਕੀ ਤੁਹਾਨੂੰ ਭਾਈ ਜੇਠੇ ਦੇ ਸੀਸ 'ਤੇ ਟੋਕਰੀ ਨਜ਼ਰ ਆਉਂਦੀ ਹੈ? ਇਸ ਪੂਰਨ ਪੁਰਸ਼ ਨੇ ਕਿਹਾ, ਦਾਤਾ ਜੀ! ਇਹਨਾਂ ਕੋਲ ਨਜ਼ਰ ਨਹੀਂ। ਅਸਲ ਵਿੱਚ ਇਹ ਟੋਕਰੀ ਨਹੀਂ, ਭਾਈ ਜੇਠੇ ਦੇ ਸੀਸ ਉੱਤੇ ਗੁਰੂ ਨਾਨਕ ਦਾ ਛੱਤਰ ਪਿਆ ਝੁਲਦਾ ਹੈ। ਧੰਨ ਗੁਰੂ ਅਮਰਦਾਸ ਪਾਤਿਸ਼ਾਹ ਦੇ ਗੁਰਪੁਰੀ ਪਿਆਨਾ ਕਰਨ ਤੋਂ ਪਹਿਲਾਂ ਫਿਰ ਬਾਬੇ ਬੁੱਢੇ ਨੂੰ ਬੁਲਾਇਆ ਗਿਆ। ਗੁਰੂ ਰਾਮਦਾਸ ਦੇ ਚਰਨਾਂ ਵਿੱਚ ਮੱਥਾ ਟੇਕਿਆ। ਬਾਬਾ ਬੁੱਢਾ ਸਾਹਿਬ ਆਪ ਕੋਲ ਆਏ। ਉਹਨਾਂ ਨੇ ਇਸ਼ਨਾਨ ਕਰਾ ਕੇ ਬਸਤਰ ਭਾਈ ਜੇਠਾ ਜੀ ਨੂੰ ਪਹਿਨਾ ਕੇ ਦਰਬਾਰ ਵਿੱਚ ਲਿਆਂਦਾ। ਮੱਥਾ ਟੇਕਿਆ ਗੁਰੂ ਅਮਰਦਾਸ ਜੀ ਨੇ। ਬਾਬੇ ਸੁੰਦਰ ਨੇ ਅੱਖਾਂ ਨਾਲ ਆਪਣੇ ਪੜਦਾਦੇ ਨੂੰ ਮਰਿਯਾਦਾ ਨਿਭਾਉਂਦਿਆਂ ਦੇਖਿਆ ਤੇ ਉਹ ਕੂਕ ਉੱਠਿਆ ਕਿ ਦੇਖੋ ਦੁਨੀਆਂ ਦੇ ਲੋਕੋ!

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥

(ਅੰਗ ੯੨੩)

ਗੁਰੂ ਅਮਰਦਾਸ ਜੀ ਨੇ ਮੱਥਾ ਟੇਕਿਆ। ਬਾਬਾ ਬੁੱਢਾ ਸਾਹਿਬ ਨੇ ਗੁਰਿਆਈ ਦੀ ਰਸਮ ਨਿਭਾਈ ਤੇ ਆਪਣੇ ਵੱਲੋਂ ਨਮਸਕਾਰ ਕਰ ਦਿੱਤੀ ਪਰ ਗੁਰਤਾ ਗੱਦੀ ਦੇਣ ਤੋਂ ਪਹਿਲਾਂ ਗੁਰੂ ਅਮਰਦਾਸ ਬਾਬੇ ਬੁੱਢੇ ਨੂੰ ਲੈ ਕੇ ਗੁਰੂ ਰਾਮਦਾਸ ਜੀ ਦੇ ਨਾਲ, ਭਾਈ ਜੇਠਾ ਜੀ ਦੇ ਨਾਲ ਜਿਸ ਧਰਤੀ 'ਤੇ ਅੱਜ ਤੁਸੀਂ ਖਲੋ ਕੇ ਕਹਿੰਦੇ ਹੋ-

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥

(ਅੰਗ ੧੩੬੨)

ਜਿਸ ਦਿਨ ਇਸ ਸ਼ਹਿਰ ਦੀ ਮੋੜੀ ਗੱਡੀ ਗਈ, ਉਹਨਾਂ ਮੋੜੀ ਗੱਡਣ ਵਾਲਿਆਂ ਵਿੱਚ ਬਾਬਾ ਬੁੱਢਾ ਸਾਹਿਬ ਵੀ ਸਨ। ਅੱਜ ਵੀ ਪ੍ਰਕਰਮਾ ਵਿੱਚ ਖਲੋਤੀ ਹੋਈ ਬੇਰੀ ਕਹਿ ਰਹੀ ਹੈ ਕਿ ਲੰਘਣ ਵਾਲਿਓ! ਮੇਰੀ ਛਾਂ ਦੇ ਥੱਲੇ ਬੈਠ ਕੇ ਗੁਰੂ ਨਾਨਕ ਦੇ ਸਿੱਖ ਬਾਬੇ ਬੁੱਢੇ ਨੇ ਸਿਰ 'ਤੇ ਟੋਕਰੀਆਂ ਵੀ ਢੋਈਆਂ ਤੇ ਸੰਗਤ ਤੋਂ ਸੇਵਾ ਵੀ ਕਰਾਈ। ਹਜ਼ੂਰ ਨੇ ਸੁਨੇਹਾ ਭੇਜਿਆ, ਬਾਬਾ ਜੀ! ਤੁਸੀਂ ਲਾਹੌਰ ਦੀ ਧਰਤੀ 'ਤੇ ਜਾਓ। ਸੱਚੇ ਪਾਤਿਸ਼ਾਹ ਹੁਕਮ! ਕਹਿਣ ਲੱਗੇ ਅਰਜਨ ਜੀ ਨੂੰ ਲੈ ਕੇ ਆਉ।

ਬਾਬਾ ਬੁੱਢਾ ਜੀ ਅੰਮ੍ਰਿਤਸਰ ਦੀ ਧਰਤੀ ਤੋਂ ਲਾਹੌਰ ਗਏ ਤੇ ਜਦੋਂ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਦੇਖਿਆ ਤਾਂ ਚਿਹਰਾ ਪੂਰਨ ਖਿੜਾਉ ਵਿਚ ਆ ਗਿਆ ਕਿ ਮੇਰੇ ਗੁਰੂ ਦਾ ਪਿਆਰਾ ਸਿੱਖ ਆਇਆ ਹੈ ਤੇ ਉਹ ਸਿੱਖ ਜਿਹੜਾ ਗੁਰੂ ਨਾਨਕ ਦੇ ਸੀਨੇ ਦਾ

ਪਿਆਰ ਮਾਣ ਚੁੱਕਾ ਹੈ। ਬਾਬਾ ਬੁੱਢਾ ਸਾਹਿਬ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਦੀ ਧਰਤੀ ਤੋਂ ਲੈ ਕੇ ਅੰਮ੍ਰਿਤਸਰ ਆਏ। ਅੰਮ੍ਰਿਤਸਰ ਤੋਂ ਗੋਇੰਦਵਾਲ ਸਾਹਿਬ ਆਏ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਚਲਾਣਾ ਕੀਤਾ। ਗੁਰੂ ਰਾਮਦਾਸ ਜੀ ਨੇ ਪੁੱਛਿਆ ਬਾਬਾ ਜੀ! ਗੁਰੂ ਜੋਤ ਦਾ ਵਾਰਸ ਕੌਣ ਹੈ? ਇਸ਼ਾਰਾ ਕਰਕੇ ਕਿਹਾ ਸੱਚੇ ਪਾਤਿਸ਼ਾਹ! ਆਪ ਸਮਰੱਥ ਹੋ। ਕਹਿਣ ਲੱਗੇ ਤੁਹਾਡੀ ਕੀ ਸਲਾਹ ਹੈ? ਕਹਿੰਦੇ ਹਨ ਇਹ ਦਾਤ, ਇਹ ਜੋਤ ਖਸਮ ਦੀ ਵਡਿਆਈ ਹੈ। ਮੈਨੂੰ ਤਾਂ ਇੰਝ ਹੀ ਅਨੁਭਵ ਹੁੰਦਾ ਹੈ ਕਿ ਇਸ ਜੋਤ ਦੇ ਵਾਰਸ ਕੇਵਲ ਧੰਨ ਗੁਰੂ ਅਰਜਨ ਦੇਵ ਜੀ ਹਨ। ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਪੁੱਤਰ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ਮੈ ਕਹਿੰਦਾ ਹਾਂ, ਵਾਹ ਬਾਬਾ ਬੁੱਢਾ ਸਾਹਿਬ ਜੀ! ਜਿਸ ਸਰੀਰ ਵਿੱਚ ਜੋਤ ਪ੍ਰਵੇਸ਼ ਕਰਦੀ ਸੀ, ਸਿੱਖਾਂ ਵਿਚ ਸਭ ਤੋਂ ਪਹਿਲਾਂ ਮੱਥਾ ਟੇਕਣ ਦਾ ਸੁਭਾਗ ਤੁਹਾਨੂੰ ਪ੍ਰਾਪਤ ਹੁੰਦਾ ਸੀ। ਗੁਰੂ ਰਾਮਦਾਸ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਦੇ ਕੇ ਗੁਰਪੁਰੀ ਪਿਆਨਾ ਕਰ ਗਏ। ਹਜ਼ੂਰ ਦੇ ਜਿਸ ਦਿਨ ਬਰਾਦਰੀ ਦੇ ਸਿੱਖ ਇਕੱਠੇ ਹੋਏ, ਭੋਗ ਪਾਇਆ ਗਿਆ, ਬਾਬਾ ਬੁੱਢਾ ਸਾਹਿਬ ਜੀ ਨੂੰ ਕਿਹਾ ਗਿਆ ਕਿ ਦਸਤਾਰ ਬੰਨ੍ਹੋ। ਉਹ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਦੀ ਦਸਤਾਰ ਬੰਨ੍ਹਣ ਲੱਗੇ ਤਾਂ ਪ੍ਰਿਥੀਏ ਨੇ ਖਲੋ ਕੇ ਦਸਤਾਰ ਖੋਹ ਲਈ ਤੇ ਨਾਲ ਹੀ ਇਹ ਕਿਹਾ ਕਿ ਬਾਬਾ ਜੀ, ਤੁਸੀਂ ਵੀ ਅਰਜਨ ਨਾਲ ਰਲ ਗਏ ਹੋ। ਕੁਝ ਤੁਸੀਂ ਵੀ ਇਸਦੇ ਕੋਲੋਂ ਪਾ ਲਿਆ ਹੈ। ਬਾਬਾ ਬੁੱਢਾ ਸਾਹਿਬ ਜੀ ਨੇ ਭਰੀ ਸੰਗਤ ਵਿੱਚ ਕਿਹਾ-ਪ੍ਰਿਥੀਏ, ਇੱਕ ਗੱਲ ਚੇਤੇ ਰੱਖੀਂ, ਗੁਰੂ ਜੋਤ ਕੱਪੜਿਆਂ ਦੀ ਮੁਥਾਜ ਨਹੀਂ, ਜੋਤ ਤਾਂ ਉਦੋਂ ਹੀ ਪ੍ਰਵੇਸ਼ ਕਰ ਗਈ ਸੀ ਜਦੋਂ ਗੁਰੂ ਰਾਮਦਾਸ ਨੇ ਮੱਥਾ ਟੇਕ ਦਿੱਤਾ ਸੀ। ਪੱਗ ਤੂੰ ਆਪਣੇ ਘਰ ਲੈ ਜਾ, ਜਿਥੇ ਮਰਜ਼ੀ ਪਗੜੀ ਬੰਨ੍ਹ ਕੇ ਤੁਰਿਆ ਫਿਰੀਂ। ਜੋਤ ਤਾਂ ਗੁਰੂ ਅਰਜਨ ਦੇਵ ਜੀ ਦੇ ਅੰਦਰ ਹੈ।

ਇਸੇ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵੀ ਗੁਰਗੱਦੀ ਦਾ ਤਿਲਕ ਲਗਾਇਆ ਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਦਾ ਸੁਭਾਗ ਵੀ ਬਾਬਾ ਬੁੱਢਾ ਜੀ ਨੂੰ ਹੀ ਮਿਲਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਦਾ ਆਪਣੇ ਹੱਥੀਂ ਸਸਕਾਰ ਕੀਤਾ। ਇੰਨੇ ਮਹਾਨ ਸਨ ਬਾਬਾ ਬੁੱਢਾ ਸੀ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਵਡ ਭਾਗੁ ਹੋਵੈ ਸਤਿਗੁਰ ਮਿਲੈ

ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ॥
ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ॥
ਵਡ ਭਾਗੁ ਹੋਵੈ ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ॥
ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ॥ ੩੮॥

(ਅੰਗ ੧੪੧੭)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਾਹਿਬ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ! ਧੰਨ ਗੁਰੂ ਅਮਰਦਾਸ ਕ੍ਰਿਪਾਲੂ ਜੀ ਦੇ ਸਲੋਕ ਵਾਰਾਂ ਤੇ ਵਧੀਕ ਵਿਚ ਅੰਕਿਤ ਸਲੋਕਾਂ ਦੀ ਲੜੀਵਾਰ ਵਿਚਾਰ ਆਪ ਜੀ ਸਰਵਨ ਕਰ ਰਹੇ ਹੋ। ਧੰਨ ਗੁਰੂ ਅਮਰਦਾਸ ਜੀ ਕ੍ਰਿਪਾਲਤਾ ਕਰਦੇ ਹਨ ਕਿ ਮਨਮੁਖ ਬੰਦੇ ਦਾ ਅੰਦਰ ਕਦੀ ਵੀ ਸਥਿਰ ਨਹੀਂ ਰਹਿੰਦਾ। ਉਸਦੀ ਅਸਥਿਰਤਾ ਦਾ ਕਾਰਨ, ਉਸਦੇ ਖਿੰਡਾਅ ਦਾ ਕਾਰਨ ਕੀ ਹੈ? ਉਸਦੇ ਅੰਦਰ ਮਾਇਆ ਦੀ ਚਿਤਵਨੀ ਹੈ, ਸੰਸਾਰ ਦੀਆਂ ਇੱਛਾਵਾਂ ਹਨ, ਲਾਲਚ ਤੇ ਵਿਕਾਰਾਂ ਦੀ ਚਿਤਵਨੀ ਹੈ, ਇਸੇ ਕਰਕੇ ਮਨਮੁਖ ਦੇ ਅੰਦਰ ਟਿਕਾਅ ਨਹੀਂ, ਪਰ ਜੇ ਵੱਡੇ ਭਾਗਾਂ ਨਾਲ ਪੂਰਾ ਗੁਰੂ ਮਿਲ ਜਾਏ, ਨਾਮ ਵਿਚ ਪਿਆਰ ਬਣ ਜਾਏ ਤੇ ਉਸ ਇਨਸਾਨ ਦੇ ਅੰਦਰ ਨੂੰ ਟਿਕਾਅ ਵੀ ਮਿਲੇਗਾ ਤੇ ਉਸ ਪ੍ਰਭੂ ਦੀ ਕ੍ਰਿਪਾ ਨਾਲ ਉਹ ਪ੍ਰਭੂ ਪ੍ਰੇਮ ਦਾ ਪਾਤਰ ਵੀ ਬਣ ਜਾਏਗਾ।

ਗੁਰੂ ਅਮਰਦਾਸ ਕ੍ਰਿਪਾਲੂ ਜੀ ਆਪਣੇ ਅੰਮ੍ਰਿਤ ਬਚਨਾਂ ਵਿਚ ਬਹੁਤ ਵਾਰੀ ਮਨ ਨੂੰ ਸੰਬੋਧਨ ਕਰਕੇ ਅੰਮ੍ਰਿਤ ਬਚਨ ਉਚਾਰਨ ਕਰਦੇ ਹਨ। ਜਿਵੇਂ ਅਸੀਂ ਗੁਰੂ ਅਮਰਦਾਸ ਜੀ ਦੀ ਅੰਮ੍ਰਿਤ ਬਾਣੀ ਆਨੰਦ ਸਾਹਿਬ ਜੀ ਦਾ ਪਾਠ ਕਰਦੇ ਹਾਂ ਤੇ ਉਸ ਪਵਿੱਤਰ ਬਾਣੀ ਵਿਚ ਨਿਮਾਣਿਆਂ ਦੇ ਮਾਣ ਸਤਿਗੁਰੂ ਜੀ ਨੇ ਮਨ ਨੂੰ ਸੰਬੋਧਨ ਕਰਕੇ ਕਈ ਅੰਮ੍ਰਿਤ ਬਚਨ ਪਉੜੀਆਂ ਦੇ ਰੂਪ ਵਿਚ ਦਰਜ ਕੀਤੇ ਹਨ। ਏ ਮਨ ਮੇਰਿਆ। ਆਪਣੇ ਮਨ ਨੂੰ ਸੰਬਧੋਨ ਕਰਕੇ-

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥ ੨॥

(ਅੰਗ ੯੧੭)

ਜਦੋਂ ਅਸੀਂ ਹਜ਼ੂਰ ਦੇ ਇਹ ਬਚਨ ਪੜ੍ਹਦੇ ਹਾਂ ਤਾਂ ਮਨ ਨੂੰ ਮੁਖ਼ਾਤਬ ਕਰਕੇ ਕਿ ਹੇ ਮੇਰੇ ਮਨਾ! ਉਸ ਪ੍ਰਭੂ ਦੇ ਨਾਲ ਰਹੋ, ਕਿਉਂਕਿ ਉਹ ਸਭ ਕੁਝ ਕਰਨੇ ਦੇ ਸਮਰੱਥ ਹੈ। ਹਜ਼ੂਰ ਕਹਿੰਦੇ ਹਨ-

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥

(ਅੰਗ ੯੧੮)

ਮਨਾ! ਅੰਦਰ ਹੀ ਚੰਚਲਤਾਈ, ਅੰਦਰ ਦੀ ਸਿਆਣਪ ਨਾਲ ਅਜੇ ਤੱਕ ਕਿਸੇ ਨੇ ਪਿਆਰੇ ਵਾਹਿਗੁਰੂ ਜੀ ਨੂੰ ਨਹੀਂ ਪਾਇਆ। ਤੀਜਾ ਬਚਨ ਹਜ਼ੂਰ ਨੇ ਕਿਹਾ ਕਿ ਹੇ ਮਨਾਂ! ਕਿਸ ਵਾਸਤੇ ਤੂੰ ਚਿਤਵਦਾ ਹੈਂ। ਜੇ ਤੂੰ ਆਪਣੇ ਅੰਦਰ ਚਿਤਵਨੀ ਪੈਦਾ ਹੀ ਕਰਨੀ ਹੈ, ਜੇ ਤੂੰ ਆਪਣੇ ਅੰਦਰ ਦਿਨ ਰਾਤ ਖ਼ਿਆਲਾਂ ਦਾ ਇਕ ਨਿਰੰਤਰ ਪ੍ਰਵਾਹ ਚਲਾਉਣਾ ਚਾਹੁੰਦਾ ਹੈਂ ਤਾਂ ਫਿਰ ਤੂੰ ਬਜਾਏ ਇਸ ਪਰਿਵਾਰ ਦੇ, ਇਸ ਸੰਸਾਰ ਦੀ ਚਿਤਵਨੀ ਦੇ, ਤੂੰ ਆਪਣੇ ਅੰਦਰ ਪਿਆਰੇ ਪ੍ਰਮੇਸ਼ਵਰ ਜੀ ਦੇ ਨਾਮ ਨੂੰ ਸੰਭਾਲ ਲੈ। ਤੀਜਾ ਬਚਨ ਹਜ਼ੂਰ ਕਰਦੇ ਹਨ,

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥
ਏਹੁ ਕੁਟੰਬੁ ਤੂ ਜਿ ਦੇਖਦਾ

ਕਹਿੰਦੇ ਹਨ ਜੋ ਤੂੰ ਦੇਖ ਰਿਹਾ ਹੈਂ। ਇਸਦਾ ਭਾਵ ਇਹ ਹੈ ਕਿ ਗੁਰੂ ਦਾ ਸਿੱਖ ਜਗਿਆਸੂ ਬਾਣੀ ਪੜ੍ਹੇ, ਉਹ ਦੂਜੇ ਨੂੰ ਸਮਝਾਉਣ ਦੀ ਥਾਂ ਆਪਣੇ ਮਨ ਨੂੰ ਪ੍ਰੇਰਨਾ ਦੇਵੇ-

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥ ੧੧॥

(ਅੰਗ ੯੧੮)

ਹੇ ਪਿਆਰੇ ਮਨਾ! ਤੂੰ ਸੱਚੇ ਪਿਆਰੇ ਪ੍ਰਮਾਤਮਾ ਦੇ ਨਾਮ ਦੀ ਸੰਭਾਲ ਕਰ। ਵੈਸੇ ਸਿਆਣੇ ਵਿਦਵਾਨ ਲੋਕਾਂ ਨੇ ਸਾਡੇ ਜਿਹੜੇ ਅੰਤਰ ਹੀ ਇੰਦਰੇ ਹਨ, ਉਹਨਾਂ ਦੀ ਗਿਣਤੀ ਚਾਰ ਕੀਤੀ ਹੈ। ਹਜ਼ੂਰ ਨੇ ਨੌਂ ਦੁਆਰੇ ਪ੍ਰਗਟ ਕੀਤੇ। ਇਹ ਦਰਵਾਜ਼ੇ ਵੱਖਰੇ ਹਨ। ਕਰਮ-ਇੰਦਰੇ ਹਨ, ਗਿਆਨ-ਇੰਦਰੇ ਹਨ ਪਰ ਇਸਦੇ ਨਾਲ ਅਸੀਂ ਸਰਬ ਖੰਡ ਦੀ ਬਾਣੀ ਵਿਚ ਇਸੇ ਸਰੀਰ ਵਿਚੋਂ ਚਾਰ ਹੋਰ ਬਿਰਤੀਆਂ ਪੜ੍ਹਦੇ ਹਾਂ।

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥

(ਅੰਗ ੮)

ਚਾਰ ਸ਼ਬਦ ਹਨ- ਸੁਰਤਿ, ਮਤਿ, ਮਨਿ ਅਤੇ ਬੁਧਿ। ਹੁਣ ਪ੍ਰਸ਼ਨ ਆਉਂਦਾ ਹੈ ਕਿ ਇਹ ਚਾਰੇ ਕੀ ਹਨ, ਜਿਨ੍ਹਾਂ ਨੂੰ ਘੜਿਆ ਜਾਂਦਾ ਹੈ? ਸਿਆਣੇ ਲੋਕਾਂ ਨੇ ਇਹਨਾਂ ਚਾਰਾਂ ਨੂੰ ਇਹ ਵੀ ਸ਼ਬਦ ਦਿੱਤੇ ਹਨ- ਮਨ, ਬੁੱਧ, ਚਿੱਤ ਤੇ ਹੰਕਾਰ। ਇਹ ਚਾਰ ਜਿਹੜੇ ਆਂਤਰਿਕ ਇੰਦਰੇ ਹਨ, ਇਹਨਾਂ ਦਾ ਭਾਵ ਕੀ ਹੈ? ਮਨ ਕਿਸਨੂੰ ਕਿਹਾ ਜਾਂਦਾ ਹੈ? ਬੁੱਧ ਕਿਸ ਦਾ ਨਾਮ ਹੈ? ਚਿੱਤ ਕਿਸਨੂੰ ਕਹਿੰਦੇ ਹਨ ਤੇ ਹੰਕਾਰ ਕੀ ਹੈ? ਸਿਆਣੇ ਲੋਕ ਇਹ ਗੱਲ ਕਹਿੰਦੇ ਸਨ- ਸੰਕਲਪੋ ਵਿਕਲਪੋ ਹੀ ਮਨਾ। ਇਸਦਾ ਭਾਵ ਸੀ ਕਿ ਜੋ ਬਿਰਤੀ ਵਿਚੋਂ ਸੰਕਲਪ ਤੇ ਵਿਕਲਪ ਪੈਦਾ ਹੁੰਦੇ ਹਨ। ਮਨ ਇਕ ਵਿਚਾਰਾਂ ਦੇ ਇੱਕਠ ਦਾ ਨਾਮ ਹੈ। ਬੁੱਧ ਦਾ ਅਰਥ ਹੈ ਕਿ ਉਹ ਸ਼ਕਤੀ ਜਿਹੜੀ ਸਾਨੂੰ ਚੰਗੇ ਤੇ ਮੰਦੇ ਦੀ ਵਿਚਾਰ ਕਰਨ ਲਈ ਪ੍ਰਮਾਤਮਾ ਨੇ ਦਿੱਤੀ ਹੈ। ਤੀਸਰਾ ਬਚਨ ਆਉਂਦਾ ਹੈ ਚਿੱਤ। ਚਿੱਤ ਦਾ ਅਰਥ ਹੈ ਉਹ ਗੱਲਾਂ, ਉਹ ਯਾਦਾਂ ਜਿਹੜੀਆਂ ਘਟਨਾਵਾਂ ਅੱਜ ਤੋਂ ਕਈ ਸਾਲ ਪਹਿਲਾਂ ਵਾਪਰੀਆਂ, ਉਹਨਾਂ ਵਿਸਰੀਆਂ, ਭੁੱਲੀਆਂ ਚੀਜ਼ਾਂ ਨੂੰ ਪਰਤ ਕੇ ਆਪਣੇ ਚੇਤੇ ਵਿਚ ਲੈ ਆਉਣਾ। ਚਿੱਤ ਦਾ ਅਰਥ ਹੈ ਚੇਤੇ ਕਰਨਾ। ਹੰਕਾਰ ਦਾ ਅਰਥ ਇਥੇ ਸਿਰਫ ਹਉਮੈ ਨਹੀਂ ਹੈ, ਹੰਕਾਰ ਦਾ ਅਰਥ ਹੈ ਰੱਬ ਵਲੋਂ ਸਰੀਰ ਵਿਚ ਪਾਈ ਹੋਈ ਉਹ ਸ਼ਕਤੀ ਜਿਹੜੀ ਸਾਡੇ ਪਦਾਰਥਾਂ ਦੇ ਨਾਲ ਸੰਬੰਧ ਬਣਾ ਕੇ ਰੱਖਦੀ ਹੈ।

ਉਹ ਕਿਹੜੀ ਸ਼ਕਤੀ ਹੈ? ਜਿਸਨੂੰ ਅਸੀਂ ਦੇਖਕੇ ਕਹਿੰਦੇ ਹਾਂ ਕਿ ਇਹ ਮੇਰਾ ਪੁੱਤਰ ਹੈ, ਇਹ ਮੇਰੀ ਇਸਤਰੀ ਹੈ, ਇਹ ਮੇਰਾ ਪਰਿਵਾਰ ਹੈ, ਇਹ ਮੇਰਾ ਘਰ ਹੈ, ਇਹ ਮੇਰੀ ਦੁਕਾਨ ਹੈ। ਜਿਹੜੀ ਸ਼ਕਤੀ ਸਾਨੂੰ ਪਦਾਰਥਾਂ ਵਾਲੇ ਪਾਸੇ ਨੂੰ ਅਪਣਤ ਪੈਦਾ ਕਰਦੀ ਹੈ, ਉਸਨੂੰ ਹੰਕਾਰ ਕਿਹਾ ਜਾਂਦਾ ਹੈ। ਇਸਨੂੰ ਹਜ਼ੂਰ ਨੇ ਕਿਹਾ ਹੈ ਕਿ

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥

ਗੁਰਮੁਖ ਵਿਦਵਾਨ ਨੇ ਇਸਦੇ ਅਰਥ ਕੀਤੇ ਹਨ - ਮਨ ਤੇ ਬੁੱਧ। ਸੁਰਤਿ ਦਾ ਅੱਖਰੀ ਅਰਥ ਉਹ ਚਿਤਵਨੀ ਵੀ ਕਰਦੇ ਹਨ। ਮਤਿ ਦਾ ਅਰਥ ਉਹ ਹੰਕਾਰ ਵੱਲ ਵੀ ਲੈਂਦੇ ਹਨ। ਅਸਲ ਵਿਚ ਇਹਨਾਂ ਚਾਰਾਂ ਨੂੰ ਅੰਦਰ ਘੜਨ ਦਾ ਨਾਮ ਹੀ ਸਰਬ ਖੰਡ ਹੈ। ਧੰਨ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਮਨਮੁਖ ਬੰਦੇ ਦਾ ਅੰਦਰ ਕਦੀ ਵੀ ਸਥਿਰ ਨਹੀਂ। ਵੈਸੇ

ਤਾਂ ਸੱਚ ਜਾਣੋ ਕੋਈ ਟਾਵਾਂ ਟਾਵਾਂ ਹੈ, ਜਿਸਦਾ ਅੰਦਰ ਸਥਿਰ ਹੋ ਜਾਏ, ਨਹੀਂ ਤਾਂ ਮਨ ਟਿੱਕਦਾ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚੋਂ ਵੀ ਪ੍ਰਮਾਣ ਅਰਜ਼ ਕਰਦਾ ਹਾਂ।

ਵਿਚਾਰ ਮਾਲਾ ਇਕ ਗ੍ਰੰਥ ਹੈ। ਉਸ ਗ੍ਰੰਥ ਦੇ ਲਿਖਾਰੀ ਦਾ ਨਾਮ ਹੈ ਅਨਾਥ ਪੁਰੀ। ਉਸ ਅਨਾਥਪੁਰੀ ਵਿਦਵਾਨ ਨੇ ਆਪਣੀ ਰਚਨਾ ਵਿਚ ਮਨ ਦੀ ਖੇਡ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਇਹ ਮਨ ਕਿਹੋ ਜਿਹਾ ਹੈ? ਕਿਵੇਂ ਮਨ ਭਟਕਦਾ ਹੈ? ਉਸਨੇ ਕੁਝ ਉਦਾਹਰਨਾਂ ਦਿੱਤੀਆਂ ਹਨ। ਕਹਿੰਦਾ ਹੈ ਕਿ ਜਦੋਂ ਅਸੀਂ ਸਮਝਦੇ ਹਾਂ ਕਿ ਸਾਡਾ ਮਨ ਪੂਰਨ ਤੌਰ 'ਤੇ ਟਿੱਕ ਗਿਆ ਹੈ, ਤਾਂ ਇਸ ਚਿੱਤਵਨੀ ਵਿਚ ਮਨ ਦਾ ਕਿਤੇ ਨਾ ਕਿਤੇ ਖਿੰਡਾਉ ਹੈ। ਆਖ਼ਿਰ ਤੂੰ ਇਕਾਗਰਤਾ 'ਚੋਂ ਨਿਕਲਿਆ ਤੇ ਤੈਨੂੰ ਪਤਾ ਲੱਗਾ ਕਿ ਮੈਂ ਪੂਰੀ ਤਰ੍ਹਾਂ ਟਿੱਕ ਗਿਆ ਹਾਂ। ਗਰਮੀ ਦੇ ਦਿਨ ਹਨ। ਚਾਰ ਚੁਫੇਰੇ ਹਵਾ ਬੰਦ ਹੈ। ਆਪਾਂ ਆਮ ਤੌਰ 'ਤੇ ਕਹਿੰਦੇ ਹਾਂ ਅੱਜ ਤਾਂ ਕੋਈ ਰੁੱਖ ਦਾ ਪੱਤਾ ਵੀ ਨਹੀਂ ਹਿੱਲਦਾ। ਉਹ ਕਹਿੰਦਾ ਹੈ ਕਿ ਕਦੀ ਹੋ ਹੀ ਨਹੀਂ ਸਕਦਾ ਕਿ ਅੱਤ ਦੀ ਗਰਮੀ ਵਿਚ ਵੀ ਰੁੱਖਾਂ ਸਾਰਿਆਂ ਦੇ ਪੱਤੇ ਨਾ ਹਿੱਲਣ। ਕਹਿੰਦਾ ਹੈ ਕਿ ਕਦੀ ਤੁਸੀਂ ਪਿੱਪਲ ਦੇ ਰੁੱਖ ਨੂੰ ਦੇਖੋ। ਪਿੱਪਲ ਦੇ ਰੁੱਖ ਦੇ ਸਿਖਰ ਦੇ ਉੱਪਰ ਬਰੀਕ ਬਰੀਕ ਕੋਮਲ ਪੱਤੇ ਹਨ। ਭਾਵੇਂ ਹਵਾ ਜਿੰਨੀ ਮਰਜ਼ੀ ਖਲੋਤੀ ਹੋਵੇ ਉਹ ਕੋਮਲ ਪੱਤੇ ਫਿਰ ਵੀ ਥੋੜਾ ਥੋੜਾ ਹਿੱਲਦੇ ਰਹਿਣਗੇ। ਕਹਿਣ ਲੱਗੇ- ਦੂਜੀ ਗੱਲ ਕਿ ਜਿਹੜਾ ਕੱਛੂਕੁੰਮਾ ਹੈ, ਉਸ ਦੀ ਸਿਰੀ ਵੱਲ ਝਾਤੀ ਮਾਰ ਕੇ ਦੇਖੋ, ਕੱਛੂਕੁੰਮਾ ਕਦੀ ਆਪਣੀ ਸਿਰੀ ਨੂੰ ਸਥਿਰ ਨਹੀਂ ਰੱਖ ਸਕਦਾ। ਇਕ ਖਿਨ ਵਿਚ ਆਪਣੇ ਕਵਚ ਵਿਚੋਂ ਬਾਹਰ ਨਿਕਲਦਾ ਹੈ ਤੇ ਦੂਜੇ ਖਿਨ ਕੱਛੂਕੁੰਮਾ ਆਪਣੀ ਸਿਰੀ ਨੂੰ ਅੰਦਰ ਅਲੋਪ ਕਰ ਲੈਂਦਾ ਹੈ।

ਅਸੀਂ ਕਹਿੰਦੇ ਹਾਂ ਕਿ ਮਨ ਟਿੱਕ ਗਿਆ ਹੈ। ਕਦੀ ਨਹੀਂ ਟਿੱਕਦਾ। ਇਹ ਤਾਂ ਪਿੱਪਲ ਦੇ ਪੱਤੇ ਦੀ ਤਰ੍ਹਾਂ ਭਾਵੇਂ ਸੁਖਸ਼ਮ ਫੁਰਨੇ ਬਣਾਏ ਪਰ ਬਣਾਈ ਜਾਏਗਾ। ਸਿਆਣੇ ਕਹਿੰਦੇ ਹਨ ਕਿ ਜਿਹੜੀ ਭੂਤ ਅੱਗ ਬਾਲਦੇ ਹਨ, ਉਹ ਸਥਿਰ ਨਹੀਂ ਹੁੰਦੀ। ਕਦੀ ਹੁਣੇ ਕੱਪੜਿਆਂ ਨੂੰ ਲੱਗੀ ਅੱਗ। ਕੱਪੜਿਆਂ ਵਾਲੀ ਬੁਝਾਈ ਤੇ ਪਰਤ ਕੇ ਘਰ ਦੀ ਕਿਸੇ ਹੋਰ ਚੀਜ਼ ਨੂੰ ਲੱਗ ਗਈ। ਉਥੋਂ ਬੁਝਾਈ ਤਾਂ ਘਰ ਦੀ ਛੱਤ ਵਿਚੋਂ ਪ੍ਰਗਟ ਹੋ ਗਈ। ਹਜ਼ੂਰ ਕਹਿੰਦੇ ਹਨ ਕਿ ਮਨਮੁਖ ਬੰਦੇ ਦਾ ਅੰਦਰ ਟਿੱਕਦਾ ਨਹੀਂ। ਨਾ ਟਿੱਕਣ ਦਾ ਕਾਰਨ ਹੈ ਅੰਦਰ ਮਾਇਆ ਦੀ ਚਿਤਵਨੀ ਹੈ, ਅੰਦਰ ਲਾਲਚ ਹੈ, ਅੰਦਰ ਵਿਕਾਰਾਂ ਦੇ ਨਿਰੰਤਰ ਫੁਰਨੇ ਹਨ। ਜਿਥੇ ਮਾਇਆ ਦੀ ਚਿਤਵਨੀ, ਲਾਲਚ ਅਤੇ ਵਿਕਾਰ ਹੋਣ, ਉਥੇ ਕਦੀ ਆਪਾਂ ਸਮਝਾਂਗੇ ਸਾਡਾ ਮਨ ਪੂਰਨ ਤੌਰ 'ਤੇ ਟਿੱਕ ਜਾਏਗਾ। ਮਨਮੁਖ ਬੰਦੇ ਦਾ ਅੰਦਰ ਥਿਰ ਨਹੀਂ।

ਸਤਿਗੁਰੂ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਤੇਗ਼ ਬਹਾਦਰ ਕ੍ਰਿਪਾਲੂ ਜੀ ਦਾ ਬਚਨ ਅਸੀਂ ਪੜ੍ਹਦੇ ਹਾਂ ਕਿ ਬੰਦੇ ਦਾ ਅੰਦਰ ਕਿਵੇਂ ਟਿਕਾਅ ਵਿਚ ਨਹੀਂ? ਜਿਹੜਾ ਮਨ ਮਾਇਆ ਵਿਚ ਖੱਚਤ ਹੋ ਗਿਆ ਹੈ, ਜਿਸ ਮਨ ਵਿਚ ਦਿਨ ਰਾਤ ਮਾਇਆ ਦੀ ਚਿਤਵਨੀ ਹੈ, ਉਸ ਮਨ ਅੰਦਰ ਪੂਰਨ ਟਿਕਾਅ ਕਿਵੇਂ ਹੋਵੇ? ਗੁਰੂ ਤੇਗ਼ ਬਹਾਦਰ ਕ੍ਰਿਪਾਲੂ ਜੀ ਦੇ ਬਚਨ ਹਨ ਕਿ-

ਮਨ ਮਾਇਆ ਮਹਿ ਰਮਿ ਰਹਿਓ

ਜੇ ਇਕ ਭਜਨ ਭਗਤੀ ਕਰਨ ਵਾਲੇ ਨੂੰ ਇਹ ਸ਼ਬਦ ਸੁਣਾ ਦੇਈਏ ਕਿ ਤੇਰਾ ਮਨ ਤਾਂ ਇਸ ਤਰ੍ਹਾਂ ਹੈ ਕਿ-

ਮਨ ਮਾਇਆ ਮਹਿ ਰਮਿ ਰਹਿਓ ਨਿਕਸਤ ਨਾਹਿਨ ਮੀਤ॥

(ਅੰਗ ੧੪੨੮)

ਅਸਲ ਵਿਚ ਉਸ ਉੱਤੇ ਇਹ ਪ੍ਰਮਾਣ ਨਹੀਂ ਢੁਕੇਗਾ। ਜਿਹੜਾ ਜੁੜਿਆ ਹੋਇਆ ਹੈ ਉਸ ਉੱਤੇ ਤਾਂ ਇਹ ਬਚਨ ਢੁੱਕ ਸਕਦਾ ਹੈ ਕਿ

ਸੁਇਨੇ ਕੀ ਸੂਈ ਰੁਪੇ ਕਾ ਧਾਗਾ॥
ਨਾਮੇ ਕਾ ਚਿਤੁ ਹਰਿ ਸਿਉ ਲਾਗਾ॥

(ਅੰਗ ੪੮੫)

ਹੁਣ ਦੇਖੋ ਮਨਮੁਖ ਦਾ ਅੰਦਰ ਕਿੱਥੇ ਰਮਿਆ ਹੈ ਤੇ ਗੁਰਮੁਖ ਦਾ ਅੰਦਰ ਕਿੱਥੇ ਟਿਕਿਆ ਹੈ? ਗੁਰੂ ਸਾਹਿਬ ਦਾ ਅਸੀਂ ਇਕ ਬਚਨ ਪੜ੍ਹਦੇ ਹਾਂ। ਆਮ ਤੌਰ 'ਤੇ ਜਦੋਂ ਮੌਤ ਹੋ ਜਾਂਦੀ ਹੈ ਤਾਂ ਅਸੀਂ ਇਕ ਸਲੋਕ ਬਾਬਾ ਫਰੀਦ ਜੀ ਦਾ ਪੜ੍ਹਦੇ ਹਾਂ ਕਿ

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥

(ਅੰਗ ੧੩੮੩)

ਹੁਣ ਇਹ ਪ੍ਰਮਾਣ ਅਸੀਂ ਜਦੋਂ ਮੌਤ ਹੁੰਦੀ ਹੈ, ਹਰ ਇਕ ਦੇ ਉੱਤੇ ਢੁਕਾਅ ਦਿੰਦੇ ਹਾਂ ਕਿ ਦਰਿਆ ਦੇ ਕੰਢੇ ਇਕ ਬਗਲਾ ਖੜ੍ਹਾ ਹੈ ਤੇ ਉਹ ਕਲੋਲਾਂ ਕਰ ਰਿਹਾ ਹੈ ਮੱਛੀਆਂ ਦੇ ਨਾਲ। ਕਲੋਲਾਂ ਕਰ ਰਹੇ ਬਗਲੇ ਨੂੰ ਅਚਨਚੇਤ ਬਾਜ ਪੈ ਗਏ। ਜਦੋਂ ਬਾਜਾਂ ਨੇ ਇਸ ਬਗਲੇ ਨੂੰ ਝਪਟਿਆ ਤਾਂ ਉਸ ਵੇਲੇ ਬਗਲੇ ਨੂੰ ਕਲੋਲ ਭੁੱਲ ਗਏ। ਬਗਲੇ ਨੂੰ ਤਾਂ ਚੇਤੇ ਹੀ ਨਹੀਂ ਸੀ। ਇਹ ਸਲੋਕ ਹਰ ਇਕ ਦੀ ਮੌਤ 'ਤੇ ਢੁੱਕੇਗਾ, ਪਰ ਇਸ ਸਲੋਕ ਦੀ ਡੂੰਘਾਈ ਵਿਚ ਜਾ ਕੇ ਦੇਖੀਏ ਪਿਆਰਿਉ ਤਾਂ ਅਸਲ ਵਿਚ ਇਹ ਸਲੋਕ ਹੈ ਉਸ ਵਿਕਾਰੀ ਪੁਰਸ਼ ਲਈ ਜਿਹੜਾ ਪਦਾਰਥਾਂ ਦੇ ਕਲੋਲਾਂ ਵਿਚ ਖਚਤ ਹੈ। ਰੱਬ ਦੀ ਬੰਦਗੀ ਕਰਨ ਵਾਲੇ ਵਾਸਤੇ ਪ੍ਰਮਾਣ ਨਹੀਂ ਢੁੱਕੇਗਾ, ਕਿਉਂਕਿ ਉਸਨੂੰ ਪਤਾ ਹੈ ਮੌਤ ਆਉਣੀ ਹੈ, ਇਹ ਤਾਂ ਉਸਦੇ ਲਈ ਹੈ ਜਿਸਨੂੰ ਮੌਤ ਕਦੀ ਚੇਤੇ ਆਈ ਨਹੀਂ। ਭਗਤੀ ਕਰਨ ਵਾਲਾ ਤਾਂ ਕਹਿ ਰਿਹਾ ਹੈ ਕਿ-

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥ (ਅੰਗ ੧੩੬੫)

ਭਗਤੀ ਕਰਨੇ ਵਾਲੇ ਨੂੰ ਪਤਾ ਹੈ-

ਹਮ ਆਦਮੀ ਹਾਂ ਇਕ ਦਮੀ ਮੁਹਲਤ ਮੁਹਤੁ ਨ ਜਾਣਾ॥

(ਅੰਗ ੬੬੦)

ਅਚਿੰਤੇ ਨਹੀਂ। ਕਮਾਈ ਵਾਲੇ ਨੂੰ ਪਤਾ ਹੈ ਕਿ ਅੰਮ੍ਰਿਤ ਬਾਣੀ ਵਿਚ ਕਿਹਾ ਹੈ-

ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥

(ਅੰਗ ੭੨੧)

ਭਗਤੀ ਕਰਨ ਵਾਲਾ ਸੰਸਾਰ ਦੀਆਂ ਕਲੋਲਾਂ ਨਹੀਂ ਕਰਦਾ। ਜਿਹੜਾ ਸੰਸਾਰ ਦੇ ਕਿਨਾਰੇ 'ਤੇ ਬੈਠਾ ਹੈ। ਡੱਡੀਆਂ ਮੱਛੀਆਂ ਦੀ ਤਰ੍ਹਾਂ ਲੋਕਾਂ ਦਾ ਪਰਾਇਆ ਹੱਕ ਖੋਂਹਦਾ ਹੈ ਤੇ ਇੰਨਾ ਕੁ ਵਿਕਾਰਾਂ ਦੇ ਕਲੋਲਾਂ ਵਿਚ ਖਚਤ ਹੈ ਕਿ ਇਹ ਪਤਾ ਹੀ ਨਹੀਂ ਕਿ ਮੈਨੂੰ ਇਕ ਦਿਨ ਮੌਤ ਆਉਣੀ ਹੈ ਕਿ ਨਹੀਂ, ਉਸਦੇ ਲਈ ਇਹ ਬਚਨ ਢੁੱਕੇਗਾ। ਬੰਦਗੀ ਕਰਨ ਵਾਲਾ ਸਾਈਂ ਦੀ ਯਾਦ ਵਿਚ ਜੁੜਦਾ ਹੈ। ਉਸਨੂੰ ਮੌਤ ਆਇਆਂ ਵੀ ਰੱਬ ਦੀ ਯਾਦ ਵਿਸਰਦੀ ਨਹੀਂ। ਜਿਸ ਬੰਦੇ ਨੂੰ ਅਸਲ ਵਿਚ ਰੱਬ ਦਾ ਚੇਤਾ ਵੀ ਨਹੀਂ ਸੀ, ਜਿਸ ਬੰਦੇ ਨੂੰ ਮੌਤ ਦਾ ਚੇਤਾ ਵੀ ਨਹੀਂ ਸੀ, ਜਿਸ ਬੰਦੇ ਨੂੰ ਜੰਮ-ਦੰਡ ਦਾ ਚੇਤਾ ਵੀ ਨਹੀਂ ਸੀ, ਉਸਨੂੰ ਹਜ਼ੂਰ ਕਹਿ ਰਹੇ ਹਨ ਪਿਆਰਿਉ ਕਿ-

ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥

(ਅੰਗ ੧੩੮੩)

ਪ੍ਰਮਾਤਮਾ ਨੇ ਉਹ ਕੁਝ ਕਰ ਦਿੱਤਾ ਜੋ ਕੁਝ ਬੰਦੇ ਦੇ ਜ਼ਹਿਨ ਵਿਚ ਵੀ ਨਹੀਂ ਸੀ। ਇਥੇ ਪ੍ਰਮਾਣ ਜ਼ਰੂਰ ਲੱਗੇਗਾ ਜੋ ਸਾਹਿਬ ਕ੍ਰਿਪਾਲੂ ਗੁਰੂ ਤੇਗ਼ ਬਹਾਦਰ ਜੀ ਦਾ ਬਚਨ ਹੈ-

ਨਰ ਚਾਹਤ ਕਛੁ ਅਉਰ

ਇਹ ਵੀ ਮਨਮੁਖ ਲਈ ਹੈ।

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥

ਬੰਦਾ ਕੁਝ ਚਾਹੁੰਦਾ ਹੈ, ਰੱਬ ਕੁਝ ਕਰਦਾ ਪਿਆ ਹੈ, ਹੋਰ ਦਾ ਹੋਰ ਹੀ ਬਣ ਗਿਆ ਹੈ।

ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥

(ਅੰਗ ੧੪੨੮)

ਲੋਕਾਂ ਦੇ ਆਪਣੇ ਮਨ ਵਿਚ ਠੱਗੀ ਸੀ। ਚਿੱਤ ਵਿਚ ਸੀ ਕਿ ਮੈਂ ਕਿਸ ਨੂੰ ਠੱਗਾਂਗਾ। ਹਜ਼ੂਰ ਕਹਿੰਦੇ ਹਨ ਕਿ ਲੋਕਾਂ ਨੂੰ ਫਾਹੀਆਂ ਪਾਉਣ ਵਾਲਾ ਆਪ ਹੀ ਫਾਹੀ ਵਿਚ ਫੱਸ ਗਿਆ। ਮਨਮੁਖ ਬੰਦੇ ਦਾ ਅੰਦਰ ਮਾਇਆ ਵਿਚ ਰਚਿਆ ਹੈ। ਹੇ ਮਿੱਤਰ! ਬੜੇ ਯਤਨ ਕਰੀਏ, ਜਿਸ

ਦੀ ਅੰਦਰ ਦੀ ਚਿਤਵਨੀ ਮਾਇਆ ਵਿਚ ਖਚਤ ਹੋ ਗਈ ਹੈ। ਯਤਨ ਕਰਨ ਦੇ ਬਾਵਜੂਦ ਵੀ ਮਨ ਮਾਇਆ ਵਿਚੋਂ ਨਿਕਲਦਾ ਨਹੀਂ। ਇਵੇਂ ਖਚਤ ਹੋ ਗਿਆ ਹੈ ਜਿਵੇਂ ਦੀਵਾਰ ਵਿਚ ਉਕਰੀ ਹੋਈ ਮੂਰਤੀ ਦੀਵਾਰ ਤੋਂ ਵੱਖ ਨਹੀਂ ਹੋ ਸਕਦੀ, ਇਸੇ ਤਰ੍ਹਾਂ ਮਨਮੁਖ ਬੰਦੇ ਦੇ ਅੰਦਰ ਮਾਇਆ ਦੀ ਲਾਲਚ ਦੀ ਜਿਹੜੀ ਚਿਤਵਨੀ ਹੈ, ਉਹ ਵੱਖ ਨਹੀਂ ਹੋ ਸਕਦੀ।

ਹਜ਼ੂਰ ਮੇਹਰ ਕਰਦੇ ਹਨ ਕਿ ਗੁਰਮੁਖ ਦਾ ਜੇ ਟਿਕਾਅ ਬਣਦਾ ਹੈ ਅਰਦਾਸਾਂ ਕਰਕੇ ਤਾਂ ਮਨ ਵੱਲ ਝਾਤੀ ਮਾਰ ਦੇ ਦੇਖੀਏ। ਸਤਿਗੁਰੂ ਜੀ ਨੇ ਤਾਂ ਅੰਮ੍ਰਿਤ ਬਾਣੀ ਵਿਚ ਆਪ ਕਿਹਾ ਹੈ ਕਿ ਤੇਰਾ ਕੋਈ ਭਰੋਸਾ ਨਹੀਂ। ਅੱਜ ਧਰਮੀ ਬਣਿਆ ਬੈਠਾ ਹੈਂ, ਕੱਲ ਨੂੰ ਥੋੜਾ ਜਿਹਾ ਤਿਲਕਿਆ ਤੇ ਇਸੇ ਮਨ ਨੇ ਕੁਕਰਮੀ ਬਣ ਜਾਣਾ ਹੈ। ਅੱਜ ਆਸਤਿਕ ਬਣਿਆ ਬੈਠਾ ਹੈ, ਕੱਲ ਨੂੰ ਇਹੀ ਮਨ ਨਾਸਤਿਕ ਵੀ ਬਣ ਸਕਦਾ ਹੈ। ਸੱਚੇ ਪਾਤਿਸ਼ਾਹ ਕਹਿੰਦੇ ਹਨ, ਸੱਚ ਜਾਣੀ, ਜੇ ਤੂੰ ਕਹੇਂ ਕਿ ਮੇਰੇ 'ਤੇ ਭਰੋਸਾ ਕਰ ਲਉ, ਹੇ ਮਨਾ! ਤੇਰੇ 'ਤੇ ਰੰਚਕ ਮਾਤਰ ਵੀ ਭਰੋਸਾ ਨਹੀਂ। ਕਿਉਂ ਨਹੀਂ? ਕਹਿਣ ਲੱਗੇ ਕਿ ਜਿਵੇਂ ਇਕ ਖੋਤਾ ਇਹ ਗੱਲ ਕਹੇ ਕਿ ਤੁਸੀਂ ਮੇਰੇ ਪੈਰਾਂ ਦਾ ਸੰਗਲ ਖੋਲ੍ਹ ਦਿਉ ਤੇ ਮੇਰੇ ਉੱਤੇ ਛੱਟ ਲੱਦ ਦਿਉ, ਮੈਂ ਕਿਸੇ ਪਾਸੇ ਨਹੀਂ ਜਾਂਦਾ। ਕਹਿੰਦੇ ਹਨ ਸਿਆਣਾ ਬੰਦਾ ਕਦੀ ਵੀ ਖੋਤੇ ਦੇ ਪੈਰਾਂ ਦਾ ਰੱਸਾ ਉਨੀ ਦੇਰ ਤੱਕ ਨਹੀਂ ਖੋਲ੍ਹਦਾ ਜਿੰਨੀ ਦੇਰ ਤੱਕ ਉਸ ਉੱਤੇ ਭਾਰ ਨਾ ਲੱਦ ਲਏ, ਕਿਉਂਕਿ ਖੋਤਾ ਬੇ-ਯਕੀਨਾ ਹੈ। ਪਿਆਰਿਉ! ਮਨ ਤਾਂ ਇਕ ਗਧੇ ਦੀ ਤਰ੍ਹਾਂ ਹੈ, ਕੇਵਲ ਮਨਮੁਖ ਦਾ ਹੀ ਨਹੀਂ, ਹਰ ਬੰਦੇ ਦੀ ਮਹਿਕ ਇਸ ਅਵਸਥਾ 'ਚ ਬਣੀ ਪਈ ਹੈ। ਸਤਿਗੁਰੂ ਨੇ ਅੰਮ੍ਰਿਤ ਬਾਣੀ ਵਿਚ ਕਿਹਾ ਹੈ-

ਪਾਨਾ ਵਾੜੀ ਹੋਇ ਘਰਿ

ਜੇ ਘਰ ਵਿਚ ਫੁੱਲਾਂ ਦੀ ਬਗ਼ੀਚੀ ਹੋਵੇ।

ਖਰੁ ਸਾਰ ਨ ਜਾਣੈ॥

ਪਰ ਗਧੇ ਨੂੰ ਕੀ ਪਤਾ? ਉਸਨੇ ਸਾਰ ਨਹੀਂ ਜਾਣਨੀ ਖਿੜੇ ਹੋਏ ਫੁੱਲਾਂ ਦੀ। ਮਨਮੁਖ ਬੰਦੇ ਨੂੰ ਭਗਤੀ ਦੀ ਸਾਰ ਨਹੀਂ, ਸਿਰਫ਼ ਮਾਇਆ ਦੀ ਚਿਤਵਨੀ ਹੈ। ਕਿਸੇ ਤਰੀਕੇ ਨਾਲ ਮਾਇਆ ਮੇਰੇ ਅੰਦਰ ਰਹਿ ਜਾਏ। ਅਗਲਾ ਬਚਨ ਹੈ ਇਹ ਸਾਰ ਕੌਣ ਜਾਣੇਗਾ? ਜਿਹੜਾ ਗੁਰਮੁਖ-

ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ॥

(ਅੰਗ ੧੨੫)

ਜਿਹੜਾ ਫੁੱਲਾਂ ਦਾ ਰਸੀਆ ਹੈ ਤੇ ਮਨ ਕਿਤੇ ਗਧੇ ਦੀ ਤਰ੍ਹਾਂ ਬਣ ਗਿਆ ਹੈ ਤਾਂ ਪਿਆਰਿਉ! ਨਾ ਇਸਦੇ ਮਰਨ ਲੱਗਿਆਂ ਇਸਨੂੰ ਸੁੱਖ ਹੈ ਤੇ ਨਾ ਇਸਦੇ ਜਨਮ ਵਿਚ ਇਸਨੂੰ ਸੁੱਖ ਹੈ। ਮਹਾਂਪੁਰਸ਼ਾਂ ਦਾ ਇਕ ਬੜਾ ਸੁੰਦਰ ਸ਼ਬਦ ਹੈ, ਕਹਿਣ ਲੱਗੇ- ਹੇ ਮਨਾ ਖੋਤਿਆ! ਤੇਰਾ ਸੁਭਾਅ ਹੈ। ਆਵੇ ਹੇਠ ਖਲੋਤਿਆਂ ਆਵਾ ਤੇਰਾ ਮੁੱਕਣਾ ਨਹੀਂ ਤੇ ਪੈਂਡਾ ਤੇਰਾ ਛੁੱਟਣਾ

ਨਹੀਂ। ਮਨ ਦਾ ਸੁਭਾਅ ਹੈ ਕਿ ਜੋ ਚਿਤਵਨੀ ਅਸੀਂ ਕਰੀ ਜਾਂਦੇ ਹਾਂ ਮਾਇਆ ਦੀ ਦਿਨ ਰਾਤ ਤੇ ਜੇ ਇਸ ਚਿਤਵਨੀ ਦੀ ਥਾਂ 'ਤੇ ਰੱਬ ਦੀ ਚਿਤਵਨੀ ਆ ਜਾਵੇ ਤਾਂ ਉਸਨੂੰ ਕਿੰਨਾ ਅੰਦਰ ਸੁੱਖ ਮਿਲ ਜਾਵੇ। ਕਿਉਂਕਿ ਸਾਡੇ ਮਨ ਦਾ ਸੁਭਾਅ ਹੈ ਕਿ ਇਹ ਆਉਣ ਵਾਲੇ ਬਾਰੇ ਬਹੁਤ ਕੁਝ ਸੋਚਦਾ ਹੈ। ਹਾਲਾਂਕਿ ਇਹ ਵੀ ਪਤਾ ਹੈ ਕਿ ਮੈਂ ਪੰਜਾਂ ਦੱਸਾਂ ਸਾਲਾਂ ਤੱਕ ਇਸ ਘਰ ਤੋਂ ਕੂਚ ਕਰ ਜਾਣਾ ਹੈ, ਪਰ ਫਿਰ ਵੀ ਮਰਦਾ ਹੋਇਆ ਆਪਣੀਆਂ ਪੰਜਾਂ ਦੱਸਾਂ ਪੀੜ੍ਹੀਆਂ ਬਾਰੇ ਸੋਚੀ ਜਾਏਗਾ, ਉਹਨਾਂ ਦਾ ਕੀ ਬਣੇਗਾ? ਤੂੰ ਆਪਣਾ ਸੋਚ, ਤੇਰਾ ਪੰਜ ਸਾਲ ਤੋਂ ਬਾਅਦ ਕੀ ਬਣਨਾ ਹੈ? ਤੂੰ ਆਉਣ ਵਾਲਿਆਂ ਨੂੰ ਚਿਤਵਦਾ ਹੈਂ। ਜਿਸ ਬੰਦੇ ਦੇ ਅੰਦਰ ਮਾਇਆ ਦੀ ਚਿਤਵਨੀ ਹੈ, ਜੇ ਮਰਦੇ ਸਮੇਂ ਉਸਦੇ ਕੰਨਾਂ ਵਿਚ ਕੂਕ ਕੂਕ ਕੇ ਕਹੋ ਕਿ ਤੁਸੀਂ ਵਾਹਿਗੁਰੂ ਵਾਹਿਗੁਰੂ ਕਹਿ ਲਉ, ਖਿਮਾ ਕਰਿਉ, ਜਿਸ ਨੇ ਸਾਰੀ ਜ਼ਿੰਦਗੀ ਮਨ ਉੱਤੇ ਘਸਾਇਆ ਹੀ ਮਾਇਆ ਨੂੰ ਹੈ, ਉਥੇ ਨਾਮ ਕਿਵੇਂ ਚੇਤੇ ਆ ਜਾਏਗਾ।

ਇਕ ਮਾਇਆ ਨੂੰ ਕਿਹਾ ਹੈ ਕਿ ਤੂੰ ਮੱਖੀ ਹੈਂ, ਕਿਉਂਕਿ ਮੱਖੀ ਵੀ ਨਹੀਂ ਟਿੱਕਦੀ ਤੇ ਮਾਇਆ ਵੀ ਨਹੀਂ ਟਿੱਕਦੀ। ਦੂਜਾ ਬਚਨ ਕਿਹਾ ਕਿ ਮਨਮੁਖ ਬੰਦਾ ਮੱਖੀ ਦੀ ਤਰ੍ਹਾਂ ਹੈ ਤੇ ਤੀਜਾ ਬਚਨ ਗੁਰੂ ਗ੍ਰੰਥ ਸਾਹਿਬ ਨੇ ਕਿਹਾ ਕਿ ਕਮਾਈ ਵਾਲਾ ਸੱਜਣ ਵੀ ਮੱਖੀ ਦੀ ਤਰ੍ਹਾਂ ਹੈ। ਮਨਮੁਖ ਬੰਦਾ ਕੂੜੇ 'ਤੇ ਬੈਠੀ ਮੱਖੀ ਦੀ ਤਰ੍ਹਾਂ ਹੈ ਜਿਹੜੀ ਟਿਕਾਅ ਵਿਚ ਨਹੀਂ ਆਉਂਦੀ। ਜੇ ਕੂੜੇ ਦਾ ਢੇਰ ਲੱਗਾ ਹੈ, ਗੰਦਗੀ ਉੱਪਰ ਤਾਂ ਮੱਖੀ ਬੈਠ ਜਾਏਗੀ। ਜੇ ਅਤਰ ਹੋਵੇ ਤਾਂ ਉਥੇ ਮੱਖੀ ਕਦੀ ਨਹੀਂ ਬੈਠੇਗੀ। ਜੇ ਮੱਖੀ ਨੂੰ ਭਜਾਉਣਾ ਹੋਵੇ ਤਾਂ ਥੋੜੀ ਜਿਹੀ ਸੁਗੰਧੀ ਦਾ ਛੜਕਾਅ ਕਰ ਦਿਉ ਤਾਂ ਮੱਖੀਆਂ ਚਲੀਆਂ ਜਾਂਦੀਆਂ ਹਨ, ਕਿਉਂਕਿ ਮੱਖੀ ਨੂੰ ਗੰਦਗੀ ਹੀ ਭਾਉਂਦੀ ਹੈ, ਮੱਖੀ ਨੂੰ ਕਦੀ ਸੁਗੰਧੀ ਨਹੀਂ ਭਾਉਂਦੀ। ਮਨਮੁਖ ਬੰਦਾ ਇਕ ਮਾਨੋ ਮੱਖੀ ਦੀ ਤਰ੍ਹਾਂ ਹੈ। ਜਿਸ ਬੰਦੇ ਨੂੰ ਵਿਕਾਰਾਂ ਦੀ ਗੰਦਗੀ ਤਾਂ ਚੰਗੀ ਲੱਗੇਗੀ, ਉਸਨੂੰ ਵਿਕਾਰਾਂ ਦੇ ਸ਼ਬਦ ਤਾਂ ਚੰਗੇ ਲੱਗਣਗੇ ਪਰ ਗੁਰੂ ਦਾ ਸ਼ਬਦ ਉਸਨੂੰ ਕਦੀ ਭਾਉਂਦਾ ਨਹੀਂ ਤੇ ਉਸ ਦੇ ਅੰਦਰ ਪੂਰਨ ਤੌਰ 'ਤੇ ਟਿਕਾਅ ਵੀ ਨਹੀਂ। ਮਨਮੁਖ ਬੰਦਾ ਕਦੇ ਵੀ ਨਹੀਂ ਟਿੱਕਦਾ। ਜਿਹੜਾ ਬੰਦਾ ਇਕ ਥਾਂ 'ਤੇ ਟਿਕੇ ਨਾ, ਥਾਵਾਂ ਹੀ ਬਦਲਦਾ ਰਹੇ, ਪਿਆਰਿਉ! ਉਹ ਬੰਦਾ ਕਦੇ ਜ਼ਿੰਦਗੀ ਵਿਚ ਕੁਝ ਖੱਟ ਕੇ ਨਹੀਂ ਜਾਂਦਾ।

ਭਾਈ ਗੁਰਦਾਸ ਜੀ ਨੇ ਆਪਣੀ ਕਵਿਤਾ ਵਿਚ ਪ੍ਰਮਾਣ ਦਿੱਤਾ ਹੈ ਕਿ ਮਨਮੁਖ ਬੰਦੇ ਦੇ ਅੰਦਰ ਟਿਕਾਅ ਨਹੀਂ। ਇਕ ਥਾਂ ਨੂੰ ਛੱਡ ਦੂਜੀ, ਦੂਜੀ ਤੋਂ ਤੀਜੀ, ਤੀਜੀ ਤੋਂ ਚੌਥੀ, ਉਸਦੇ ਅੰਦਰ ਨੂੰ ਕਦੀ ਟਿਕਾਅ ਨਹੀਂ ਮਿਲ ਸਕਦਾ। ਭਾਈ ਸਾਹਿਬ ਨੇ ਪ੍ਰਮਾਣ ਦਿੱਤਾ ਹੈ। ਕਹਿੰਦੇ ਹਨ ਕਿ ਗਾਂ ਦਾ ਵੱਛਾ ਕਿੱਲੇ ਤੋਂ ਖੋਲ੍ਹਿਆ ਹੈ ਗਵਾਲੇ ਨੇ। ਹੁਣ ਜੇ ਉਹ ਵੱਛਾ ਆਪਣੀ ਮਾਂ ਨੂੰ ਛੱਡ ਕੇ ਜਿਸਨੇ ਉਸਨੂੰ ਜਨਮ ਦਿੱਤਾ ਹੈ, ਉਸ ਗਾਂ ਨੂੰ ਛੱਡ ਕੇ ਕਿਸੇ ਦੂਸਰੀ ਗਾਂ ਦੇ ਥਣਾਂ ਵਿਚੋਂ ਦੁੱਧ ਦੀ ਆਸ ਰੱਖਕੇ ਉਸਨੂੰ ਚੁੰਘਣ ਵਾਸਤੇ ਜਾਏ, ਤਾਂ ਉਥੇ ਅੰਮ੍ਰਿਤ ਵਰਗਾ ਦੁੱਧ ਨਹੀਂ ਮਿਲੇਗਾ। ਉਥੇ ਦੂਸਰੀ ਗਾਂ ਇਸ ਬਛੜੇ ਨੂੰ ਲੱਤਾਂ ਹੀ ਮਾਰੇਗੀ। ਆਪਣੀ ਮਾਂ ਨੂੰ

ਛੱਡ ਕੇ ਜਿਸਨੇ ਅੰਮ੍ਰਿਤ ਵਰਗਾ ਦੁੱਧ ਦੇਣਾ ਹੈ, ਉਸਨੂੰ ਤਿਆਗ ਕੇ ਵੱਛਾ ਦੂਜੀ ਗਾਂ ਦੇ ਥਣਾਂ ਨੂੰ ਚੁੰਘਣ ਦਾ ਯਤਨ ਕਰੇ, ਉਸਨੂੰ ਕਦੇ ਦੁੱਧ ਨਹੀਂ ਮਿਲਦਾ, ਲੱਤਾਂ ਦੀ ਮਾਰ ਪੈਂਦੀ ਹੈ ਤੇ ਜਿਹੜਾ ਬੰਦਾ ਆਪਣੇ ਇਸ਼ਟ ਨੂੰ ਛੱਡ ਕੇ ਸੁਆਰਥ ਦੀ ਖ਼ਾਤਰ ਦੂਜੇ ਥਾਂ 'ਤੇ ਭਟਕਣ ਤੁਰ ਪੈਂਦਾ ਹੈ, ਸੱਚ ਜਾਣੋਂ ਉਥੇ ਕਦੀ ਵੀ ਆਤਮ ਰੱਸ ਨਹੀਂ ਮਿਲਦਾ, ਉਥੇ ਕੇਵਲ ਖ਼ੁਆਰੀ ਹੀ ਪੱਲੇ ਪੈਂਦੀ ਹੈ। ਵੈਸੇ ਚਾਹੀਦਾ ਹੈ ਕਿ ਜਿਸਨੂੰ ਆਪਣਾ ਇਸ਼ਟ ਮੰਨ ਲਿਆ ਹੈ, ਜਿਸਨੂੰ ਆਪਣਾ ਗੁਰੂ ਮੰਨ ਲਿਆ ਹੈ, ਉਹ ਭਾਵੇਂ ਦੁੱਖ ਦੇਵੇ, ਸੁੱਖ ਦੇਵੇ, ਚੰਗਾ ਹੋਵੇ, ਮੰਦਾ ਹੋਵੇ, ਜਿਸਨੂੰ ਆਪਣੀ ਜ਼ਿੰਦਗੀ ਸਮਰਪਿਤ ਕਰ ਹੀ ਦਿੱਤੀ, ਉਸਨੂੰ ਛੱਡ ਕੇ ਦੂਜੇ ਪਾਸੇ ਕਿਉਂ ਭੱਜਣਾ ਹੈ।

ਲੋਕਾਂ ਨੇ ਪ੍ਰਮਾਤਮਾ ਨੂੰ ਇਕ ਖਿਡੌਣਾ ਬਣਾਇਆ ਹੈ। ਖਿਡੌਣਾ ਦਿਲ ਪ੍ਰਚਾਵਾ ਜ਼ਰੂਰ ਹੋ ਸਕਦਾ ਹੈ ਪਰ ਖਿਡੌਣਾ ਸਾਡੇ ਸਰੀਰ ਨੂੰ ਸੁੱਖ ਨਹੀਂ ਦੇਵੇਗਾ। ਬਾਬਾ ਜੀ ਨੇ ਬਾਣੀ ਵਿਚ ਕਿਹਾ ਹੈ-

ਮਾਥੇ ਤਿਲਕੁ ਹਥਿ ਮਾਲਾ ਬਾਨਾਂ॥

ਮੱਥੇ 'ਤੇ ਲੰਮਾ ਸਾਰਾ ਤਿਲਕ ਹੈ। ਹੱਥ ਵਿਚ ਮਾਲਾ ਵੀ ਫੜੀ ਹੈ।

ਲੋਗਨ ਰਾਮੁ ਖਿਲਉਨਾ ਜਾਨਾਂ॥

(ਅੰਗ ੧੧੫੮)

ਹੁਣ ਦਿਲ-ਪ੍ਰਚਾਵੇ ਖਿਡੌਣੇ ਹੀ ਹਨ ਕਿ ਤੇਰਾ ਦਸਮ ਦੁਆਰ ਖੁੱਲ੍ਹ ਗਿਆ ਹੈ, ਤੇਰੇ ਅੰਦਰ ਇਹ ਅਵਸਥਾ ਆ ਗਈ ਹੈ। ਇਸ ਤੋਂ ਅਸੀਂ ਮੁੱਕਰ ਨਹੀਂ ਸਕਦੇ। ਅੰਦਰ ਦੀਆਂ ਅਵਸਥਾਵਾਂ ਹਨ। ਕਿਹੜਾ ਬੰਦਾ ਕਿਹੜੇ ਪੱਧਰ 'ਤੇ ਖਲੋਤਾ ਹੈ ਪਰ ਜੇ ਕਹੀਏ ਕਿ ਫਲਾਣੇ ਬੰਦੇ ਨੇ ਇਕ ਖਿਨ ਵਿਚ ਹੀ ਦਸਮ ਦੁਆਰ ਖੋਲ੍ਹ ਦਿੱਤਾ ਹੈ। ਅੰਦਰੋਂ ਅੰਮ੍ਰਿਤ ਦਾ ਸੁਆਦ ਆਉਣ ਲੱਗ ਪਿਆ ਹੈ। ਅੰਦਰੋਂ ਇਕ ਦਮ ਚਾਨਣ ਦਿੱਸਣ ਲੱਗ ਪਿਆ ਹੈ।

ਇਸਦੇ ਵਿਚ ਕੋਈ ਸ਼ੱਕ ਨਹੀਂ ਕਿ ਰੂਹਾਨੀਅਤ ਦੇ ਪੰਧ ਨਾਲ ਜੁੜੇ ਹੋਏ ਇਹ ਝਲਕਾਰੇ ਜ਼ਰੂਰ ਹਨ, ਪਰ ਇਕੋ ਦਮ ਹਜ਼ਾਰਾਂ ਬੰਦਿਆਂ ਨੂੰ ਇਹ ਖੇਡ ਵਰਤਾ ਦੇਣੀ ਤੇ ਉਹ ਬੰਦੇ ਆ ਕੇ ਫਿਰ ਦੂਜਿਆਂ ਨੂੰ ਟਿੱਚ ਸਮਝਦੇ ਹਨ। ਤੈਨੂੰ ਜੋਤ ਦੇ ਦਰਸ਼ਨ ਹੋਏ ਹਨ? ਤੇਰਾ ਦਸਮ ਦੁਆਰ ਖੁੱਲ੍ਹਿਆ ਹੈ? ਉਹ ਬੰਦਾ ਸੋਚੀਂ ਪੈ ਜਾਂਦਾ ਹੈ ਕਿ ਇਸਨੇ ਕਮਾਉਣਾ ਕੀ ਸੀ, ਇਹ ਤਾਂ ਪ੍ਰਮਾਰਥ ਦੀ ਹਉਮੈ ਦੀ ਮਿੱਟੀ ਲੈ ਕੇ ਚੱਲ ਪਿਆ ਹੈ। ਪਿਆਰਿਉ! ਆਮ ਹਉਮੈ ਤਾਂ ਲਹਿ ਜਾਏਗੀ ਪਰ ਜਿਹੜੀ ਰੱਬ ਦੇ ਨਾਮ 'ਤੇ ਹਉਮੈ ਬਣ ਜਾਏ, ਤੇਰਾ ਦਸਮ ਦੁਆਰ ਖੁੱਲ੍ਹਿਆ ਹੈ, ਮੇਰੇ ਅੰਦਰ ਅਨਦ ਸ਼ਬਦ ਚੱਲਦਾ ਹੈ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨ ਵਾਲਿਉ! ਗੁਰਸਿੱਖੀ ਦਾ ਮਾਰਗ ਨਿਮਰਤਾ ਦਾ ਮਾਰਗ ਹੈ, ਗੁਰਸਿੱਖੀ ਦਾ ਮਾਰਗ ਭਉ-ਭਗਤੀ ਦਾ ਮਾਰਗ ਹੈ, ਗੁਰਸਿੱਖੀ ਦਾ ਮਾਰਗ ਅੰਦਰੋਂ ਝੁੱਕਿਆਂ ਹੋਇਆਂ ਦਾ ਮਾਰਗ ਹੈ।

ਗੁਰਸਿੱਖੀ ਦਾ ਮਾਰਗ ਰਸਤੇ ਵਿਚ ਅਨਾਊਸਮੈਂਟਾਂ ਕਰਨ ਦਾ ਮਾਰਗ ਨਹੀਂ। ਆਨੰਦ ਤਾਂ ਇਸ ਗੱਲ ਦਾ ਹੈ ਕਿ ਜਿਸ ਦਿਨ ਕਿਸੇ ਦੇ ਉਤੇ ਦੁੱਖ, ਮੁਸੀਬਤ ਆ ਪਏ ਤੇ ਉਸਦੇ ਅੰਦਰ ਦੀ ਅਡੋਲਤਾ ਬਿਲਕੁਲ ਵੀ ਖ਼ਤਮ ਨਾ ਹੋਵੇ। ਉਹ ਹੈ ਪਰਮ-ਅਵਸਥਾ। ਸਤਿਗੁਰੂ ਨੇ ਫ਼ੁਰਮਾਇਆ ਹੈ-

ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ॥
ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ॥

ਮਨਮੁਖ ਬੰਦਾ ਮਾਇਆ ਦੇ ਮੋਹ ਦੀਆਂ ਵਿਚਵਨੀਆਂ ਨੂੰ ਦਿਨ ਰਾਤ ਚਿਤਵਦਾ ਹੈ। ਉਸਨੂੰ ਅਨੇਕਾਂ ਆਸਾਂ ਹਨ, ਅੰਦਰ ਲਾਲਚ ਹੈ ਤੇ ਅੰਦਰ ਵਿਕਾਰਾਂ ਵਾਲੀ ਬਿਰਤੀ ਹੈ। ਮਨਮੁਖ ਬੰਦਾ ਕਿਸੇ ਦੇ ਵੀ ਨੇੜੇ ਕਿਸੇ ਆਸ ਨੂੰ ਰੱਖਕੇ ਹੀ ਜਾਂਦਾ ਹੈ। ਜਿਸ ਦਿਨ ਸੁਆਰਥ ਦੀ ਪੂਰਤੀ ਹੋ ਗਈ, ਉਸ ਦਿਨ ਪਰਤ ਕੇ ਕੋਈ ਨਹੀਂ ਟੱਕਰਦਾ। ਇਕ ਖਿਨ ਵਿਚ ਲੋਕ ਅੱਖਾਂ ਬਦਲਦੇ ਹਨ। ਅੱਖਾਂ ਹਮੇਸ਼ਾਂ ਦੋ ਬੰਦੇ ਬਦਲਦੇ ਹਨ। ਇਕ ਤਾਂ ਜਿਹੜਾ ਮਰ ਜਾਏ, ਉਸ ਦੀਆਂ ਅੱਖਾਂ ਪੁੱਠੀਆਂ ਹੋ ਜਾਂਦੀਆਂ ਹਨ, ਇਕ ਜਿਹੜਾ ਜਿਉਂਦੇ ਜੀਅ ਬੇਈਮਾਨ ਹੋ ਜਾਂਦਾ ਹੈ, ਉਸ ਦੀਆਂ ਵੀ ਅੱਖਾਂ ਬਦਲ ਜਾਂਦੀਆਂ ਹਨ। ਗੁਰੂ ਰਾਮਦਾਸ ਜੀ ਪਾਤਿਸ਼ਾਹ ਕਹਿੰਦੇ ਹਨ ਕਿ ਜੇ ਤੂੰ ਆਸ ਕਰਨੀ ਹੈ ਤਾਂ ਹਰੀ ਦੀ ਆਸ ਕਰ, ਲੋਕਾਂ ਦੀ ਆਸ ਨਹੀਂ। ਕਿਉਂਕਿ ਬੰਦੇ ਦੀ ਆਸ ਕਦੀ ਵੀ ਬੰਦੇ ਨੂੰ ਖ਼ੁਸ਼ੀ ਨਹੀਂ ਦੇ ਸਕਦੀ। ਅਸਥਿਰੁ ਦਾ ਅੱਖਰੀ ਅਰਥ ਇਥੇ ਕਰਾਂਗੇ ਜਿਹੜਾ ਥਿਰ ਨਹੀਂ ਹੈ। ਮਨਮੁਖ ਬੰਦਾ ਕਦੀ ਥਿਰ ਨਹੀਂ ਰਹਿੰਦਾ। ਉਹ ਖਿਨ ਵਿਚ ਹੀ ਆਪਣੇ ਅੰਦਰ ਦੇ ਖ਼ਿਆਲ ਬਦਲਦਾ ਹੈ। ਇਕ ਖਿਨ ਵਿਚ ਉਸਦੀ ਆਤਮਕ ਮੌਤ ਹੈ। ਜੰਮਦਾ ਤੇ ਮਰਦਾ ਰਹਿੰਦਾ ਹੈ। ਸੱਚੇ ਪਾਤਿਸ਼ਾਹ! ਫਿਰ ਕਿਵੇਂ ਅੰਦਰ ਦੀ ਸਥਿਰਤਾ ਮਿਲੇ? ਹਜ਼ੂਰ ਨੇ ਫ਼ੁਰਮਾਇਆ-

ਵਡ ਭਾਗੁ ਹੋਵੈ ਸਤਿਗੁਰੁ ਮਿਲੈ

ਜੇ ਵੱਡੇ ਭਾਗ ਹੋਣ ਤੇ ਸਮਰੱਥ ਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਹਉਮੈ ਤਜੈ ਵਿਕਾਰ॥

ਬੰਦਾ ਆਪਣੇ ਹਉਮੈ ਨੂੰ ਵੀ ਛੱਡ ਜਾਂਦਾ ਹੈ। ਵਿਕਾਰ ਵੀ ਖਹਿੜਾ ਛੱਡਣਗੇ, ਜੇ ਸਮਰੱਥ ਗੁਰੂ ਮਿਲ ਜਾਏ। ਕਿਉਂਕਿ ਗੁਰੂ ਨੇ ਸੰਸਾਰ ਵਿਚ ਵਿਚਰਨ ਦੀ ਜਾਚ ਦੱਸ ਦਿੱਤੀ ਹੈ। ਗੁਰੂ ਨੇ ਗੁਰਮਤਿ ਦੀ ਸੋਝੀ ਦੇ ਕੇ ਮਾਇਆ ਵਿਚ ਨਿਰਲੇਪ ਰਹਿਣ ਦੀ ਜੁਗਤ ਦੱਸ ਦਿੱਤੀ ਹੈ-

ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰੁ॥ ੩੮॥

ਉਸ ਗੁਰੂ ਦੇ ਪਿਆਰੇ ਨੇ ਹਰੀ ਦੇ ਨਾਮ ਨੂੰ ਜੱਪ ਜੱਪ ਕੇ ਸੁੱਖ ਪਾਇਆ ਹੈ। ਕਾਮਨੀ ਨੂੰ ਕੋਈ ਚਿਤਵਦਾ ਹੈ ਤਾਂ ਅੰਦਰ ਕਾਮ ਉਠੇਗਾ, ਧਨ ਨੂੰ ਕੋਈ ਚਿਤਵਦਾ ਹੈ ਤਾਂ ਲੋਭ

ਉਠੇਗਾ, ਪਰਿਵਾਰ ਨੂੰ ਕੋਈ ਚਿਤਵਦਾ ਹੈ ਤਾਂ ਮੋਹ ਉਠੇਗਾ, ਨਿਰੰਕਾਰ ਨੂੰ ਕੋਈ ਚਿਤਵਦਾ ਹੈ ਤਾਂ ਉਸਦੇ ਅੰਦਰ ਪ੍ਰੇਮ ਪੈਦਾ ਹੋਵੇਗਾ। ਸੱਚੇ ਪਾਤਿਸ਼ਾਹ ਕਹਿੰਦੇ ਹਨ ਕਿ ਗੁਰਮੁਖ ਨੇ ਜੱਪਿਆ ਤੇ ਜੱਪ ਜੱਪ ਕੇ ਉਸਨੂੰ ਸੁੱਖ ਮਿਲਿਆ ਹੈ। ਇਸਦੇ ਵਰਗਾ ਅੰਦਰ ਦਾ ਆਨੰਦ ਰਾਜ-ਭਾਗ ਵਿਚ ਵੀ ਨਹੀਂ। ਪਿਆਰਿਉ! ਇਸਦੇ ਸਾਹਮਣੇ ਦੁਨੀਆਂ ਦੇ ਸੁੱਖ ਤੁੱਛ ਮਾਤਰ ਹਨ। ਕਬੀਰ ਸਾਹਿਬ ਕਹਿੰਦੇ ਹਨ - ਹੇ ਪ੍ਰਭੂ ! ਇਹ ਸੰਸਾਰ ਦਾ ਕਲੇਸ਼ ਕਿਉਂ ਪਰਤ ਪਰਤ ਕੇ ਸਿਮਰਨ ਕਰਦਿਆਂ ਵਿਚ ਆਉਂਦਾ ਹੈ? ਕਹਿੰਦੇ ਹਨ ਕਿ ਹੁਣ ਮੈਂ ਇਸ ਦ੍ਰਿੜ੍ਹਤਾ ਨਾਲ ਨਾਮ ਜੱਪਣ ਲੱਗਾ ਹਾਂ ਕਿ ਜਿਵੇਂ ਇਕ ਪਤੀ ਤੇ ਪਤਨੀ ਦੇ ਮਿਲਾਪ ਵਿਚ ਦੂਸਰਾ ਹੋਰ ਕੋਈ ਨਹੀਂ, ਜਿਥੇ ਤੇਰੀ ਤੇ ਮੇਰੀ ਗੱਲ ਚੱਲੇ, ਉਥੇ ਦੁਨੀਆਂ ਦਾ ਹੋਰ ਕੋਈ ਫੁਰਨਾ ਆਉਣਾ ਹੀ ਨਹੀਂ ਚਾਹੀਦਾ। ਸੁੱਖ ਤਾਂ ਹੈ ਜੇ ਵਿਚ ਕੋਈ ਫੁਰਨਾ ਨਾ ਆਵੇ। ਕਰਦੇ ਸਿਮਰਨ ਪਏ ਹੁੰਦੇ ਹਾਂ ਤੇ ਵਿਚ ਕਈ ਮਿੱਤਰ ਤੁਰੇ ਫਿਰਦੇ ਹਨ। ਇਕ ਪਾਸੇ ਗੁਰੂ ਹੈ, ਦੂਜੇ ਪਾਸੇ ਸਾਡੀ ਸੁਰਤ ਹੈ। ਸਿਰਫ਼ ਇਕ ਦਾ ਫੁਰਨਾ ਆਵੇ। ਹਜ਼ੂਰ ਕਹਿੰਦੇ ਹਨ ਕਿ ਜਦੋਂ ਉਸ ਪ੍ਰਭੂ ਦੇ ਨਾਮ ਨੂੰ ਜੱਪਿਆ, ਜੱਪ ਜੱਪ ਕੇ ਸੁੱਖ ਪਾਇਆ। ਜਿਸਦੇ ਹਿਰਦੇ ਵਿਚ ਇਕ ਸ਼ਬਦ ਵੱਸ ਜਾਏ, ਇਕ ਸ਼ਬਦ ਅੰਦਰ ਸਿਮਰਨ ਟਿੱਕ ਜਾਏ। ਵਾਹਿਗੁਰੂ ਨਹੀਂ ਚੇਤੇ ਹੁੰਦਾ ਬਾਕੀ ਸਭ ਚੇਤੇ ਹੁੰਦਾ ਹੈ। ਚੇਤੇ ਕਰਦਿਆਂ ਵੀ ਚੇਤੇ ਨਹੀਂ ਹੁੰਦਾ। ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ, ਉਸ ਆਚਰਨ ਨੂੰ ਕਮਾ ਕੇ ਅੰਦਰ ਦਾ ਸੁੱਖ ਪਾਇਆ ਹੈ। ਸਤਿਗੁਰੂ ਮੇਹਰ ਕਰੇ ਸਾਡੀ ਯਾਦ ਵਿਚ ਗੁਰੂ ਦਾ ਨਾਮ ਵੱਸ ਜਾਏ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਮਿਲਿ ਸੰਗਤਿ ਧੰਨਿ ਧੰਨਿ ਕਰਹੁ

ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥
ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ॥
ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ॥
ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ॥
ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ॥
ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰ ਸਿਮਰਹੁ ਨਰਹੁ॥੫॥੫੪॥

(ਅੰਗ ੧੪੦੫)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਚਰਨ ਸ਼ਰਨ ਅੰਦਰ ਸੋਭਾਇਮਾਨ ਗੁਰੂ ਪਿਆਰੇ ਸਤਿਸੰਗੀ ਜਨੋਂ! ਦਾਤਾਰ ਸਤਿਗੁਰੂ ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਹਜ਼ੂਰ ਦੀ ਸਿਫਤ ਵਿਚ ਉਚਾਰਣ ਕੀਤੇ ਹੋਏ ਭੱਟਾਂ ਦੇ ਸਵੱਈਆਂ ਦੀ ਜੋ ਵਿਚਾਰ ਆਪ ਜੀ ਨਿਰੰਤਰ ਸਰਵਨ ਕਰਦੇ ਆ ਰਹੇ ਹੋ। ਅੱਜ ਦਾ ਇਹ ਸਵੱਈਆ ਭੱਟ ਬਲ ਜੀ ਦਾ ਉਚਾਰਣ ਕੀਤਾ ਹੋਇਆ ਹੈ। ਭੱਟ ਬਲ ਜੀ ਦੀ ਰਸਨਾ ਤੋਂ ਪੰਜ ਸਵੱਈਏ ਗੁਰੂ ਰਾਮਦਾਸ ਜੀ ਦੀ ਸਿਫਤ ਵਿਚ ਉਚਾਰਣ ਕੀਤੇ ਗਏ। ਭੱਟ ਸਾਹਿਬ ਜੀ ਦਾ ਇਹ ਪੰਜਵਾਂ ਸਵੱਈਆ ਹੈ। ਹੁਣ ਤੱਕ ਟੋਟਲ ਸਵੱਈਏ ਜੋ ਗੁਰੂ ਰਾਮਦਾਸ ਜੀ ਦੀ ਸਿਫਤ ਵਿਚ ਉਚਾਰੇ ਜਾ ਚੁੱਕੇ ਹਨ, ਅੱਜ ਦੇ ਸਵੱਈਆਂ ਸਮੇਤ ਇਹਨਾਂ ਦੀ ਗਿਣਤੀ 54 ਹੋ ਚੁੱਕੀ ਹੈ।

ਇਸ ਸਵੱਈਏ ਦਾ ਸੰਖੇਪ ਜਿਹਾ ਭਾਵ ਆਪਾਂ ਸ਼ੁਰੂ ਵਿਚ ਜ਼ਰੂਰ ਵਾਚ ਲਈਏ ਕਿ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚੋਂ ਅੱਜ ਭੱਟ ਜੀ ਨੂੰ ਕਿਹੜੀ ਰਹਿਮਤ ਮਿਲ ਰਹੀ ਹੈ। ਉਹਨਾਂ ਨੇ ਪਹਿਲੀਆਂ ਚਾਰ ਤੁੱਕਾਂ ਦੇ ਵਿਚ ਕੇਵਲ ਸਤਿਗੁਰੂ ਸ਼ਬਦ ਵਰਤਿਆ ਹੈ ਤੇ ਪੰਜਵੀਂ ਤੁੱਕ ਦੇ ਅੰਦਰ ਉਹਨਾਂ ਨੇ ਫਿਰ ਗੁਰੂ ਰਾਮਦਾਸ ਜੀ ਕ੍ਰਿਪਾਲੂ ਦਾ ਨਾਮ ਲੈ ਕੇ ਜਿਹੜੀਆਂ ਰਹਿਮਤਾਂ ਵਰਤੀਆਂ ਹਨ, ਉਸ ਨੂੰ ਬਿਆਨ ਕੀਤਾ ਹੈ। ਪਹਿਲਾ ਬਚਨ ਭੱਟ ਜੀ ਕਹਿੰਦੇ ਹਨ ਕਿ ਜਿਸ ਸਤਿਗੁਰੂ ਦੇ ਸਿਮਰਨ ਦੇ ਨਾਲ ਇਹਨਾਂ ਅੰਦਰ ਦੀਆਂ ਅੱਖਾਂ ਦੇ ਹਨ੍ਹੇਰੇ ਦੇ

ਪਰਦੇ ਕੱਟੇ ਜਾਣ। ਜਿਸ ਸਤਿਗੁਰੂ ਦਾ ਸਿਮਰਨ ਕਰੀਏ ਤੇ ਅੰਦਰ ਨਾਮ ਦਾ ਦਿਨੋ ਦਿਨ ਰੰਗ ਹੋਰ ਚੜ੍ਹੀ ਜਾਵੇ। ਜਿਸ ਸਤਿਗੁਰੂ ਦੇ ਨਾਮ ਨੂੰ ਸਿਮਰੀਏ ਤੇ ਅੰਦਰ ਦੀ ਤਪਸ਼ ਮਿੱਟ ਜਾਏ। ਜਿਸ ਸਤਿਗੁਰੂ ਦਾ ਸਿਮਰਨ ਕਰਨ ਦੇ ਨਾਲ ਅੰਦਰ ਦੁਨੀਆਂ ਦੇ ਖ਼ਜ਼ਾਨੇ ਘਰ ਵਿਚ ਕਿਸੇ ਚੀਜ਼ ਦੀ ਕਮੀ ਨਾ ਰਹੇ। ਤੇ ਫਿਰ ਭੱਟ ਜੀ ਨੂੰ ਪੁੱਛਿਆ ਕਿ ਉਹ ਕਿਹੜੇ ਸਤਿਗੁਰੂ ਹਨ ਤਾਂ ਕਹਿਣ ਲੱਗੇ ਕਿ ਅਸਲ ਵਿਚ ਉਹ ਰਾਮਦਾਸ ਸਤਿਗੁਰੂ ਜੀ ਹਨ। ਸਤਿਗੁਰੂ ਗੁਰੂ ਰਾਮਦਾਸ ਜੀ ਨੂੰ ਚੇਤੇ ਕਰੀਏ, ਅੱਖਾਂ ਦਾ ਹਨੇਰਾ ਦੂਰ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਨੂੰ ਯਾਦ ਕੋਈ ਕਰੇ, ਦਿਨੋ ਦਿਨ ਉਹਦੇ ਅੰਦਰ ਨਾਮ ਜੱਪਣ ਦਾ ਹੋਰ ਚਾਅ ਪੈਦਾ ਹੁੰਦਾ ਹੈ। ਗੁਰੂ ਰਾਮਦਾਸ ਕ੍ਰਿਪਾਲੂ ਨੂੰ ਯਾਦ ਕਰੀਏ ਤਾਂ ਅੰਦਰ ਦੀ ਅੱਗ ਸ਼ਾਂਤ ਹੁੰਦੀ ਹੈ। ਗੁਰੂ ਰਾਮਦਾਸ ਜੀ ਨੂੰ ਯਾਦ ਕਰੀਏ, ਸਿਮਰਨ ਕਰੀਏ ਤਾਂ ਪਿਆਰਿਓ! ਅੰਦਰ ਨਿੱਧੀਆਂ ਸਿੱਧੀਆਂ ਆ ਘਰ ਕਰਦੀਆਂ ਹਨ। ਕਹਿੰਦੇ ਹਨ ਇਥੇ ਹੀ ਬੱਸ ਨਹੀਂ, ਆਉ ਧਰਤੀ ਦੇ ਮਨੁੱਖੋ! ਮੇਰੇ ਗੁਰੂ ਰਾਮਦਾਸ ਜੀ ਨੂੰ ਅੱਜ ਧੰਨ ਧੰਨ ਕਹੋ। ਕਿਉਂਕਿ ਗੁਰੂ ਰਾਮਦਾਸ ਜੀ ਦੇ ਚਰਨ ਪਕੜਿਆਂ ਰੱਬ ਦੇ ਘਰ ਵਿਚ ਥਾਂ ਮਿਲ ਜਾਂਦੀ ਹੈ।

ਇਸ ਸਵੱਈਏ ਨੂੰ ਗੁਰੂ ਰਾਮਦਾਸ ਜੀ ਦੇ ਚਰਨਾਂ ਦੀ ਟੇਕ ਲੈ ਕੇ ਆਪਾਂ ਨੇ ਵਿਚਾਰਨਾ ਹੈ। ਆਪ ਜਿਤਨੇ ਵੀ ਕ੍ਰਿਪਾਲੂ ਦਾਤਾਰ ਜੀ ਦੀ ਚਰਨ ਸ਼ਰਨ ਦੇ ਵਿਚ ਹਾਜ਼ਰ ਹੋਏ ਹੋ, ਜਤਨ ਕਰੀਏ ਆਪਣੇ ਅੰਦਰ ਨੂੰ ਟਿਕਾਉਣ ਦਾ। ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਸਾਡੇ ਅੰਦਰ ਨੂੰ ਟਿਕਾਅ ਬਖਸ਼ ਕੇ ਇਸ ਅੰਮ੍ਰਿਤ ਬਚਨ ਦੀ ਵਿਚਾਰ ਪ੍ਰੇਮ ਭਾਵਨਾ ਦੇ ਨਾਲ ਆਪ ਹੀ ਕਰਾ ਲੈਣ। ਬਖਸ਼ੋ ਆਸੀਸ, ਅਤੇ ਉਚਾਰਣ ਕਰੋ ਜੀ ਸਤਿਨਾਮ ਸ੍ਰੀ ਵਾਹਿਗੁਰੂ ਜੀ ! ਕਰੋ ਬਖਸ਼ਿਸ਼ ਸਤਿਨਾਮ ਸ੍ਰੀ ਵਾਹਿਗੁਰੂ ਜੀ!

ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨਾਂ ਦੇ ਅਨੁਸਾਰ ਮਨੁੱਖ ਦੀ ਜ਼ਿੰਦਗੀ ਦਾ ਪ੍ਰਯੋਜਨ, ਮਨੁੱਖ ਦੀ ਜ਼ਿੰਦਗੀ ਦਾ ਏਮ ਅਤੇ ਜੋ ਮਨੁੱਖ ਦਾ ਸਹੀ ਮੁਕਾਮ ਹੈ, ਇਸ ਸਰੀਰ ਨੂੰ ਪ੍ਰਾਪਤ ਕਰਕੇ ਉਸ ਗੋਬਿੰਦ ਦੇ ਚਰਨਾਂ ਵਿਚ ਲੀਨ ਹੋਣਾ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਸਾਡੀ ਮੰਜ਼ਿਲ ਆਪ ਹੀ ਮਿਥੀ ਹੈ ਕਿ ਸਾਡਾ ਅਸਲ ਵਿਚ ਸਹੀ ਟਿਕਾਣਾ ਕਿਹੜਾ ਹੈ। ਹਜ਼ੂਰ ਦੇ ਅੰਮ੍ਰਿਤ ਬਚਨ ਅਸੀਂ ਰੋਜ਼ ਪੜ੍ਹਦੇ ਹਾਂ-

ਭਈ ਪਰਾਪਤਿ ਮਾਨੁਖ ਦੇਹੁਰੀਆ॥

ਅੱਗੇ ਸਾਡਾ ਮੁਕਾਮ ਮਿਥਿਆ ਗਿਆ।

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

(ਅੰਗ ੧੨)

ਇਹ ਤੇਰੀ ਵਾਰੀ ਗੋਬਿੰਦ ਨੂੰ ਮਿਲਣ ਦੀ ਹੈ। ਦਾਤਾਰ ਨੇ ਇਸੇ ਤਰ੍ਹਾਂ ਹੀ ਅੰਮ੍ਰਿਤ ਬਾਣੀ ਵਿਚ ਬਚਨ ਕੀਤੇ ਹਨ-

ਚਿਰੰਕਾਲ ਇਹ ਦੇਹ ਸੰਜਰੀਆ॥

ਕਿਤਨੇ ਲੰਬੇ ਸਮੇਂ ਤੋਂ ਬਾਅਦ ਤੈਨੂੰ ਇਹ ਦੇਹ, ਇਹ ਸਰੀਰ ਪ੍ਰਾਪਤ ਹੋਇਆ। ਤੇ ਇਸ ਦਾ ਮਤਲਬ ਸਿਰਫ਼ ਇਤਨਾ ਹੈ।

ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿਰੰਕਾਲ ਇਹ ਦੇਹ ਸੰਜਰੀਆ॥

(ਅੰਗ ੧੭੬)

ਸਤਿਗੁਰੂ ਨੇ ਅੰਮ੍ਰਿਤ ਬਾਣੀ ਵਿਚ ਇਕ ਪ੍ਰਮਾਣ ਕਿਰਪਾ ਕਰਕੇ ਹੋਰ ਬਖ਼ਸ਼ਿਸ਼ ਕੀਤਾ। ਅਸੀਂ ਆਮ ਤੌਰ 'ਤੇ ਕੋਈ ਇਨਸਾਨ ਕਿਸੇ ਕੰਮ ਵਾਸਤੇ ਤੁਰੇ ਤਾਂ ਉਸ ਲਈ ਅਸੀਂ ਸ਼ਬਦ ਵਰਤਦੇ ਹਾਂ। ਕੰਮ ਹੋਵੇ ਮੁਸ਼ਕਿਲ ਭਰਿਆ, ਕੰਮ ਹੋਵੇ ਉਲਝਣਾਂ ਵਾਲਾ, ਕੰਮ ਹੋਵੇ ਅਸੰਭਵ, ਜਿਹੜਾ ਛੇਤੀ ਕੀਤਿਆਂ ਹੋ ਨਾ ਸਕੇ। ਆਮ ਤੌਰ 'ਤੇ ਆਪਣੀ ਜ਼ਬਾਨ ਵਿਚੋਂ ਸ਼ਬਦ ਵਰਤਦੇ ਹਾਂ ਕਿ ਜੇ ਤੂੰ ਇਹ ਕੰਮ ਕਰਕੇ ਆ ਗਿਆ ਤਾਂ ਤੈਨੂੰ ਸਹੀ ਅਰਥਾਂ ਵਿਚ ਬਹਾਦਰ ਮੰਨਾਂਗੇ। ਤੈਨੂੰ ਅਸਲ ਵਿਚ ਬੰਦਾ ਮੰਨਾਂਗੇ। ਮੇਰੇ ਗੁਰੂ ਗ੍ਰੰਥ ਸਾਹਿਬ ਜੀ ਨੇ ਇਕ ਬਚਨ ਕਿਹਾ ਹੈ। ਜਨਮ ਤੋਂ ਬਾਅਦ ਤੇਰੇ ਲਈ ਸ਼ਬਦ ਮਨੁੱਖ ਵਰਤਿਆ ਗਿਆ ਹੈ। ਤੇਰੇ ਲਈ ਸ਼ਬਦ ਆਦਮੀ ਵਰਤਿਆ ਗਿਆ ਹੈ, ਪਰ ਗੁਰੂ ਦੀ ਨਜ਼ਰ ਵਿਚ ਤੈਨੂੰ ਮਨੁੱਖ ਦੇਹੀ ਦਾ ਹੱਕਦਾਰ ਉਸ ਦਿਨ ਮੰਨਿਆ ਜਾਏਗਾ, ਜਿਸ ਦਿਨ ਤੂੰ ਗੁਰੂ ਦੀ ਸੇਵਾ ਵਿਚ, ਪ੍ਰਮਾਤਮਾ ਦੀ ਭਗਤੀ ਵਿਚ ਨਿਪੁੰਨ ਹੋ ਜਾਵੇਂਗਾ। ਜੇ ਨਹੀਂ ਤਾਂ ਸਤਿਗੁਰੂ ਕਹਿੰਦੇ ਹਨ ਕਿ ਫਿਰ ਜਾਮਾ ਮਨੁੱਖ ਵਾਲਾ ਹੈ, ਪਰ ਮਾਨਿਸ ਪੱਧਰ ਤੇਰਾ ਸੱਚ ਜਾਣੀ, ਪਸ਼ੂਆਂ ਵਾਲਾ ਹੈ, ਤੂੰ ਇਨਸਾਨ ਨਹੀਂ। ਕ੍ਰਿਪਾਲੂ ਦਾਤਾ ਜੀ ਨੇ ਅੰਮ੍ਰਿਤ ਬਚਨ ਕਹੇ-

ਗੁਰ ਸੇਵਾ ਤੇ ਭਗਤਿ ਕਮਾਈ॥

ਗੁਰੂ ਦੀ ਸੇਵਾ ਨਾਲ ਜੇ ਤੂੰ ਪ੍ਰਮਾਤਮਾ ਦੀ ਭਗਤੀ ਕੀਤੀ ਤਾਂ ਭਗਤੀ ਕਰਕੇ, ਤੂੰ ਘਾਲਣਾ ਘਾਲ ਕੇ ਰੱਬ ਨੂੰ ਪਾ ਗਿਆ।

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥

(ਅੰਗ ੧੧੫੯)

ਅਸਲ ਵਿਚ, ਹਕੀਕਤ ਵਿਚ ਤੂੰ ਮਨੁੱਖ ਦੇਹੀ ਨੂੰ ਸਫਲ ਕਰ ਲਿਆ। ਤੇ ਜੇ ਮਹਾਰਾਜ ਗੁਰੂ ਦੀ ਸੇਵਾ ਵੀ ਨਾ ਕੀਤੀ, ਪ੍ਰਮਾਤਮਾ ਦੀ ਭਗਤੀ ਵੀ ਨਾ ਕੀਤੀ, ਤੇ ਹੋਵੇ ਇਨਸਾਨੀ ਜਾਮਾ ਤਾਂ ਕੀ ਉਹਨੂੰ ਇਨਸਾਨ ਨਹੀਂ ਕਹਾਂਗੇ? ਸਾਹਿਬ ਕਹਿਣ ਲੱਗੇ, ਸਰੀਰਕ ਤੌਰ 'ਤੇ ਇਨਸਾਨ ਹੋਵੇਗਾ, ਪਰ ਬੌਧਿਕ ਪੱਧਰ 'ਤੇ ਉਹ ਕੇਵਲ ਪਸ਼ੂ ਬਿਰਤੀ ਵਾਲਾ ਹੋਵੇਗਾ। ਸਾਹਿਬ ਦੇ ਅੰਮ੍ਰਿਤ ਬਚਨ ਅਸੀਂ ਪੜ੍ਹਦੇ ਹਾਂ-

ਕਰਤੂਤਿ ਪਸੂ ਕੀ ਮਾਨਸ ਜਾਤਿ॥

(ਅੰਗ ੨੬੭)

ਉਸ ਬੰਦੇ ਦੀ ਕਰਤੂਤ, ਕੰਮ ਜਿਹੜੇ ਹਨ ਉਹ ਪਸ਼ੂਆਂ ਵਾਲੇ ਹੋਣਗੇ। ਸੁਭਾਅ ਪਸ਼ੂ ਬਿਰਤੀ ਵਾਲਾ ਹੋਵੇਗਾ। ਹੈ ਮਾਨਸ ਜਾਤ, ਉਹਦੀ ਜਾਤ, ਉਹਦੀ ਦੇਹ, ਉਹਦਾ ਸਰੀਰ ਮਨੁੱਖਾਂ ਵਾਲਾ ਹੈ ਪਰ ਹਕੀਕਤ ਵਿਚ ਉਹ ਕਰਮ ਪਸ਼ੂਆਂ ਵਾਲੇ ਕਰ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨਾਂ ਵਿਚੋਂ ਇਹਦਾ ਮਤਲਬ, ਕਿ ਮਨੁੱਖਾ ਜ਼ਿੰਦਗੀ ਦਾ ਮਕਸਦ, ਇਹਦਾ ਮੁਕਾਮ, ਇਹਦਾ ਮਨੋਰਥ, ਇਹਦਾ ਏਮ ਕੇਵਲ ਉਸ ਗੋਬਿੰਦ ਦੇ ਚਰਨਾਂ ਵਿਚ ਲੀਨ ਹੋਣਾ ਹੈ। ਮਰਨ ਤੋਂ ਬਾਅਦ ਨਹੀਂ, ਜਿਊਂਦੇ ਜੀਅ ਉਸ ਪ੍ਰਮਾਤਮਾ ਦੇ ਚਰਨਾਂ ਵਿਚ ਜਾ ਮਿਲਣਾ ਹੈ। ਜਿਹੜਾ ਸਾਡੇ ਮਨ ਵਿਚ ਇਕ ਭਰਮ ਬੈਠਾ ਹੈ। ਕਿਉਂਕਿ ਇਨਸਾਨ ਦਾ ਸੁਭਾਅ ਹੈ ਕਿ ਇਹ ਹਮੇਸ਼ਾ ਹੀ ਆਪਣੇ ਸਮੇਂ ਨੂੰ ਟਾਲਣ ਦ ਜਤਨ ਕਰਦਾ ਹੈ। ਮਨੁੱਖੀ ਮਨ ਹੈ, ਆਲਸੀ ਮਨ, ਅੱਜ ਦੇ ਕੰਮ ਨੂੰ ਕੱਲ 'ਤੇ ਛੱਡੇਗਾ। ਕੱਲ ਦੇ ਕੰਮ ਨੂੰ ਪਰਸੋਂ 'ਤੇ ਛੱਡੇਗਾ। ਜਤਨ ਕਰੇਗਾ ਕਿ ਮੇਰੇ ਕੋਲ ਇਹ ਸਮਾਂ ਨਿਕਲ ਜਾਏ। ਪਰ ਪਿਆਰਿਓ! ਜਿਹੜਾ ਬੰਦਾ ਸੁਚੇਤ ਰਹਿਣ ਵਾਲਾ ਹੈ, ਉਹ ਕਦੀ ਵੀ ਕੱਲ ਦੀ ਗੱਲ ਨਹੀਂ ਕਰਦਾ। ਉਹਨੂੰ ਪਤਾ ਹੈ ਕੱਲ ਹਮੇਸ਼ਾ ਕਾਲ ਬਣ ਕੇ ਆਇਆ ਹੈ। ਜੇ ਕਰਨਾ ਹੈ ਤੇ ਮਨਾ ਤੂੰ ਹੁਣੇ ਹੀ ਕੁਛ ਕਰ ਲੈ। ਕੱਲ 'ਤੇ ਨਾ ਛੱਡ। ਸਾਹਿਬ ਕ੍ਰਿਪਾਲੂ ਜੀ ਨੇ ਅੰਮ੍ਰਿਤ ਬਾਣੀ ਵਿਚ ਮਿਹਰ ਕੀਤੀ ਹੈ। ਮਨੁੱਖ ਆਲਸ ਕਰਕੇ ਕੱਲ 'ਤੇ ਗੱਲ ਛੱਡੇਗਾ, ਪਰ ਸੁਚੇਤ ਰਹਿਣਾ ਵਾਲਾ, ਚੇਤੰਨ ਰਹਿਣਾ ਵਾਲਾ ਗਿਆਨਵਾਨ ਜੋ ਪੁਰਸ਼ ਹੈ, ਉਹ ਆਪਣੀ ਜ਼ਿੰਦਗੀ ਦਾ ਮਕਸਦ ਮਿਥ ਕੇ ਉਸੇ ਵੇਲੇ ਚੱਲ ਪਏਗਾ।

ਜ਼ਿੰਦਗੀ ਦਾ ਮਨੋਰਥ ਹੈ ਉਸ ਵਿਚ ਲੀਨ ਹੋਣਾ। ਅਸੀਂ ਇਸੇ ਕੱਲ ਨੂੰ ਫਿਰ ਕਹਿੰਦੇ ਹਾਂ ਕਿ ਕੋਈ ਨਹੀਂ ਮਰਨ ਤੋਂ ਬਾਅਦ ਪ੍ਰਮਾਤਮਾ ਦੀ ਪ੍ਰਾਪਤੀ ਹੋਵੇਗੀ। ਪਿਆਰਿਓ! ਜਿਸ ਬੱਚੇ ਨੇ ਆਪਣੀ ਜ਼ਿੰਦਗੀ ਦੇ ਕੀਮਤੀ ਜਿਹੜੇ ਸਾਲ ਪੜ੍ਹਾਈ ਦੇ ਹਨ 16-20 ਸਾਲ ਪੜ੍ਹਾਈ ਕੀਤੀ ਨਾ ਤੇ ਇਹ ਕਹਿਣ ਲੱਗ ਪਏ ਕਿ ਚੱਲੋ ਕੋਈ ਨਹੀਂ, 16 ਸਾਲ ਬਾਅਦ ਤਾਂ ਡਿਗਰੀ ਆਪਣੇ ਆਪ ਹੋ ਜਾਣੀ ਹੈ। 16 ਸਾਲ ਦੀ ਗਿਣਤੀ ਕਰਕੇ ਡਿਗਰੀ ਨਹੀਂ। 16 ਸਾਲ ਵਿਚ ਕੀਤੀ ਹੋਈ ਕਮਾਈ ਕਰਕੇ ਡਿਗਰੀ ਹੈ। ਜੇ ਅਸੀਂ ਸਮਝ ਲਈਏ ਜਨਮ ਹੋਇਆ ਹੈ। ਮੌਤ ਤੋਂ ਬਾਅਦ ਤਾਂ ਮੁਕਤੀ ਹੀ ਮੁਕਤੀ ਹੈ। ਮੌਤ ਤੋਂ ਬਾਅਦ ਤਾਂ ਰੱਬ ਹੀ ਰੱਬ ਹੈ, ਸਵਾਲ ਹੀ ਨਹੀਂ ਪੈਦਾ ਹੁੰਦਾ। ਜਨਮ ਤੋਂ ਲੈ ਕੇ ਮੌਤ ਤੱਕ ਦੇ ਸਫ਼ਰ ਦਾ ਨਾਮ ਕੇਵਲ ਬੰਦਗੀ ਨਹੀਂ। ਜਨਮ ਤੋਂ ਲੈ ਕੇ ਮੌਤ ਤੱਕ ਦੇ ਸਮੇਂ ਵਿਚ ਕੀਤੀ ਹੋਈ ਕਮਾਈ ਦਾ ਨਾਮ ਹੀ ਬੰਦਗੀ ਹੈ। ਜੇ ਆਪਾਂ ਸਮਾਂ ਕੀਮਤੀ ਅਜਾਈਂ ਗਵਾ ਦਿੱਤਾ ਤੇ ਸੋਚਿਆ ਮੁਕਤੀ ਨਹੀਂ, ਦੇਖੋ ਇਥੇ ਭਗਤਾਂ ਨੇ ਡੰਕੇ ਦੀ ਚੋਟ 'ਤੇ ਜਿਊਂਦੇ ਜੀ ਰੱਬ ਨੂੰ ਪਾਇਆ। ਤੇ ਸਾਡੇ ਵਰਗੇ ਲੋਕਾਂ ਨੂੰ ਕਹਿ ਕੇ ਗਏ ਕਿ ਜੇ ਕੁਝ ਖੱਟਣਾ ਹੈ ਤਾਂ ਮਨੁੱਖਾ ਦੇਹੀ ਵਿਚ ਹੀ ਖੱਟ ਲਉ। ਮਰਨ ਤੋਂ ਬਾਅਦ ਤੇ ਪਰਲੋ

ਹੀ ਪਰਲੋ ਹੈ। ਹਜ਼ੂਰ ਦੇ ਅੰਮ੍ਰਿਤ ਬਚਨ ਅਸੀਂ ਪੜ੍ਹਦੇ ਹਾਂ। ਬਾਬਾ ਕਬੀਰ ਸਾਹਿਬ ਆਪਣੇ ਸਰੀਰ ਵਿਚ ਹਨ। ਬਨਾਰਸ ਦੀ ਧਰਤੀ 'ਤੇ ਬੈਠੇ ਹਨ। ਕੱਪੜੇ ਬੁਨ ਰਹੇ ਹਨ ਤੇ ਜਦੋਂ ਕਿਧਰੇ ਰੱਬ ਨੂੰ ਮਿਲਣ ਦੀ ਗੱਲ ਹੋਈ ਤਾਂ ਉਸ ਭਗਤ ਨੇ ਨਗਦ ਧਰਮ ਦੀ ਗੱਲ ਕੀਤੀ, ਉਧਾਰ ਦੀ ਨਹੀ। ਕਹਿਣ ਲੱਗੇ-

ਅਬ ਤਉ ਜਾਇ ਚਢੇ ਸਿੰਘਾਸਨਿ॥

ਹੁਣ ਅਬ ਤੋਂ ਦਾ ਮਤਲਬ ਹੁਣੇ ਹੀ, ਇਸ ਵੇਲੇ ਕਹਿੰਦੇ ਹਨ ਅਸੀਂ ਉਸ ਪੱਦਵੀ 'ਤੇ ਪਹੁੰਚ ਗਏ ਹਾਂ। ਜਿਥੇ ਪਾਣੀ ਵਿਚ ਪਾਣੀ ਮਿਲੇ ਤੇ ਵੱਖ ਨਹੀਂ ਹੋ ਸਕਦਾ। ਲੋਕਾਂ ਦੀ ਨਜ਼ਰ ਵਿਚ ਮੈਂ ਜੁਲਾਹਾ ਹਾਂ। ਲੋਕਾਂ ਦੀ ਨਜ਼ਰ ਵਿਚ ਮੈਂ ਕੱਪੜੇ ਬੁਨਣ ਵਾਲਾ ਹਾਂ। ਪਰ ਮੇਰੇ ਅੰਦਰ ਨੂੰ ਪੁੱਛ ਕੇ ਦੇਖੋ, ਅਸਲ ਵਿਚ ਮੈਂ ਉਸ ਪੱਦਵੀ 'ਤੇ ਪਹੁੰਚ ਗਿਆ ਹਾਂ। ਕਬੀਰ ਵਿਚ ਤੇ ਰਾਮ ਵਿਚ ਅੰਤਰ ਨਹੀਂ ਰਹਿ ਗਿਆ। ਜਿਊਂਦੇ ਜੀਅ ਉਹਨਾਂ ਗੱਲ ਕਹੀ-

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨਾ ਸਕੈ ਪਛਾਨੀ॥

(ਅੰਗ ੯੬੯)

ਕਬੀਰ ਤੇ ਰਾਮ ਦੋਨੋਂ ਇਕ ਹੋ ਗਏ। ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨ ਪੜ੍ਹੇ। ਆਪ ਸਿਆਣੇ ਸੂਝਵਾਨ ਬੈਠੇ ਹੋ। ਗੁਰੂ ਗ੍ਰੰਥ ਸਾਹਿਬ ਵਿਚ ਅਸੀਂ ਮੰਗਲ ਪੜ੍ਹਦੇ ਹਾਂ। ਤੇ ਇਕ ਗੱਲ ਧਿਆਨ ਵਿਚ ਰਖਿਉ ਕਿ ਗੁਰੂ ਗ੍ਰੰਥ ਸਾਹਿਬ ਦਾ ਇਕ ਇਕ ਸ਼ਬਦ ਜੋ ਹੈ, ਇਹਨੂੰ ਆਪਣੇ ਜੀਵਨ 'ਤੇ ਢੁਕਾ ਕੇ ਦੇਖਣਾ, ਕੇਵਲ ਕਾਮ ਰਚਨਾ ਤੇ ਕੇਵਲ ਵਿਦਵਾਨਾਂ ਵਾਲੀ ਉਲਝਣ ਵਿਚ ਨਾ ਪੈ ਜਾਣਾ। ਧੰਨ ਗੁਰੂ ਗ੍ਰੰਥ ਸਾਹਿਬ ਵਿਚ ਤੁਸੀਂ ਮੰਗਲ ਪੜ੍ਹਦੇ ਹੋ। ੧ੴ ਤੋਂ ਲੈ ਕੇ ਗੁਰ ਪ੍ਰਸਾਦਿ ਤੱਕ ਸੰਪੂਰਨ ਮੰਗਲ ਵੀ ਹੈ। ਇਹ ਗੁਰੂ ਗ੍ਰੰਥ ਸਾਹਿਬ ਵਿਚ 33 ਵਾਰੀ ਆਇਆ ਹੈ। ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਮੂਲ ਮੰਤਰ ਦੇ ਵਿਚ ਇਹ ਮੰਗਲ ਤਕਰੀਬਨ 33 ਵਾਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ। ਉਸ ਤੋਂ ਇਲਾਵਾ ਆਇਆ ੧ੴ ਸਤਿਨਾਮੁ ਕਰਤਾ ਗੁਰ ਪ੍ਰਸਾਦਿ॥ ਇਕ ਹੋਰ ਮੰਗਲ ਆਇਆ ਹੈ ੧ੴ ਸਤਿਨਾਮੁ ਗੁਰ ਪ੍ਰਸਾਦਿ॥ ਇਕ ਸ਼ਬਦ ਜਿਹੜਾ ਅਸੀਂ ਸੈਂਕੜੇ ਵਾਰੀ ਪੜ੍ਹਦੇ ਹਾਂ, ਉਹ ਹੈ- ੧ੴ ਸਤਿਗੁਰ ਪ੍ਰਸਾਦਿ॥ ਆਪ ਬਾਣੀ ਵਿਚ ਰੋਜ਼ ਪੜ੍ਹਨ ਵਾਲੇ ਪੜ੍ਹਦੇ ਹੋ। ਅਸੀਂ ਕਹਾਂਗੇ ਜੀ ਗੁਰੂ ਸਾਹਿਬ ਜਦੋਂ ਬਾਣੀ ਉਚਾਰਣ ਕਰਦੇ ਸਨ ਤਾਂ ਆਪਣੇ ਇਸ਼ਟ ਦਾ ਮੰਗਲ ਕੀਤਾ ਹੈ। ਪਿਆਰਿਉ ! ਇਕੱਲਾ ਮੰਗਲ ਨਹੀਂ, ਇਸਨੂੰ ਸੈਂਕੜੇ ਵਾਰੀ ਬਾਰ ਬਾਰ ਬਾਣੀ ਵਿਚ ਰਪੀਟ ਕੀਤਾ ਗਿਆ ਹੈ, ਲਿਖਿਆ ਗਿਆ ਹੈ। ਅਸਲ ਵਿਚ ਇਹ ਕੇਵਲ ਕਹਿਣ ਮਾਤਰ ਨਹੀਂ, ਇਹ ਕਮਾਉਣ ਮਾਤਰ ਹੈ। ਵਾਰ ਵਾਰ ਭਾਵੇਂ ਮੰਗਲ ਸੰਪੂਰਨ ਕੀਤਾ। ਭਾਵੇਂ ਕੁਝ ਸ਼ਬਦ ਸੁਣ ਕੇ ਮੰਗਲ ਕੀਤਾ, ਪਰ ਪਿਆਰਿਉ!

ਇਕ ਗੱਲ ਸਪੱਸ਼ਟ ਹੈ ੧ੴ ਹਰ ਮੰਗਲ ਦੇ ਅਰੰਭ ਵਿਚ ਆਇਆ ਹੈ। ਗੁਰ ਪ੍ਰਸਾਦਿ ਹਰ ਮੰਗਲ ਦੇ ਵਿਚ ਆਇਆ ਹੈ। ਭਾਵੇਂ ਉਹ ਮੰਗਲ ਲੰਬੇਰਾ ਹੈ ਭਾਵੇਂ ਛੋਟਾ ਹੈ ੧ੴ ਤੋਂ ਅਰੰਭਤਾ ਹੈ ਤੇ ਗੁਰ ਪ੍ਰਸਾਦਿ 'ਤੇ ਜਾ ਕੇ ਸੰਪੂਰਨ ਹੈ, ਪਰ ਕਦੀ ਸੋਚਿਆ ਹੈ ਕਿ ਸਾਰੇ ਮੰਗਲਾਂ ਵਿਚ ੧ੴ ਤੋਂ ਅਰੰਭਤਾ ਕਿਵੇਂ ਤੇ ਗੁਰ ਪ੍ਰਸਾਦਿ 'ਤੇ ਸੰਪੂਰਨਤਾ ਕਿਉਂ? ਸੈਂਕੜੇ ਵਾਰੀ ਜਿਹੜਾ ਅਸੀਂ ਸ਼ਬਦ ਪੜ੍ਹ ਰਹੇ ਸਾਂ। ਮੇਰੇ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਕਹਿ ਰਹੇ ਹਨ। ਕਿਤੇ ਕਿਸੇ ਭਗਤ ਦੇ ਬਚਨ ਪੜ੍ਹ ਕੇ, ਕਿਤੇ ਤੂੰ ਕਿਸੇ ਮਹਾਂਪੁਰਸ਼ ਦੀ ਬਾਣੀ ਪੜ੍ਹ ਕੇ ਭੁਲੇਖੇ ਨਾ ਅੰਦਰ ਪਾਲੀ ਜਾਈਂ। ਸਾਰੀ ਬਾਣੀ ਦਾ ਸਿਧਾਂਤ ਇਕੋ ਹੈ ਕਿ ੧ੴ ਦੇ ਚਰਨਾਂ ਵਿਚ ਤੂੰ ਮਿਲਣਾ ਹੈ। ਸਾਰੀ ਬਾਣੀ ਦਾ ਸਿਧਾਂਤ ਇਕੋ ਹੈ। ਉਸਦੇ ਮਿਲਣ ਦਾ ਵਸੀਲਾ ਕੇਵਲ ਗੁਰ ਪ੍ਰਸਾਦਿ ਹੈ। ੧ੴ ਸਤਿਗੁਰ ਪ੍ਰਸਾਦਿ॥ ਇਕ ਦੇ ਚਰਨਾਂ ਦੇ ਵਿਚ ਤੂੰ ਲੀਨ ਹੋਣਾ ਹੈ। ਤੇ ਲੀਨ ਹੋਣ ਦਾ ਤਰੀਕਾ ਕੇਵਲ ਗੁਰ ਪ੍ਰਸਾਦਿ ਹੈ। ਤੇ ਜਿਹੜਾ ਅੱਜ ਭੱਟ ਬਲ ਜੀ ਨੇ ਬਚਨ ਕਿਹਾ ਹੈ, ਸੱਚ ਜਾਣੋ, ਇਹ ਸਵੱਈਆ ਹੈ ਹੀ ਕੇਵਲ ਗੁਰ ਪ੍ਰਸਾਦਿ। ਗੁਰ ਪ੍ਰਸਾਦਿ ਤੋਂ ਬਿਨਾਂ ਇਕ ਦੀ ਪ੍ਰਾਪਤੀ ਨਹੀਂ।

ਆਪ ਜੀ ਬਾਣੀ ਪੜ੍ਹਨ ਵਾਲੇ ਸਿਆਣੇ ਸੱਜਣ ਬੈਠੇ ਹੋ। ਗੁਰੂ ਗ੍ਰੰਥ ਸਾਹਿਬ ਜੀ ਦੀ ਆਸਾ ਜੀ ਦੀ ਵਾਰ ਅੰਮ੍ਰਿਤ ਵੇਲੇ ਗਾਇਨ ਕੀਤੀ ਜਾਂਦੀ ਹੈ। ਹਰ ਥਾਂ 'ਤੇ ਗਾਇਨ ਕੀਤੀ ਜਾ ਰਹੀ ਹੈ। ਹਰਿਮੰਦਰ ਸਾਹਿਬ ਦੇ ਅੰਦਰ ਸਾਡਾ ਨੇਮ ਹੈ ਕਿ ਉਧਰ ਸੂਰਜ ਦੀ ਟਿਕੀ ਨਿਕਲ ਰਹੀ ਹੈ ਤੇ ਇਧਰ

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥

(ਅੰਗ ੪੫੧)

ਅੰਤਲੇ ਸਲੋਕਾਂ ਅਤੇ ਅੰਤਲੀ ਪਉੜੀ 'ਤੇ ਆਸਾ ਦੀ ਵਾਰ ਦੀ ਸੰਪੂਰਨਤਾ ਹੋ ਰਹੀ ਹੈ। ਪਿਆਰਿਓ! ਆਸਾ ਦੀ ਵਾਰ ਦੀ ਪਹਿਲੀ ਪਉੜੀ ਪ੍ਰਮਾਤਮਾ ਦੀ, ਸੰਸਾਰ ਦੀ ਉੱਤਪਤੀ ਦੀ ਗੱਲ ਕਰਦੀ ਹੈ। ਅੰਤਲੀ ਪਉੜੀ ਵੱਡੇ ਦੀਆਂ ਵਡਿਆਈਆਂ ਕਰਕੇ ਵੱਡਾ ਹੋਣ ਦੀ ਗੱਲ ਕਰਦੀ ਹੈ। ਅਸੀਂ ਪਹਿਲੀ ਪਉੜੀ ਪੜ੍ਹਦੇ ਹਾਂ-

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

(ਅੰਗ ੪੬੩)

ਅੰਤਲੀ ਪਉੜੀ 'ਤੇ ਕਹਿ ਰਹੇ ਹਨ-

ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥

(ਅੰਗ ੪੭੫)

ਅਖ਼ੀਰ 'ਤੇ ਉਸ ਪਉੜੀ 'ਤੇ ਸੰਪੂਰਨਤਾ ਕਰਦੇ ਹਨ ਕਿ ਜੋ ਰੱਬ ਕਰਦਾ ਹੈ, ਉਸ

ਦੀ ਰਜ਼ਾ ਵਿਚ ਰਹੋ। ਸੱਚ ਜਾਣੋ ਕਿ ਆਸਾ ਦੀ ਵਾਰ ਦੀ ਪਉੜੀ ਸਾਨੂੰ ਰਜ਼ਾ, ਸਾਨੂੰ ਹੁਕਮ, ਸਾਨੂੰ ਭਾਣੇ ਵਿਚ ਵਿਚਰਨ ਦੀ ਗੱਲ ਪਈ ਸਿਖਾਉਂਦੀ ਹੈ।

ਆਸਾ ਦੀ ਵਾਰ ਦਾ ਕੀਰਤਨ ਆਪ ਨੂੰ ਪਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ 22 ਵਾਰਾਂ ਹਨ। 20 ਵਾਰਾਂ ਪਉੜੀਆਂ ਨਾਲ ਸਲੋਕ ਹਨ। 2 ਵਾਰਾਂ ਜਿਹੜੀਆਂ ਉਹ ਪਉੜੀਆਂ ਰੂਪ ਹਨ। ਇਕ ਰਾਮਕਲੀ ਕੀ ਵਾਰ ਤੇ ਦੂਸਰੀ ਬਸੰਤ ਕੀ ਵਾਰ। ਰਾਮਕਲੀ ਰਾਗ ਵਿਚ ਤਿੰਨ ਵਾਰਾਂ ਹਨ। ਉਹਨਾਂ ਤਿੰਨਾਂ ਵਿਚੋਂ ਜਿਹੜੀਆਂ ਆਮ ਤੌਰ 'ਤੇ ਅਸੀਂ ਸ਼ਬਦ ਵਰਤਦੇ ਹਾਂ ਰਾਮਕਲੀ ਕੀ ਵਾਰ ਰਾਏ ਬਲਵੰਡ ਤਥਾ ਸੱਤੇ ਡੂਮ ਆਖੀ, ਅੱਠ ਪਉੜੀਆਂ ਹਨ। ਤਿੰਨ ਪਉੜੀਆਂ ਬਾਬਾ ਰਾਏ ਬਲਵੰਡ ਸਾਹਿਬ ਜੀ ਦੀਆਂ ਹਨ ਤੇ ਪੰਜ ਪਉੜੀਆਂ ਬਾਬਾ ਸੱਤੇ ਜੀ ਦੀਆਂ ਹਨ। ਇਸੇ ਤਰ੍ਹਾਂ ਹੀ ਆਸਾ ਕੀ ਵਾਰ ਦਾ ਅਸੀਂ ਪਾਠ ਕਰਦੇ ਹਾਂ, ਕੀਰਤਨ ਕਰਦੇ ਹਾਂ। ਆਸਾ ਕੀ ਵਾਰ ਸਵੇਰੇ ਅੰਮ੍ਰਿਤ ਵੇਲੇ ਸਿਖ ਦੇ ਨਿਤਨੇਮ ਤੋਂ ਬਾਅਦ ਜੋ ਆਪਣਾ ਨਿੱਜੀ ਨਿਤਨੇਮ ਹੈ, ਉਹਨੂੰ ਕਰਨ ਤੋਂ ਬਾਅਦ ਸੰਗਤੀ ਰੂਪ ਦੇ ਵਿਚ ਆਸਾ ਦੀ ਵਾਰ ਦਾ ਕੀਰਤਨ ਕਰਨਾ ਹੈ। ਖਿਮਾ ਕਰਨਾ, ਕੋਈ ਕਹੇ ਮੈਂ ਬਾਬੇ ਨਾਨਕ ਦੇ ਘਰ ਦਾ ਕੀਰਤਨੀਆ ਹਾਂ, ਮੈਂ ਬਾਬੇ ਨਾਨਕ ਦੇ ਘਰ ਦਾ ਰਬਾਬੀ ਹਾਂ। ਉਤਨੀ ਦੇਰ ਤੱਕ ਉਹ ਮੁਕੰਮਲ ਕੀਰਤਨੀਆ ਨਹੀਂ, ਜਿਤਨੀ ਦੇਰ ਤੱਕ ਉਹਨੂੰ ਆਸਾ ਦੀ ਵਾਰ ਦਾ ਕੀਰਤਨ ਨਹੀਂ ਆਉਂਦਾ। ਜੇ ਆਸਾ ਦੀ ਵਾਰ ਦਾ ਕੀਰਤਨ ਨਹੀਂ ਕਰ ਸਕਦਾ, ਫਿਰ ਉਹ ਕਿਵੇਂ ਮੁਕੰਮਲ ਕੀਰਤਨੀਆ ਹੋਵੇਗਾ।

ਗੁਰੂ ਨਾਨਕ ਸਾਹਿਬ ਤੋਂ ਪਹਿਲੇ ਵਾਰਾਂ ਨਹੀਂ ਸੀ ਗਾਈਆਂ ਜਾਂਦੀਆਂ। ਕਹਿਣ ਤੋਂ ਮੁਰਾਦ ਇਹ ਬੜਾ ਵੱਡਾ ਵਿਸ਼ਾ ਹੈ। ਮੇਰੇ ਗੁਰੂ ਨੇ ਸਾਡੀ ਜ਼ਿੰਦਗੀ ਦੇ ਹਰ ਪੱਖ ਤੋਂ ਤਬਦੀਲੀ ਲਿਆਂਦੀ। ਕੀ ਉਸ ਵੇਲੇ ਰਾਗ ਨਹੀਂ ਸਨ ਗਾਏ ਜਾਂਦੇ? ਰਾਗ ਗਾਏ ਜਾਂਦੇ ਸਨ ਪਰ ਭਾਂਡਾ ਸੀ ਸੋਨੇ ਦਾ, ਤੇ ਸੋਨੇ ਦੇ ਭਾਂਡੇ ਵਿਚ ਜ਼ਹਿਰ ਪਾਇਆ ਹੋਇਆ ਸੀ। ਮੇਰੇ ਗੁਰੂ ਨੇ ਕਿਹਾ ਭਾਂਡਾ ਰਾਗ ਦਾ ਬੜਾ ਸੋਹਣਾ ਹੈ। ਐਹ ਰਾਗ ਦੇ ਭਾਂਡੇ ਵਿਚ ਜ਼ਹਿਰ ਨਾ ਪਾ। ਰਾਗ ਦੇ ਭਾਂਡੇ ਵਿਚ ਰੱਬ ਦੀ ਬਾਣੀ ਪਾ ਦੇ। ਇਹੀ ਗੱਲ ਭਾਈ ਮਰਦਾਨੇ ਨੂੰ ਪਹਿਲੇ ਦਿਨ ਕਹੀ।

ਕਹਿਣ ਲੱਗੇ ਓ ਭਲਿਆ! ਤੈਨੂੰ ਰਾਗ ਦੀ ਸੂਝ ਹੈ। ਮਰਦਾਨੇ ਨੂੰ ਰਾਗ ਦਾ ਪਹਿਲੇ ਵੀ ਪਤਾ ਸੀ। ਅੱਜ ਤੁਸੀਂ ਚੇਤੇ ਰਖਿਓ, ਰਾਗ ਗਾਉਣਾ ਤੇ ਕੀਰਤਨ ਕਰਨਾ ਜ਼ਮੀਨ ਅਸਮਾਨ ਦਾ ਅੰਤਰ ਹੈ। ਦੇਖੋ ਤੁਸੀਂ ਸਿਆਣੇ ਬੈਠੇ ਹੋ। ਟੌਪ ਦੇ ਰਾਗੀ ਨੂੰ ਜਿਹੜਾ ਕੇਵਲ ਰਾਗਾਂ ਦੇ ਵਿਚ ਮੁਹਾਰਤ ਰੱਖਦਾ ਹੈ, ਉਹਨੂੰ ਲੈ ਕੇ ਆਉ। ਉਹ ਰਾਗ ਤਾਂ ਗਾ ਸਕੇਗਾ, ਆਲਾਪ ਤਾਂ ਕਰ ਸਕੇਗਾ। ਆਪਣੀਆਂ ਸਰਗਮਾਂ ਲਾ ਕੇ ਅਲਾਪ ਕਰਕੇ ਜ਼ਰੂਰ ਝੂਮੇਗਾ, ਪਰ ਜਿਹੜਾ ਆਤਮ ਰੱਸ ਬਾਬੇ ਦੇ ਸ਼ਬਦ ਨੂੰ ਗਾ ਕੇ ਇਕ ਕੀਰਤਨੀਏ ਨੂੰ ਆਉਣਾ ਹੈ, ਸ਼ਾਇਦ ਉਹ ਕੇਵਲ ਰਾਗ ਗਾਉਣ ਵਾਲੇ ਨੂੰ ਨਹੀਂ। ਹਜ਼ੂਰ ਨੇ ਕਿਹਾ ਰਾਗ ਦੀ ਤੈਨੂੰ ਸਮਝ ਹੈ। ਰਾਗੀ

ਉਸ ਵੇਲੇ ਵੀ ਬੜੇ ਸਨ। ਬਾਬੇ ਮਰਦਾਨੇ ਨੂੰ ਇਹੀ ਗੱਲ ਕਹੀ। ਕਹਿਣ ਲੱਗੇ ਮਰਦਾਨਿਆ, ਭਲਾ ਰਬਾਬ ਵਜਾਇਦਾ, ਤੈਨੂੰ ਰਾਗ ਦੀ ਸੂਝ ਹੈ। ਰਾਗ ਵਿਚ ਮਿਲਾ ਕੇ ਸ਼ਬਦ ਨੂੰ ਗਾਏਂ ਤੇਰੇ ਦੀਨ ਦੁਨੀ ਦੋਈ ਥਾਏ ਭਲਾ ਕਰੇ।

ਉਸ ਵੇਲੇ ਮਰਦਾਨੇ ਦੇ ਸ਼ਬਦ ਸਨ ਕਿ ਬਾਬਾ ! ਕਿਉਂਕਿ ਭਾਈ ਸਾਹਿਬ ਸਰੀਰਕ ਤੌਰ 'ਤੇ ਗੁਰੂ ਨਾਨਕ ਸਾਹਿਬ ਤੋਂ 10 ਸਾਲ ਵੱਡੇ ਸਨ। ਕਹਿਣ ਲੱਗੇ ਬਾਬਾ ਨਾਨਕ ਜੀ ਨੂੰ, ਜਜਮਾਨ ਅਸੀਂ ਗਾਉਂਦੇ ਹਾਂ ਲੋਕਾਂ ਨੂੰ ਖ਼ੁਸ਼ ਕਰਨ ਵਾਸਤੇ, ਸੂਰਮਿਆਂ ਦੀਆਂ ਵਾਰਾਂ ਗਾਉਂਦੇ ਹਾਂ। ਰਾਜਿਆਂ ਦੀਆਂ ਸਿਫ਼ਤਾਂ ਕਰਦੇ ਹਾਂ ਤੇ ਅਸੀਂ ਆਪਣੇ ਬੱਚਿਆਂ ਦਾ ਪੇਟ ਭਰਦੇ ਹਾਂ। ਉਸ ਵੇਲੇ ਹੱਸ ਕੇ ਕਿਹਾ ਵੇ ਦਾਨਿਆ ! ਅੱਜ ਤੱਕ ਕਈ ਪੁਸ਼ਤਾਂ ਲੋਕਾਂ ਦੀਆਂ ਸਿਫ਼ਤਾਂ ਕੀਤੀਆਂ, ਪਰ ਅਜੇ ਤੀਕ ਅੰਦਰ ਨਹੀਂ ਰੱਜਿਆ। ਹੁਣ ਤੂੰ ਬਣ ਨਿਰੰਕਾਰ ਦਾ ਢਾਡੀ, ਬਣ ਪ੍ਰਮਾਤਮਾ ਦਾ ਕੀਰਤਨੀਆ। ਅੱਜ ਤੂੰ ਕਿਸੇ ਦੇ ਬੂਹੇ ਅੱਗੇ ਖਲੋ ਕੇ ਸਿਫ਼ਤਾਂ ਕਰਦਾ ਹੈਂ ਤੇ ਤੇਰੀ ਕਦਰ ਲੋਕ ਨਹੀਂ ਜਾਣਦੇ। ਤੂੰ ਨਿਰੰਕਾਰ ਦਾ ਢਾਡੀ ਬਣ ਤੇ ਲੋਕ ਤੇਰੇ ਬੂਹੇ 'ਤੇ ਖਲੋਕੇ ਤੇ ਚਰਨਾਂ ਦੀ ਧੂੜ ਲੋਚਨਗੇ। ਤੂੰ ਸ਼ਬਦ ਦਾ ਗਵੱਈਆ ਬਣ ਤਾਂ ਸਹੀ। ਸ਼ਬਦ ਨੂੰ ਗਾ ਤਾਂ ਸਹੀ।

ਗੁਰੂ ਨਾਨਕ ਘਰ ਦੇ ਕੀਰਤਨੀਏ ਸਿੱਖਾ ! ਚੇਤੇ ਰੱਖ, ਜਿੰਨ੍ਹਾਂ ਸੁਰਾਂ ਦੇ ਨਾਲ ਤੇ ਜਿਸ ਰਸਨਾ ਨਾਲ ਤੂੰ ਆਸਾ ਦੀ ਵਾਰ ਗਾਉਂਦਾ ਹੈਂ, ਇਹਨਾਂ ਸੁਰਾਂ ਨੂੰ ਹੱਥ ਨਾਲ ਦਬਾ ਕੇ, ਤੇ ਜਿਸ ਰਸਨਾ 'ਤੇ ਗੁਰੂ ਨਾਨਕ ਦੀ ਬਾਣੀ ਬੈਠੀ ਹੈ, ਰੱਬ ਅੱਗੇ ਅਰਦਾਸ ਕਰੀਏ ਕਿ ਇਸ ਰਸਨਾ ਉੱਤੇ ਵਾਸ਼ਨਾਵਾਂ ਵਾਲੇ ਗੀਤ ਨਾ ਆ ਜਾਣ। ਭਾਈ ਮਰਦਾਨੇ ਨੇ ਰਬਾਬ ਵਜਾਈ ਤੇ ਕਵੀ ਸੰਤੋਖ ਸਿੰਘ ਕਹਿੰਦੇ ਹਨ ਕਿ ਰੁੱਖਾਂ ਦੇ ਪੱਤਿਆਂ ਵਿਚੋਂ ਵੀ ਰੱਸ ਚੋਇਆ ਸੀ। ਹਜ਼ੂਰ ਕ੍ਰਿਪਾਲੂ ਜੀ ਨੇ ਸਾਨੂੰ ਆਸਾ ਦੀ ਵਾਰ ਦਾ ਕੀਰਤਨ ਦਿੱਤਾ । ਤੇ ਨਾਲ ਕਿਹਾ ਪਿਆਰਿਆ! ਦੇਖ ਲੋਕ ਢਾਡੀਆਂ ਦੀਆਂ ਵਾਰਾਂ ਗਾਉਂਦੇ ਹਨ। ਵਾਰ ਨੂੰ ਸੁਣ ਕੇ ਬੁਜ਼ਦਿਲ, ਕਮਜ਼ੋਰ ਤੇ ਕਾਇਰ ਬੰਦਿਆਂ ਦੀਆਂ ਬਾਹਾਂ ਵੀ ਤੇ ਡੋਲੇ ਫੜਕ ਉੱਠਦੇ ਹਨ। ਖ਼ੂਨ ਵਿਚ ਤੇਜ਼ੀ ਆਉਂਦੀ ਹੈ। ਕਾਇਰ ਬੁਜ਼ਦਿਲ ਵੀ ਰਣ ਤੱਤੇ ਵਿਚ ਵਾਰਾਂ ਸੁਣ ਕੇ ਜੂਝਦੇ ਹਨ। ਸਵੇਰੇ ਸੂਰਜ ਦੀ ਟਿੱਕੀ ਨਿਕਲੇ ਤੇ ਤੇਰੀ ਆਸਾ ਦੀ ਵਾਰ ਸੰਪੂਰਨ ਹੋ ਜਾਏ। ਸੂਰਜ ਨਿਕਲਣ ਲੱਗੇ ਤੇ ਤੂੰ ਜਾਵੇਂ ਤੇ ਤੂੰ ਆਸਾ ਦੀ ਵਾਰ ਦਾ ਕੀਰਤਨ ਸੁਣੇ। ਬਾਬਾ ਮਿਹਰ ਕਰੇ, ਵਾਰ ਸੁਣ ਕੇ ਤੂੰ ਸਾਰਾ ਦਿਨ ਪਖੰਡੀਆਂ ਨੂੰ, ਕੁਕਰਮੀਆਂ ਨੂੰ, ਵਿਕਾਰਾਂ ਵਿਚ ਰਹਿ ਕੇ ਸ਼ਾਮ ਨੂੰ ਤੂੰ ਆਪਣੇ ਜੀਵਨ ਦੀ ਬਾਜ਼ੀ ਜਿੱਤ ਕੇ ਆਵੇਂ। ਬਾਹਰ ਸੁਣਨ ਦਾ ਭਾਵ ਇਹ ਸੀ ਕਿ ਤੇਰੇ 'ਤੇ ਪਰਪੰਚ ਕੋਈ ਅਸਰ ਨਾ ਕਰੇ।

ਮੇਰੇ ਸਤਿਗੁਰੂ ਨੇ ਆਸਾ ਦੀ ਵਾਰ ਅਰੰਭ ਕਰਦਿਆਂ, ਕਿਉਂਕਿ ਅੱਜ ਦਾ ਵਿਸ਼ਾ ਹੈ ਕਿ ਹਨੇਰਾ ਦੂਰ ਹੁੰਦਾ ਹੈ ਤੇ ਅੰਦਰ ਨਾਮ ਦੀ ਬਰਕਤ ਪੈਂਦੀ ਹੈ। ਗੁਰੂ ਰਾਮਦਾਸ ਨੂੰ ਸਿਮਰ ਕੇ ਅੰਦਰ ਨਾਮ ਦੇ ਖ਼ਜ਼ਾਨੇ ਆ ਜਾਂਦੇ ਹਨ। ਹਜ਼ੂਰ ਨੇ ਕਿਹਾ ਪਿਆਰਿਆ ! ਇਕ ਚਾਨਣ

ਹੈ ਬਾਹਰ ਦਾ, ਇਕ ਚਾਨਣ ਹੈ ਅੰਦਰ ਦਾ। ਗੁਰੂ ਅੰਗਦ ਸਾਹਿਬ ਨੇ ਅੰਮ੍ਰਿਤ ਬਾਣੀ ਵਿਚ ਇਹ ਬਚਨ ਕਿਹਾ-

ਜੇ ਸਉ ਚੰਦਾ ਉਗਵਹਿ- ਚੰਦਰਮਾ ਆ ਕੇ ਆਪਣੀਆਂ ਰਿਸ਼ਮਾਂ ਬਖੇਰੀ ਜਾਣ *ਸੂਰਜ ਚੜੇ ਹਜਾਰ॥* ਹਜ਼ਾਰਾਂ ਦੀ ਗਿਣਤੀ ਵਿਚ ਆ ਕੇ ਆਪਣੀ ਰੋਸ਼ਨੀ ਬਖੇਰਨ-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਅੰਗ ੪੬੩)

ਏਨੇ ਚਾਨਣ ਦੇ ਬਾਵਜੂਦ ਵੀ ਅੰਦਰ ਕੇਵਲ ਹਨ੍ਹੇਰਾ ਰਹੇਗਾ।

ਇਕ ਉਦਾਹਰਣ ਆਪ ਜੀ ਨੂੰ ਇਤਿਹਾਸ ਵਿਚੋਂ ਅਰਜ਼ ਕਰਾਂ। ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਿੱਖ ਹਨ। ਡੇਰਾ ਹੈ ਮੇਰੇ ਧੰਨ ਗੁਰੂ ਕਲਗੀਆਂ ਵਾਲੇ ਚੋਜੀ ਪ੍ਰੀਤਮ ਦਾ। ਅਨੰਦਪੁਰ ਸਾਹਿਬ ਦੀ ਧਰਤੀ 'ਤੇ ਅਨੇਕਾਂ ਚੋਜ ਮੇਰੇ ਸਤਿਗੁਰੂ ਨੇ ਕੀਤੇ ਹਨ। ਅਨੰਦਪੁਰ ਨੂੰ ਗਵਾਇਆ ਨਹੀਂ ਮੇਰੇ ਗੁਰੂ ਕਲਗੀ ਵਾਲੇ ਸੱਚੇ ਪਾਤਿਸ਼ਾਹ ਨੇ। ਅਸੀਂ ਸ਼ਬਦ ਵਰਤਦੇ ਹਾਂ ਅਨੰਦਪੁਰ ਗਵਾ ਦਿੱਤਾ। ਨਹੀਂ ਸਿੱਖਾ ! ਤੂੰ ਅੱਜ ਵੀ ਅਨੰਦਪੁਰ ਦੇ ਕਿਲ੍ਹੇ ਵਿਚ ਸੁਰਤ ਟਿਕਾਅ। ਅੱਜ ਵੀ ਜਿੱਥੇ ਤੂੰ ਫ਼ਰਿਆਦਾਂ ਸੁਣੀਆਂ ਜਾਂਦੀਆਂ ਸਨ, ਉਸ ਬੜ੍ਹੇ ਕੋਲ ਖਲੋ। ਅੱਜ ਵੀ ਕੇਸਗੜ੍ਹ ਕੋਲ ਖਲੋ ਕੇ ਰਹਿਤ ਦੀਆਂ ਦਾਤਾਂ ਮੰਗ, ਗੁਰੂ ਗੋਬਿੰਦ ਸਿੰਘ ਅੱਜ ਵੀ ਖਲੋਤੇ ਪਹਾੜੀ ਉੱਤੇ ਰਹਿਮਤਾਂ ਪਏ ਵਰਤਾਉਂਦੇ ਹਨ।

ਕੁਝ ਸਿੱਖ ਆਏ ਹਨ, ਕੋਲ ਉਹਨਾਂ ਦੇ ਇਕ ਡੋਲਾ ਹੈ। ਜਦੋਂ ਡੋਲਾ ਲੈ ਕੇ ਉਹ ਪਹੁੰਚੇ ਤਾਂ ਅਸੀਸਾਂ ਪਈਆਂ ਮਿਲਦੀਆਂ ਸਨ। ਕਲਗੀਧਰ ਸੱਚੇ ਪਿਤਾ ਜੀ ਇਕ ਦਮ ਰੁੱਕ ਗਏ। ਪੁੱਛਿਆ ਇਹ ਡੋਲਾ ਕਿਸ ਦਾ ਹੈ? ਤਾਂ ਇਕ ਨੇ ਹੱਸ ਕੇ ਕਿਹਾ ਸੱਚੇ ਪਾਤਿਸ਼ਾਹ ! ਅਸੀਂ ਅੱਜ ਇਕ ਬਦਲਾ ਲੈ ਕੇ ਆਏ ਹਾਂ। ਦਾਤਾਰ ਕਹਿਣ ਲੱਗੇ ਦੱਸੋ ਹੈ ਕੀ? ਜਿੰਨ੍ਹਾਂ ਨਾਲ ਸਾਡਾ ਯੁੱਧ ਹੋਇਆ, ਉਹਨਾਂ ਦੀ ਬੇਟੀ ਲੈ ਕੇ ਆਏ ਹਾਂ। ਪਿਆਰਿਉ ! ਇਹ ਤਾਂ ਗੁਰ ਪ੍ਰਸਾਦਿ ਹੈ। ਜੇਕਰ ਕੋਈ ਸਾਡੀ ਸੁਰਤ ਡਿੱਗਣ ਲੱਗੇ ਤਾਂ ਸਿਰ 'ਤੇ ਖਲੋਤਾ ਹੋਇਆ ਗੁਰੂ ਫਿਰ ਵੀ ਜੋਗੇ ਦਾ ਪਹਿਰੇਦਾਰ ਬਣ ਕੇ ਸੁਰਤ ਨੂੰ ਬਚਾ ਹੀ ਲੈਂਦਾ ਹੈ।

ਗੁਰ ਬਿਨ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥

(ਅੰਗ ੧੩੯੯)

ਦਾਤਾਰ! ਉਹਨਾਂ ਦੀ ਬਹੂ ਬੇਟੀ ਹੈ। ਹਜ਼ੂਰ ਨੇ ਕਿਹਾ ਡੋਲਾ ਰੋਕ ਦਿਉ। ਡੋਲਾ ਉਤਾਰਿਆ ਗਿਆ। ਬੱਚੀ ਬਾਹਰ ਨਿਕਲੀ। ਕ੍ਰਿਪਾਲੂ ਦਾਤੇ ਨੇ ਤੀਰ ਨਾਲ ਉਹਦੇ ਸਿਰ ਉੱਤੇ ਪਿਆਰ ਦਿੱਤਾ। ਸ਼ਬਦ ਵਰਤੇ ਬੇਟਾ ! ਇਸ ਘਰ ਵਿਚ ਤੇਰੀ ਇੱਜ਼ਤ ਨੂੰ ਮਲੀਨ ਅੱਖ ਨਾਲ ਕੋਈ ਨਹੀਂ ਦੇਖੇਗਾ। ਹੁਣ ਜਿਹੜੇ ਸਿੱਖ ਡੋਲਾ ਲੈ ਕੇ ਆਏ ਹੋ, ਇਕ ਗੱਲ ਮੰਨੋਗੇ? ਉਹਨਾਂ

ਬੰਦਿਆਂ ਦੀ ਸੁਰਤ ਡਿੱਗੀ ਪਈ ਸੀ। ਸਤਿਗੁਰੂ ਨੇ ਕਿਹਾ ਇਹ ਕਿਸ ਨੇ ਤੁਹਾਨੂੰ ਕਿਹਾ। ਕਹਿਣ ਲੱਗੇ ਮਹਾਰਾਜ ! ਜੇ ਉਹ ਲੋਕ ਇਸ ਧਰਤੀ ਦੀਆਂ ਬਹੂ ਬੇਟੀਆਂ ਦੀ ਪੱਤ ਰੋਲਦੇ ਹਨ ਤਾਂ ਕੀ ਅਸੀਂ ਬਦਲਾ ਨਹੀਂ ਲੈ ਸਕਦੇ? ਹਜ਼ੂਰ ਨੇ ਕਿਹਾ ਕਿ ਜੇ ਇਕ ਚਿੱਕੜ ਵਿਚ ਖਲੋ ਕੇ ਚਿਕੜ ਸੁੱਟਦਾ ਹੈ, ਉਸੇ ਤਰ੍ਹਾਂ ਖਲੋਕੇ ਅਸੀਂ ਵੀ ਚਿੱਕੜ ਸੁੱਟਦੇ ਰਹੇ ਤਾਂ ਸਾਡੇ ਵਿਚ ਤੇ ਉਹਦੇ ਵਿਚ ਅੰਤਰ ਕੋਈ ਨਹੀਂ। ਸਿੱਖੋ ! ਜੇ ਤੁਸੀਂ ਉਹਨਾਂ ਦੇ ਅੰਦਰ ਨੂੰ ਜਿਤਣਾ ਹੈ ਤਾਂ ਬਦਲੇ ਪੱਤ ਬੱਚੀਆਂ ਦੀ ਰੋਲ ਕੇ ਨਹੀਂ ਲਏ ਜਾਂਦੇ। ਕਹਿਣ ਲੱਗੇ ਸਿੱਖੀ ਇਹ ਨਹੀਂ। ਸਾਨੂੰ ਬਾਣੀ ਰੋਕਦੀ ਕਿਉਂ ਨਹੀਂ। ਕਹਿਣ ਲੱਗੇ ਅਸੀਂ ਬਾਣੀ ਨੂੰ ਪ੍ਰਮਾਤਮਾ ਦੇ ਘਰ ਵਿਚ ਲਿਜਾਣ ਵਾਲੀ ਰੱਬ ਦੀ ਦਾਤ ਸਮਝਦੇ ਹਾਂ। ਜੇ ਤੁਸੀਂ ਇਸ ਵੈਰ ਵਿਚ ਪੈ ਗਏ ਤਾਂ ਸੱਚ ਜਾਣੋ, ਕੀਮਤੀ ਜ਼ਿੰਦਗੀ ਤਬਾਹ ਹੋ ਜਾਏਗੀ। ਤਾਂ ਕਹਿਣ ਲੱਗੇ ਤੁਸੀਂ ਗੁਰੂ ਤਾਂ ਹੈ ਹੀ। ਸਾਹਿਬ ਕਹਿਣ ਲੱਗੇ ਫਿਰ-

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥

ਜੇ ਤੁਹਾਡੀ ਆਪਣੀ ਸੁਰਤ ਡਿੱਗ ਪਈ ਹੈ ਤਾਂ ਫਿਰ ਗੁਰੂ ਉਥੇ ਕੀ ਕਰੇਗਾ।

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨਾ ਲਾਗਈ ਜਿਉ ਬਾਂਸੁ ਬਜਾਈਐ ਫੂਕ॥

(ਅੰਗ ੧੩੭੨)

ਸਤਿਗੁਰੂ ਕਹਿਣ ਲੱਗੇ ਕਿ ਅਸੀਂ ਪੰਥ ਨੂੰ ਅਧੋਗਤੀ ਵਿਚ ਸੁੱਟਣ ਲਈ ਨਹੀਂ, ਅਸੀਂ ਪੰਥ ਨੂੰ ਉੱਚਿਆਂ ਚੁੱਕਣ ਆਏ ਹਾਂ। ਜੇ ਪਿਆਰਿਉ ! ਉੱਤੇ ਸਮਰੱਥ ਗੁਰੂ ਨਾ ਹੁੰਦਾ ਤਾਂ ਸ਼ਾਇਦ ਇਹ ਡੋਲਾ ਲਿਆਉਣ ਵਾਲੇ, ਇਸ ਡੋਲੇ ਵਿਚ ਬੈਠੀ ਹੋਈ ਉਸ ਅਬਲਾ ਦੀ ਪੱਤ ਰੋਲਦੇ ਪਰ ਗੁਰੂ ਸਿਰ ਉੱਤੇ ਖਲੋਤਾ ਸੀ। ਇਕ ਖਿਨ ਵਿਚ ਮੇਰੇ ਗੁਰੂ ਨੇ ਉਹਨਾਂ ਦੀ ਡਿੱਗੀ ਹੋਈ ਸੁਰਤ ਨੂੰ ਪ੍ਰਮਾਤਮਾ ਦੇ ਚਰਨਾਂ ਵਿਚ ਫਿਰ ਟਿਕਾਅ ਦਿੱਤਾ। ਸਮਰੱਥ ਗੁਰੂ ਤੋਂ ਬਿਨਾਂ ਸੁਰਤ ਨਹੀਂ ਟਿਕਦੀ। ਕਹਿਣ ਲੱਗੇ ਅਸੀਂ ਸਭ ਤੋਂ ਉੱਚਾ ਚੁੱਕਣਾ ਚਾਹੁੰਦੇ ਹਾਂ ਪੰਥ ਨੂੰ।

ਗੁਰੂ ਗ੍ਰੰਥ ਸਾਹਿਬ ਵਿਚ ਹਜ਼ੂਰ ਕਹਿ ਰਹੇ ਹਨ ਕਿ ਗੁਰੂ ਤੋਂ ਬਿਨਾਂ ਹਨੇਰਾ ਹੈ, ਗੁਰੂ ਤੋਂ ਬਿਨਾਂ ਸੁਰਤ ਨਹੀਂ ਟਿਕਦੀ। ਬਾਬਾ ਜੀ ਦੇ ਬਚਨ ਮੈਂ ਅਰਜ਼ ਕਰ ਰਿਹਾ ਸੀ ਭੱਟ ਸਾਹਿਬ ਜੀ ਦੇ ਕਿ

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨ ਸਮਝ ਨ ਆਵੈ॥
ਗੁਰ ਬਿਨੁ ਸੁਰਤ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥
ਗੁਰ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥

(ਅੰਗ ੧੩੯੯)

ਗੁਰ ਕਰੁ ਸਚੁ ਬੀਚਾਰੁ- ਗੁਰੂ ਦਾ ਅਰਥ ਇਥੇ ਇਹ ਹੈ ਕਿ ਗੁਰੂ ਨੂੰ ਧਾਰਨ ਕਰ ਲੈ। ਗੁਰੂ ਨੂੰ ਅਪਨਾ ਲੈ।

ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥
ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥

(ਅੰਗ ੧੩੯੯)

ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥

ਸਤਿਗੁਰੂ ਦੇ ਸ਼ਬਦ ਨੂੰ ਕਮਾ, ਤੇਰੇ ਅੰਦਰ ਦੇ ਭਰਮ ਗੁਰੂ ਕਿਰਪਾ ਕਰਕੇ ਕੱਟ ਦੇਣਗੇ। ਤੇਰੇ ਅੰਦਰ ਦਾ ਹਨੇਰਾ ਦੂਰ ਹੋ ਜਾਏਗਾ।

ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਯ ਕਹਿ॥
ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥

ਜਿਸ ਨੇ ਗੁਰੂ ਦੇ ਦਰਸ਼ਨ ਨਾ ਕੀਤੇ, ਗੁਰੂ ਨੂੰ ਧਾਰਨ ਨਾ ਕੀਤਾ। ਭੱਟ ਜੀ ਕਹਿ ਰਹੇ ਹਨ, ਸੱਚ ਜਾਣਿਉ, ਉਹਦਾ ਸੰਸਾਰ 'ਤੇ ਆਉਣਾ ਹੀ ਵਿਅਰਥ ਹੈ। ਹਜ਼ੂਰ ਦੇ ਬਚਨਾਂ ਨਾਲ ਤੁਰੀਏ। ਕਹਿਣ ਲੱਗੇ ਬਚਨ ਕਰ ਰਿਹਾ ਸਾਂ ਆਪ ਜੀ ਨਾਲ ਸਾਂਝੇ। ਕਿ-

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਅੰਗ ੪੬੩)

ਗੁਰੂ ਤੋਂ ਬਿਨਾਂ ਅੰਦਰ ਦਾ ਹਨੇਰਾ ਨਹੀਂ ਮਿੱਟ ਸਕਦਾ। ਮੇਰੇ ਬਾਬੇ ਨਾਨਕ ਨੇ ਜਦੋਂ ਮਨੁੱਖ ਦੀ ਜ਼ਿੰਦਗੀ ਦੀ ਗਿਣਤੀ ਕੀਤੀ ਤਾਂ ਉਸ ਦੇ ਜੀਵਨ ਨੂੰ ਦੱਸ ਹਿੱਸਿਆਂ ਵਿਚ ਵੰਡਿਆ। ਉਥੇ ਇਕ ਰਹਿਮਤ ਭਰਿਆ ਬਚਨ ਕਿਹਾ-

ਪਹਿਲੈ ਪਿਆਰ ਲਗਾ ਥਣ ਦੁਧਿ॥
ਦੂਜੈ ਮਾਇ ਬਾਪ ਕੀ ਸੁਧਿ॥

ਜੇ ਗੁਰੂ ਨੂੰ ਧਾਰਨ ਕੀਤਾ ਤਾਂ ਜ਼ਿੰਦਗੀ ਤੇ ਬਤੀਤ ਹੋ ਜਾਏਗੀ, ਪਰ ਜ਼ਿੰਦਗੀ ਦਾ ਮਕਸਦ ੧ੳ ਹੱਲ ਨਹੀਂ ਹੋਏਗਾ।

ਪਹਿਲੈ ਪਿਆਰ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥
ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥
ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨਾ ਪੁਛੈ ਜਾਤਿ॥
ਸਤਵੈ ਸੰਜਿ ਕੀਆ ਘਰ ਵਾਸੁ॥ ਅਠਵੈ ਕ੍ਰੋਧੁ ਹੋਆ ਤਨ ਨਾਸੁ॥
ਨਾਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥

ਗਏ ਸਿਗੀਤ ਪੁਕਾਰੀ ਧਾਹ॥ ਉਡਿਆ ਹੰਸੁ ਦਸਾਏ ਰਾਹ॥

(ਅੰਗ ੧੩੭)

ਕਹਿਣ ਲੱਗੇ ਬੰਦਾ ਪਤਾ ਹੈ ਕਿਉਂ ਡੁੱਬ ਗਿਆ। ਦੱਸ ਜਿਹੜੇ ਜ਼ਿੰਦਗੀ ਦੇ ਹਿੱਸੇ ਕੀਤੇ ਹਨ, ਕਿਸੇ ਹਿੱਸੇ ਵਿਚ ਗੁਰੂ ਦਾ ਨਾਂ ਸੁਣਿਆ ਜੇ। ਗੁਰੂ ਤੋਂ ਬਿਨਾਂ ਹਨੇਰਾ ਹੈ, ਪਰ ਜੇ ਹਜ਼ੂਰ ਕ੍ਰਿਪਾਲੂ ਜੀ ਨੂੰ ਚੇਤੇ ਕਰੀਏ ਤਾਂ ਗੁਰੂ ਅੰਦਰ ਦੇ ਹਨੇਰੇ ਨੂੰ ਕੱਟ ਦੇਵੇ। ਹਨੇਰੇ ਦੁਖਦਾਈ ਹੈ। ਜੇ ਕਿਤੇ ਗੁਰੂ ਅੰਦਰ ਗਿਆਨ ਦਾ ਚਾਨਣ ਕਰ ਦੇਵੇ ਤਾਂ ਕਰੋੜਾਂ ਜਨਮਾਂ ਦੇ ਹਨੇਰੇ ਨੂੰ ਇਕ ਮਿੰਟ ਵਿਚ ਖ਼ਤਮ ਕਰ ਸਕਦਾ ਹੈ।

ਅੱਜ ਗੁਰੂ ਰਾਮਦਾਸ ਜੀ ਨੂੰ ਚੇਤੇ ਕਰਕੇ ਭੱਟ ਜੀ ਨੇ ਪਹਿਲਾ ਬਚਨ ਕਿਹਾ। ਜਿਸ ਗੁਰੂ ਨੂੰ ਚੇਤੇ ਕੀਤਿਆਂ ਇਕ ਖਿਨ ਦੇ ਵਿਚ ਅੱਖਾਂ ਦਾ ਹਨੇਰਾ ਖ਼ਤਮ ਹੋ ਜਾਂਦਾ ਹੈ। ਪਿਆਰਿਉ! ਉਹ ਕਿਹੜੀਆਂ ਅੱਖਾਂ ਹਨ। ਕੇਵਲ ਉਹ ਇਹ ਬਾਹਰ ਦੀਆਂ ਅੱਖਾਂ ਨਹੀਂ। ਠੀਕ ਹੈ, ਗੁਰੂ ਬਾਹਰ ਦੀਆਂ ਅੱਖਾਂ ਦੀ ਵੀ ਹਨੇਰਾ ਦੂਰ ਕਰਦੇ ਹਨ। ਹਜ਼ੂਰ ਨੇ ਬਚਨ ਕੀਤੇ ਹਨ-

ਹਮ ਅੰਧੁਲੇ ਗਿਆਨਹੀਨ ਅਗਿਆਨੀ॥

(ਅੰਗ ੬੯੪)

ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥

ਅਸੀਂ ਅੰਨ੍ਹੇ ਹਾਂ ਤੇ ਪਿਆਰਿਉ! ਉਹਨੂੰ ਕਦੀ ਗੁਰਮਤ ਨੇ ਅੰਨ੍ਹਾ ਨਹੀਂ ਕਿਹਾ ਕਿ ਜਿਸ ਨੂੰ ਅੱਖਾਂ ਤੋਂ ਦਿੱਸਦਾ ਨਹੀਂ। ਮੇਰੇ ਸਤਿਗੁਰੂ ਨੇ ਸ਼ਬਦ ਐਸੇ ਦਿੱਤੇ ਹਨ। ਅੰਨ੍ਹੇ ਬੰਦੇ ਨੂੰ ਕਦੀ ਨਹੀਂ ਕਿਹਾ ਜਾਂਦਾ ਕਿ ਤੂੰ ਅੰਨ੍ਹਾ ਹੈਂ। ਇਸ ਘਰ ਵਿਚ ਸੂਰਮਾ ਕਿਹਾ ਜਾਂਦਾ ਹੈ। ਬਾਬਾ ਜੀ ਨੇ ਬਾਣੀ ਵਿਚ ਕਿਹਾ ਹੈ-

ਅੰਧੇ ਏਹਿ ਨ ਆਖੀਅਨਿ

ਉਹਨਾਂ ਨੂੰ ਕਦੀ ਅੰਨ੍ਹੇ ਨਾ ਕਿਹਾ ਕਰੋ ਪਿਆਰਿਉ!

ਜਿਨ ਮੁਖਿ ਲੋਇਣ ਨਾਹਿ॥

ਜਿੰਨ੍ਹਾਂ ਦੇ ਮੁਖ ਉੱਤੇ ਅੱਖਾਂ ਨਹੀਂ ਹਨ ਦੇਖਣ ਵਾਲੀਆਂ। ਕਹਿਣ ਲੱਗੇ

ਅੰਧੇ ਸੇਈ ਨਾਨਕਾ

ਅਸਲ ਵਿਚ ਅੰਨ੍ਹੇ ਉਹ ਹਨ

ਖਸਮਹੁ ਘੁਥੇ ਜਾਹਿ॥

ਜਿਹੜੇ ਅੱਖਾਂ ਹੋਣ ਦੇ ਬਾਵਜੂਦ ਵੀ ਸਾਈਂ ਨਾਲੋਂ ਟੁੱਟ ਗਏ। ਜਿਹੜੇ ਰੱਬ ਨਾਲ ਜੁੜੇ ਨਹੀਂ। ਹਜ਼ੂਰ ਕ੍ਰਿਪਾਲੂ ਨੇ ਮਿਹਰ ਕੀਤੀ ਤੇ ਕਹਿਣ ਲੱਗੇ-

ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ॥

ਹੇ ਦਾਤਿਆ! ਸਾਨੂੰ ਰਸਤਾ ਨਹੀਂ ਦਿੱਸਦਾ ਪਿਆ। ਕਿਰਪਾ ਕਰ, ਅਸੀਂ ਕਿਵੇਂ ਤੇਰੇ ਮਾਰਗ 'ਤੇ, ਕਿਵੇਂ ਤੇਰੇ ਪੰਥ 'ਤੇ ਚਲੀਏ।

ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ॥

(ਅੰਗ ੬੯੪)

ਅਸੀਂ ਤੇਰੇ ਨਾਲ ਮਿਲ ਕੇ ਚਲ ਸਕੀਏ। ਸਾਨੂੰ ਅੰਨ੍ਹਿਆਂ ਨੂੰ ਆਪਣਾ ਪੱਲਾ ਪਕੜਾ ਦੇ, ਆਪਣਾ ਲੜ ਪਕੜਾ ਦੇ। ਹੁਣ ਇਸ ਤੋਂ ਅੱਗੇ ਗੁਰੂ ਰਾਮਦਾਸ ਜੀ ਦਾ ਇਕ ਹੋਰ ਬਚਨ ਪੜ੍ਹੋ-

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ

ਦਾਤਾ ਜੀ! ਅੰਨ੍ਹੇ ਹਾਂ, ਅੰਮ੍ਰਿਤ ਦੀ ਥਾਂ 'ਤੇ ਜ਼ਹਿਰ ਛਕੀ ਜਾਂਦੇ ਹਾਂ।

ਕਿਉ ਚਾਲਹ ਗੁਰ ਚਾਲੀ॥

ਸਤਿਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ॥

(ਅੰਗ ੬੬੭)

ਸਾਨੂੰ ਆਪਣੇ ਪੱਲੇ ਨਾਲ ਲਾ ਲਉ। ਹੇ ਸਤਿਗੁਰੂ! ਸਾਨੂੰ ਅੰਨ੍ਹਿਆਂ ਨੂੰ ਪੱਲਾ ਪਕੜਾਉ। ਸਤਿਗੁਰੂ ਕਹਿੰਦੇ ਹਨ ਕਿ ਜੇ ਪੱਲਾ ਪਕੜਨਾ ਹੈ ਤਾਂ -

ਉਸਤਤਿ ਨਿੰਦਾ ਨਾਨਕ ਜੀ

ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ॥

ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥

(ਅੰਗ ੯੬੩)

ਮੈਂ ਦੁਨੀਆਂ ਦੇ ਸਾਰੇ ਰਿਸ਼ਤੇ ਕੂੜੇ ਜਾਣਕੇ ਤੇਰਾ ਪਲੂ ਪਕੜਿਆ ਹੈ। ਪਿਆਰਿਉ! ਗੁਰੂ ਰਾਮਦਾਸ ਜੀ ਇਹ ਕਹਿ ਰਹੇ ਹਨ-

ਗੁਰਸਿਖ ਮੀਤ ਚਲਹੁ ਗੁਰ ਚਾਲੀ॥

(ਅੰਗ ੬੬੭)

ਗੁਰੂ ਕੀ ਚਾਲ ਹੈ-

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ॥

ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥

(ਅੰਗ ੭੬੩)

ਗੁਰੂ ਕੀ ਕਾਰ ਕਮਾ ਤੇ ਦੂਜੇ ਭਾਉ ਨੂੰ ਤਿਆਗ ਦੇ। ਜਿਹੜੇ ਪਲੂ ਪਕੜ ਲੈਂਦੇ ਹਨ, ਗੁਰੂ ਉਹਨਾਂ ਨੂੰ ਰਸਤੇ ਵਿਚ ਨਹੀਂ ਛੱਡਦੇ।

ਗੁਰੂ ਰਾਮਦਾਸ ਦੀ ਪ੍ਰਕਰਮਾ ਵਿਚ ਅੱਜ ਵੀ ਭਿਖਾਰੀ ਬਾਦਸ਼ਾਹ ਪਏ ਬਣਦੇ ਹਨ। ਕਿਉਂਕਿ ਉਹਦੀ ਪ੍ਰਕਰਮਾ ਵਿਚ ਸਦੀਆਂ ਪਹਿਲੇ ਇਕ ਆਇਆ। ਜਿਹੜਾ ਇਤਿਹਾਸ ਸਾਨੂੰ ਕਹਿ ਰਿਹਾ ਹੈ, ਜਿਹਦੇ ਅੰਦਰ ਦੇ ਹਨੇਰੇ ਦੂਰ ਹੋਏ। ਜਿਹਲਮ ਦੀ ਧਰਤੀ ਤੋਂ ਤੁਰਿਆ ਸੀ। ਘਰ ਬੱਚਿਆਂ ਦਾ ਪ੍ਰਸ਼ਾਦਾ ਵੀ ਨਹੀਂ ਸੀ ਚੱਲਦਾ। ਰੋਟੀ ਤੋਂ ਆਤਰ ਹੋ ਕੇ ਕਿਸੇ ਨੇ ਕਿਹਾ ਗੁਰੂ ਕੇ ਚੱਕ ਚਲਾ ਜਾ, ਉਥੇ ਭੀੜ ਬੜੀ ਹੈ। ਗੁਰੂ ਕੇ ਚੱਕ ਜਾ ਕੇ ਛਾਬੜੀ ਲਗਾਈਂ ਤੇ ਚੇਤੇ ਰੱਖੀਂ ਜਿਸ ਦੇ ਦਰ 'ਤੇ ਤੂੰ ਚਲਿਆ ਹੈਂ, ਉਹ ਖ਼ੁਦ ਕਦੀ ਟੋਕਰੀ ਵਿਚ ਘੁੰਗਣੀਆਂ ਪਾ ਕੇ ਵੇਚਦਾ ਸੀ। ਉਹ ਘੁੰਗਣੀਆਂ ਵੇਚਣ ਵਾਲਾ ਅੱਜ ਸੋਢੀ ਸੁਲਤਾਨ ਹੈ। ਤੂੰ ਉਹਦੇ ਦਰ 'ਤੇ ਘੁੰਗਣੀਆਂ ਵੇਚੀਂ। ਹੋ ਸਕਦਾ ਹੈ ਤੈਨੂੰ ਉਹ ਸ਼ਾਹ ਬਣਾ ਦੇਵੇ।

ਸ਼ਾਮ ਦਾ ਵੇਲਾ ਆਇਆ। ਗੁਰੂ ਰਾਮਦਾਸ ਜੀ ਮੋਢੇ 'ਤੇ ਪਰਨਾ ਰੱਖ ਕੇ ਤੁਰੇ ਆਉਂਦੇ ਹਨ। ਸਿੱਖ ਸੰਗਤ ਨਾਲ ਹੈ। ਜਿਹੋ ਜਿਹੀ ਰਹਿਮਤ ਉਸ ਸਮੇਂ ਉਥੇ ਵਰਤਦੀ ਸੀ, ਅੱਜ ਵੀ ਉਥੇ ਵਰਤਦੀ ਹੈ। ਕਿਸੇ ਨੇ ਕਿਹਾ ਸੱਜਣਾ, ਇਹ ਹੈ ਗੁਰੂ ਰਾਮਦਾਸ, ਜਿਹੜੇ ਇਸ ਸਰੋਵਰ ਦੀ ਸੇਵਾ ਪਏ ਕਰਾਉਂਦੇ ਹਨ। ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ। ਸਤਿਗੁਰੂ ਨੇ ਮੋਢੇ 'ਤੇ ਪਰਨਾ ਰੱਖਿਆ ਸੀ। ਉਠਿਆ, ਦੇਖਿਆ ਤੇ ਕਹਿਣ ਲੱਗੇ ਕੀ ਕਰਦਾ ਹੈਂ? ਸ਼ਬਦ ਇਹ ਹੀ ਕਹੇ। ਇਹ ਨਹੀਂ ਪੁੱਛਿਆ ਕਿ ਤੂੰ ਕੌਣ ਹੈਂ? ਕਿਥੋਂ ਆਇਆ ਹੈਂ? ਕੀ ਕਰਦਾ ਹੈਂ? ਛਾਬੜੀ ਵੱਲ ਇਸ਼ਾਰਾ ਕਰਕੇ, ਮਹਾਰਾਜ ਘੁੰਗਣੀਆਂ ਵੇਚਦਾ ਹਾਂ। ਘੁੰਗਣੀਆਂ ਸ਼ਬਦ ਸੁਣਿਆ ਤਾਂ ਗੁਰੂ ਰਾਮਦਾਸ ਜੀ ਰੁੱਕ ਗਏ। ਕਹਿਣ ਲੱਗਾ, ਮਹਾਰਾਜ ਘੁੰਗਣੀਆਂ ਦੀ ਛਾਬੜੀ ਲਾਈ ਹੈ। ਸਾਹਿਬ ਸੱਚੇ ਪਾਤਿਸ਼ਾਹ ਕਹਿਣ ਲੱਗੇ ਕਿੰਨੇ ਪੈਸੇ ਵੱਟੇ ਹਨ? ਕਹਿਣ ਲੱਗਾ ਇੰਨੇ ਵੱਟੇ ਹਨ। ਕਹਿਣ ਲੱਗੇ ਲਿਆ ਫਿਰ ਇੰਨੀ ਸੇਵਾ ਪਈ ਚੱਲਦੀ ਹੈ, ਗੁਰੂ ਕੇ ਸਰੋਵਰ ਵਿਚ ਪਾਈਏ। ਨਾਲੇ ਸਤਿਗੁਰੂ ਕਹਿਣ ਲੱਗੇ ਸਾਰਾ ਦਿਨ ਘੁੰਗਣੀਆਂ ਨਾ ਵੇਚਿਆ ਕਰ। ਘੁੰਗਣੀਆਂ ਵੇਚ ਕੇ ਟੋਕਰੀ ਵੀ ਚੁੱਕਿਆ ਕਰ। ਸੰਗਤ ਵਿਚ ਬੈਠ ਕੇ ਗੁਰੂ ਗੁਰੂ ਜੱਪਿਆ ਕਰ। ਅੰਦਰ ਦੇ ਖ਼ਜ਼ਾਨੇ ਮਿਲਦੇ ਹਨ।

ਦੂਜੇ ਦਿਨ ਘੁੰਗਣੀਆਂ ਦੀ ਛਾਬੜੀ ਲਾਈ। ਫਿਰ ਵਿੱਕ ਗਈ ਵਟਾ ਵੱਟ। ਫਿਰ ਟੋਕਰੀ ਸਿਰ 'ਤੇ ਚੁੱਕ ਲਈ ਤੇ ਮਿੱਟੀ ਢੋਈ। ਸੰਗਤ ਬੈਠੀ ਸੀ ਕੀਰਤਨ ਵਿਚ ਇਹ ਵੀ ਆ ਬੈਠਾ। ਹਜ਼ੂਰ ਫਿਰ ਸ਼ਾਮੀ ਨਿਕਲੇ ਤੇ ਅਵਾਜ਼ ਦਿੱਤੀ, ਅੱਜ ਵੱਟਕ ਕਿੰਨੀ ਹੋਈ? ਦਾਤਾਰ ਦੇ ਸਾਹਮਣੇ ਪੂਰੇ ਦਿਨ ਦੇ ਪੈਸੇ ਰੱਖ ਦਿੱਤੇ। ਤਕਰੀਬਨ ਚਾਰ ਦਿਨ ਇਹ ਖੇਡ ਵਾਪਰਦੀ ਰਹੀ।

ਕਹਿੰਦੇ ਹਨ ਪੰਜਵੇਂ ਦਿਨ ਕ੍ਰਿਪਾਲੂ ਦਾਤਾ ਜੀ ਆਏ। ਅੱਜ ਆਪ ਨੇ ਇਹ ਨਹੀਂ ਕਿਹਾ, ਕੀ ਵੱਟਿਆ ਹੈ? ਇਕੋ ਦਮ ਆਪ ਹੀ ਉਠ ਕੇ ਚਰਨਾਂ 'ਤੇ ਡਿਗ ਕੇ ਕਹਿਣ ਲੱਗਾ-

ਸੱਚੇ ਪਾਤਿਸ਼ਾਹ! ਅੱਜ ਸੱਤ ਰੁਪਏ ਵੱਟੇ ਹਨ, ਐਹ ਲਉ। ਹਜ਼ੂਰ ਸਿਰ 'ਤੇ ਹੱਥ ਰੱਖ ਕੇ ਕਹਿਣ ਲੱਗੇ- ਅੱਜ ਅਸੀਂ ਲੈਣਾ ਨਹੀਂ, ਅੱਜ ਤੈਨੂੰ ਕੁਝ ਦੇਣਾ ਹੈ। ਕਹਿਣ ਲੱਗੇ, ਅੱਜ ਤੈਨੂੰ ਦੇਣਾ ਹੈ। ਇੰਨੇ ਦਿਨ ਦਾ ਆਇਆ ਹੈਂ, ਤੇਰਾ ਨਾਂ ਹੀ ਨਹੀਂ ਪੁੱਛਿਆ, ਤੂੰ ਹੈ ਕੌਣ? ਕਹਿਣ ਲੱਗਾ- ਸਤਿਗੁਰੂ ! ਜੇਹਲਮ ਦੇ ਇਲਾਕੇ ਦਾ ਰਹਿਣ ਵਾਲਾ ਹਾਂ। ਨਾਮ ਮੇਰਾ ਸੋਮਾ ਹੈ। ਗੁਰੂ ਜੀ ਕਹਿੰਦੇ ਹਨ ਕਿ ਸੱਚ ਦੱਸੀਂ ਆਇਆ ਕਿਵੇਂ ਸੀ? ਕਹਿੰਦਾ ਪੇਟ ਦੀ ਭੁੱਖ ਨੂੰ ਦੂਰ ਕਰਨ ਲਈ। ਸੱਚ ਜਾਣਨਾ, ਆਪਣੀ ਰੋਜ਼ੀ ਚਲਾਉਣ ਲਈ ਦਿਹਾੜੀਆਂ ਕਰਨ ਆਇਆ ਸਾਂ। ਹਜ਼ੂਰ ਨੇ ਖੀਸੇ ਵਿਚੋਂ ਮਾਇਆ ਕੱਢੀ। ਕਹਿਣ ਲੱਗੇ ਸੋਮਿਆ ! ਹੱਥ ਕਰ। ਹੱਥ ਦੀ ਤਲੀ ਅੱਗੇ ਕੀਤੀ। ਗੁਰੂ ਰਾਮਦਾਸ ਕ੍ਰਿਪਾਲੂ ਜੀ ਨੇ ਹੱਥ ਦੀ ਤੱਲੀ 'ਤੇ ਰੱਖੀ ਮਾਇਆ ਤੇ ਹੱਥ ਦੀ ਮੁੱਠ ਮੀਟ ਕੇ ਕਹਿਣ ਲੱਗੇ, ਸੋਮਾ ਸ਼ਾਹ। ਸੰਗਤ ਖਲੋਤੀ ਸੀ। ਸੋਮਾ ਸ਼ਾਹ ਨਾਲ ਕਹਿ ਦਿੱਤਾ, ਗੁਰੂ ਕਾ ਸ਼ਾਹ। ਇਹ ਸਾਡਾ ਬਣਾਇਆ ਹੋਇਆ ਸ਼ਾਹ ਹੈ। ਸੋਮਾ ਸ਼ਾਹ ਤੇ ਤੀਜਾ ਸ਼ਬਦ ਕਿਹਾ ਬੇਪਰਵਾਹ। ਤੈਨੂੰ ਕਿਸੇ ਦੀ ਪਰਵਾਹ ਨਹੀਂ। ਛਾਬੜੀ ਲਾਉਣ ਵਾਲੇ ਨੂੰ ਕਿਹਾ ਜਾ ਤੈਨੂੰ ਸ਼ਾਹ ਬਣਾ ਦਿੱਤਾ। ਪਰ ਜਦੋਂ ਮੱਥਾ ਟੇਕਿਆ ਤਾਂ ਕਹਿੰਦਾ ਹੈ ਦਾਤਾ ਜੀ ! ਮੈਂ ਤੇਰੇ ਦਰ 'ਤੇ ਰਹਿਣਾ ਪਸੰਦ ਕਰਦਾ ਹਾਂ। ਹਜ਼ੂਰ ਕਹਿੰਦੇ ਹਨ, ਸਰੀਰਕ ਦੂਰੀਆਂ ਗੁਰੂ ਤੋਂ ਦੂਰ ਨਹੀਂ ਲਿਜਾਂਦੀਆਂ। ਜਾ ਗੁਰੂ ਕੇ ਸ਼ਾਹ, ਕਿਰਤ ਕਰ, ਤੇਰੀ ਬਰਕਤ ਪਏਗੀ। ਤੁਰਨ ਲੱਗਿਆ ਪਰ ਇਕ ਗੱਲ ਕਹੀ ਸੋਮਿਆ ! ਐਹ ਗੁਰੂ ਕੇ ਸ਼ਾਹ ਜਿਸ ਦਰ ਤੋਂ ਰਹਿਮਤਾਂ ਮਿਲੀਆਂ ਹਨ, ਇਸ ਦਰ ਨੂੰ ਕਦੇ ਭੁਲਿਉਂ ਨਾ। ਸ਼ਾਹੀ ਕਾਇਮ ਰਹੇਗੀ। ਅੱਜ ਤੀਕਰ ਸੋਮੇ ਦੇ ਪਰਿਵਾਰ ਦੇ ਜੀਅ ਜਿਥੇ ਵੀ ਬੈਠੇ ਹਨ, ਸੱਚ ਜਾਣਨਾ, ਉਹ ਸ਼ਾਹ ਹੀ ਹਨ। ਕਿਉਂਕਿ ਗੁਰੂ ਰਾਮਦਾਸ ਉਹ ਅੰਦਰ ਦੀ ਦਲਿਦਰਤਾ ਚੁੱਕਦੇ ਹਨ। ਅੰਦਰ ਦੇ ਹਨੇਰੇ ਨੂੰ ਖ਼ਤਮ ਕਰਦੇ ਹਨ।

ਅੱਜ ਭੱਟ ਜੀ ਨੇ ਬਹੁਤ ਪਿਆਰੇ ਬਚਨ ਕਹੇ। ਪਹਿਲਾ ਬਚਨ ਉਹਨਾਂ ਕੀਤਾ-

ਜਿਹ ਸਤਿਗੁਰ ਸਿਮਰੰਤ

ਜਿਸ ਸਤਿਗੁਰੂ ਨੂੰ ਸਿਮਰ ਕੇ, ਜਿਸ ਗੁਰੂ ਨੂੰ ਚੇਤੇ ਕਰਕੇ

ਨਯਨ ਕੇ ਤਿਮਰ ਮਿਟਹਿ ਖਿਨੁ ॥

ਨਯਨ ਦਾ ਅੱਖਰੀ ਅਰਥ ਹੈ ਅੱਖਾਂ। ਇਥੇ ਨਯਨ ਦਾ ਅਰਥ ਕਰਾਂਗੇ ਅੰਦਰ ਵਾਲੀਆਂ ਅੱਖਾਂ। ਜਿਸ ਗੁਰੂ ਨੂੰ ਚੇਤੇ ਕਰਕੇ ਇਥੇ ਹੁਣ ਅਸੀਂ ਗੁਰੂ ਰਾਮਦਾਸ ਨਹੀਂ ਜੇ ਕਹਿਣਾ। ਉਹ ਕੇਵਲ ਬੁਝਾਰਤ ਪਾਈ ਜਾਂਦੇ ਹਨ।

ਜਿਹ ਸਤਿਗੁਰ ਸਿਮਰੰਤ

ਜਿਸ ਸਤਿਗੁਰੂ ਨੂੰ ਸਿਮਰ ਕੇ

ਨਯਨ ਕੇ ਤਿਮਰ ਮਿਟਹਿ ਖਿਨੁ ॥

ਇਕ ਖਿਨ ਦੇ ਵਿਚ ਅੱਖਾਂ ਦਾ ਅੰਧੇਰਾ ਮਿਟ ਜਾਂਦਾ ਹੈ।

ਜਿਹ ਸਤਿਗੁਰ ਸਿਮਰੰਥਿ

ਜਿਸ ਗੁਰੂ ਨੂੰ ਸਿਮਰ ਕੇ ਕਹਿਣ ਲੱਗੇ

ਰਿਦੈ ਹਰਿ ਨਾਮੁ ਦਿਨੋ ਦਿਨੁ॥

ਦਿਨ ਦਿਨ ਕਰਕੇ ਅੰਦਰ ਨਾਮ ਦਾ ਰੰਗ ਚੜ੍ਹਦਾ ਹੈ। ਦਿਨ ਦਿਨ ਕਰਕੇ ਅੰਦਰ ਨਾਮ ਦਾ ਖੰਡਾ ਖੜਕਦਾ ਹੈ। ਦਿਨ ਦਿਨ ਕਰਕੇ ਅੰਦਰ ਚੜ੍ਹਦੀ ਕਲਾ ਬਣਦੀ ਹੈ। ਪਿਆਰਿਓ ! ਹਰ ਸਾਲ ਗੁਰਪੁਰਬ ਮਨਾਉਂਦੇ ਹਾਂ, ਪਰ ਗੁਰੂ ਨੂੰ ਤਾਂ ਨਹੀਂ ਨਾ ਮਨਾਉਂਦੇ। ਅਸੀਂ ਬਾਬੇ ਨਾਨਕ ਦਾ ਗੁਰਪੁਰਬ ਮਨਾਉਂਦੇ ਹਾਂ। ਬਾਬੇ ਨਾਨਕ ਨੂੰ ਕਿੰਨੇ ਮਨਾਇਆ? ਜੇ ਅਸੀਂ ਹਰ ਸਾਲ ਖਾਲਸੇ ਦਾ ਸਿਰਜਨਾ ਦਿਵਸ ਮਨਾਉਂਦੇ ਹਾਂ, ਪਰ ਗੁਰੂ ਗੋਬਿੰਦ ਸਿੰਘ ਜੀ ਨੂੰ ਕਿੰਨੇ ਮਨਾਇਆ? ਹਰ ਸਾਲ ਕਦੀ ਆਪਣੀ ਆਤਮਿਕ ਉੱਨਤੀ ਵੱਲ ਝਾਤੀ ਮਾਰੀਏ। ਮੈਂ ਕਿੰਨੀ ਕੁ ਆਤਮਿਕ ਤਰੱਕੀ ਹਰ ਸਾਲ ਕੀਤੀ। ਤੇ ਜੇ ਨਹੀਂ ਕੀਤੀ ਤਾਂ ਅੰਦਰ ਪੜਚੋਲ ਕਰੀਏ ਕਿ ਮੇਰੀ ਉੱਨਤੀ ਨਾ ਹੋਣ ਦਾ ਕਾਰਣ ਕੀ ਹੈ। ਕਹਿੰਦੇ ਹਨ ਕਿ ਗੁਰੂ ਨੂੰ ਚੇਤੇ ਕਰੀਏ ਤਾਂ ਨਾਮ ਦੀ ਬਰਕਤ ਹੋਰ ਪੈਣੀ ਚਾਹੀਦੀ ਹੈ।

ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ॥

ਕਹਿਣ ਲੱਗੇ-

ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ॥

ਜਿਸ ਗੁਰੂ ਨੂੰ ਚੇਤੇ ਕਰੀਏ ਤਾਂ ਅੰਦਰ ਦੀ ਤਪਸ਼ ਮਿਟਦੀ ਹੈ। ਦਿਨੋ ਦਿਨ ਨਾਮ ਦਾ ਰੰਗ ਚੜ੍ਹਦਾ ਹੈ। ਇਹ ਦਿਨ ਦੁਗਣੀ ਰਾਤ ਚੌਗਣੀ ਉੱਨਤੀ ਕਰਦਾ ਹੈ। ਪਿਆਰਿਓ ! ਫਿਰ ਜੀਅ ਦੀ ਤਪਤਿ ਜਿੰਦ ਸਾੜਦੀ ਪਈ ਹੈ। ਬਾਹਰੋਂ ਭਾਵੇਂ ਜਿਤਨੇ ਮਰਜ਼ੀ ਪੱਖੇ ਚਲਾ ਲਈਏ, ਗੁਰੂ ਦੇ ਨਾਮ ਤੋਂ ਬਿਨਾਂ ਬਰਫ ਵਿਚ ਬੈਠੇ ਵੀ ਤਪੀ ਜਾਂਦੇ ਹਾਂ। ਜੀਅ ਤਪਦਾ ਹੈ, ਜਿੰਦ ਤਪਦੀ ਹੈ, ਕਾਰਣ ਇਹਦਾ ਇਕੋ ਹੈ-

ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥

(ਅੰਗ ੬੬੧)

ਕਿਉਂ ਜਿੰਦ ਤਪਦੀ ਹੈ।

ਤਿਤੁ ਸਰਵਰੜੈ ਭਈਲੇ ਨਿਵਾਸਾ॥

(ਅੰਗ ੩੫੭)

ਜਿਥੇ ਅਸੀਂ ਕਹਿੰਦੇ ਹਾਂ-

ਪਾਣੀ ਪਾਵਕੁ ਤਿਨਹਿ ਕੀਆ॥

ਇਥੇ ਪਾਣੀ ਦੀ ਥਾਂ 'ਤੇ ਅੱਗ ਦੀਆਂ ਲਪਟਾਂ ਹਨ, ਕਿਉਂ ਜਿੰਦ ਤਪਦੀ ਹੈ। ਅੰਦਰ ਤਪਦਾ ਹੈ। ਮੇਰੇ ਕ੍ਰਿਪਾਲੂ ਦਾਤਾ ਜੀ ਨੇ ਇਥੋਂ ਤੱਕ ਤਾਂ ਬਾਣੀ ਵਿਚ ਕਿਹਾ ਹੈ ਕਿ ਚੰਦਰਮਾ ਦੀ ਚਾਨਣੀ ਵੀ ਤੈਨੂੰ ਠੰਡ ਨਹੀਂ ਦੇ ਸਕਦੀ। ਸੱਚ ਜਾਣੀ, ਜੇ ਨਾਮ ਤੋਂ ਟੁੱਟ ਜਾਈਏ ਤਾਂ ਚੰਦਨ ਦੇ ਲੇਪਨ ਕਰਕੇ ਵੀ ਠੰਡ ਨਹੀਂ ਮਿਲਦੀ। ਤੂੰ ਠੰਡ ਲੈਣ ਆਇਆ ਹੈਂ। ਜਿਸ ਗੁਰੂ ਨੂੰ ਚੇਤਿਆਂ ਜਿੰਦ ਦੀ ਤਪਸ਼ ਮਿੱਟਦੀ ਹੈ। ਜੇ ਠੰਡੇ ਮੌਸਮ ਵਿਚ ਚਲੇ ਜਾਈਏ ਤਾਂ ਅੰਦਰ ਦੀ ਤਪਸ਼ ਨਹੀਂ ਮਿਟਣੀ। ਤੇਰੇ ਅੰਦਰ ਦੀ ਠੰਡ ਤਾਂ ਆਵੇਗੀ ਜੇ ਕਿਤੇ ਬੰਦਗੀ ਕਰਨ ਵਾਲਿਆਂ ਦੀ ਸੰਗਤ ਵਿਚ ਬੈਠੇਂ। ਗੁਰੂ ਅਰਜਨ ਦੇਵ ਜੀ ਨੇ ਇਕ ਹੋਰ ਬਚਨ ਕਹਿ ਦਿੱਤਾ। ਕਹਿਣ ਲੱਗੇ-

ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ॥

....

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥

(ਅੰਗ ੨੦੯)

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ॥

(ਅੰਗ ੧੦੩)

ਜਿਸਨੇ ਦਰਸ਼ਨ ਪਾਇਆ।

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ॥

(ਅੰਗ ੯੬੪)

ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ॥

ਜਿਸ ਗੁਰੂ ਨੂੰ ਚੇਤੇ ਕੀਤਿਆਂ ਰਿਧੀਆਂ, ਸਿਧੀਆਂ ਪ੍ਰਾਪਤ ਹੁੰਦੀਆਂ ਹਨ। ਹੁਣ ਇਥੋਂ ਤੱਕ ਸਨ ਚਾਰ ਤੁੱਕਾਂ। ਤੇ ਜਗਿਆਸੂ ਪੁੱਛਦਾ ਹੈ ਕਿ ਉਹ ਕਿਹੜਾ ਗੁਰੂ ਹੈ? ਭੱਟ ਜੀ ਕਹਿੰਦੇ ਹਨ ਕਿ ਉਹ ਗੁਰੂ ਪਤਾ ਹੈ ਕਿਹੜਾ ਹੈ-

ਸੋਈ ਰਾਮਦਾਸੁ ਗੁਰ ਬਲ੍ਯ ਭਣਿ

ਕਹਿਣ ਲੱਗੇ ਉਹ ਹੈ ਮੇਰਾ ਗੁਰੂ ਰਾਮਦਾਸ। ਉਹ ਮੇਰਾ ਸੋਢੀ ਸੁਲਤਾਨ ਗੁਰੂ ਰਾਮਦਾਸ, ਜਿਸਨੇ-

ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ॥
ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਗੁਰੂ ਕਹਾਵੈ॥

ਸੋਈ ਰਾਮਦਾਸ ਗੁਰੁ ਬਲ੍ ਭਣਿ

ਉਹ ਗੁਰੂ ਰਾਮਦਾਸ ਹੈ। ਬਲ੍ ਦਾ ਅਰਥ ਹੁੰਦਾ ਹੈ ਉਚਾਰਣ ਕਰਨਾ। ਕਹਿੰਦੇ ਹਨ ਕਿ ਬਲ ਭੱਟ ਤੁਹਾਨੂੰ ਦੁਹਾਈ ਦੇ ਕੇ ਕਹਿੰਦਾ ਹੈ-

ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥

ਕਹਿੰਦੇ ਹਨ ਹੇ ਸਾਧ ਸੰਗਤ ਜੀ ! ਮਿਲ ਕੇ ਕਹੋ ਗੁਰੂ ਰਾਮਦਾਸ ਧੰਨ ਹੈ। ਤੇ ਸਾਧ ਸੰਗਤ, ਇਹ ਦਾਤਾਂ ਤੁਹਾਨੂੰ ਮਿਲ ਸਕਦੀਆਂ ਹਨ-

ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥

ਗੁਰੂ ਨੂੰ ਕਹੋ ਤੂੰ ਧੰਨ ਹੈਂ। ਪਿਆਰਿਓ ! ਜਿੰਨੀਆਂ ਸਿਫਤਾਂ ਉਚੇਰੀਆਂ ਕਰੀਏ, ਉਹਦੇ ਗੁਣ ਅੰਦਰ ਆ ਜਾਂਦੇ ਹਨ। ਜਿਸ ਦਾ ਰੋਜ਼ ਚਿੰਤਨ ਕਰੋਗੇ, ਜਿਸਨੂੰ ਧੰਨ ਕਹੋਗੇ, ਧੰਨ ਕਹਿਣ ਵਾਲਾ ਸਾਡੇ ਹਿਰਦੇ ਵਿਚ ਪ੍ਰਵੇਸ਼ ਕਰ ਜਾਏਗਾ।

ਜਿਹ ਸਤਿਗੁਰ ਲਗਿ ਪ੍ਰਭੁ ਪਾਈਐ
ਸੋ ਸਤਿਗੁਰੁ ਸਿਮਰਹੁ ਨਰਹੁ ॥ ੫ ॥ ੫੪ ॥

ਜਿਸ ਗੁਰੂ ਰਾਮਦਾਸ ਜੀ ਦੇ ਚਰਨਾਂ ਨਾਲ ਲੱਗ ਕੇ ਰੱਬ ਮਿਲ ਜਾਂਦਾ ਹੈ। ਉਹ ਪ੍ਰਮਾਤਮਾ ਨੂੰ ਮਿਲਾਉਂਦੇ ਹਨ, ਉਸ ਗੁਰੂ ਰਾਮਦਾਸ ਨੂੰ ਸਿਮਰੋ, ਜਿਸਦੇ ਚਰਨ ਪਕੜ ਕੇ ਪ੍ਰਮਾਤਮਾ ਦੀ ਦਾਤ ਮਿਲਦੀ ਹੈ। ਜਿਹੜਾ ਰੱਬ ਨੂੰ ਮਿਲਾ ਦੇਂਦਾ ਹੈ, ਉਸ ਗੁਰੂ ਰਾਮਦਾਸ ਜੀ ਨੂੰ ਧੰਨ ਕਹੀਏ। ਆਪਣੇ ਗੁਰੂ ਰਾਮਦਾਸ ਜੀ ਨੂੰ ਪੁਕਾਰੀਏ। ਗੁਰੂ ਰਾਮਦਾਸ ਕਿਰਪਾ ਕਰਨ ਕਿਤੇ ਉਹ ਪਿਆਰ, ਕਿਤੇ ਉਹ ਰਹਿਮਤ, ਕਿਤੇ ਤਪਦੇ ਹੋਏ ਅੰਦਰ ਸ਼ਾਂਤ ਹੋ ਜਾਣ। ਭੁੱਲਾਂ ਚੁੱਕਾਂ ਦੀ ਛਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★